

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 38
January 2, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




## ਭਾਰਤ ਨਾਲ ਮਜ਼ਬੂਤ ਸਬੰਧਾਂ ਵਾਲੇ ਬਿੱਲ 'ਤੇ ਰਾਸ਼ਟਰਪਤੀ ਟਰੰਪ ਨੇ ਮੋਹਰ ਲਗਾਈ

**ਵਾਸ਼ਿੰਗਟਨ (ਬਿਊਰੋ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਿੰਦ-ਪ੍ਰਸ਼ਾਂਤ ਖਿੱਤੇ ਵਿਚ ਭਾਰਤ ਨਾਲ ਬਹੁਪੱਖੀ ਸਬੰਧਾਂ ਦੀ ਮਜ਼ਬੂਤੀ ਅਤੇ ਖਿੱਤੇ ਵਿਚ ਆਪਣੀ ਅਗਵਾਈ ਮਜ਼ਬੂਤ ਕਰਨ ਲਈ ਇੱਕ ਬਿੱਲ 'ਤੇ ਮੋਹਰ ਲਗਾ ਦਿੱਤੀ ਹੈ। ਉਨ੍ਹਾਂ ਚੀਨ ਦੀਆਂ ਗਤੀਵਿਧੀਆਂ ਨੂੰ ਨਿਯਮ-ਆਧਾਰਿਤ ਕੌਮਾਂਤਰੀ ਪ੍ਰਣਾਲੀ ਨੂੰ ਕਮਜ਼ੋਰ ਬਣਾਉਣ ਵਾਲਾ ਦੱਸਿਆ। ਭਾਰਤ-ਪ੍ਰਸ਼ਾਂਤ ਖਿੱਤੇ ਵਿਚ ਸ਼ਾਂਤੀ ਅਤੇ ਸੁਰੱਖਿਆ ਨੂੰ ਹੱਲਾਸ਼ੇਰੀ ਦੇਣ ਵਿਚ ਅਮਰੀਕਾ ਅਤੇ ਭਾਰਤ ਵਿਚਾਲੇ ਕੂਟਨੀਤਕ ਸਾਂਝ ਦੀ ਮਹੱਤਵਪੂਰਨ ਭੂਮਿਕਾ ਨੂੰ ਸਵੀਕਾਰ ਕਰਦਿਆਂ ਬਿੱਲ ਦੀ ਧਾਰਾ 2014 ਦੋਵਾਂ ਮੁਲਕਾਂ ਵਿਚ ਕੂਟਨੀਤਕ, ਆਰਥਿਕ ਅਤੇ ਸੁਰੱਖਿਆ ਸਬੰਧਾਂ ਨੂੰ ਮਜ਼ਬੂਤ ਅਤੇ ਵਿਆਪਕ ਬਣਾਉਂਦੀ ਹੈ। ਬਿਆਨ ਵਿਚ ਟਰੰਪ ਨੇ ਅਮਰੀਕਾ ਦੀ ਤਾਕਤ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਵਿਚ ਕਾਂਗਰਸ ਦਾ ਉਦੇਸ਼ ਸਾਂਝਾ ਕੀਤਾ ਪਰ ਬਾਹਰੀ, ਫ਼ੌਜੀ ਅਤੇ ਵਿਦੇਸ਼ੀ ਮਾਮਲਿਆਂ ਵਿਚ ਅਮਰੀਕਾ ਦੀ ਨੀਤੀ ਨੂੰ ਨਿਰਧਾਰਿਤ ਕਰਨ ਜਾਂ



ਕੌਮਾਂਤਰੀ ਸਹਿਯੋਗੀਆਂ ਨਾਲ ਕੁਝ ਕੂਟਨੀਤਕ ਪਹਿਲ ਕਰਨ ਲਈ ਕਾਰਜਕਾਰੀ ਸ਼ਾਖਾ ਦੀ ਜ਼ਰੂਰਤ ਸਬੰਧੀ ਕਾਂਗਰਸ ਦੀਆਂ ਸਿਫਾਰਸ਼ਾਂ ਨੂੰ ਮੰਨਣ ਦੀ ਗਾਰੰਟੀ ਨਹੀਂ ਦਿੱਤੀ। ਐਕਟ 2005 ਦੇ 'ਯੂਐਸ-ਇੰਡੀਆ ਡਿਫੈਂਸ ਰਿਲੇਸ਼ਨਸ਼ਿਪ', 'ਡਿਫੈਂਸ ਟੈਕਨਾਲੋਜੀ ਐਂਡ ਟਰੇਡ ਇਨੀਸ਼ੀਏਟਿਵ' (2012) ਦੀ ਨਵੀਂ ਰੂਪਰੇਖਾ, ਹਿੰਦ- ਪ੍ਰਸ਼ਾਂਤ ਅਤੇ ਹਿੰਦ ਮਹਾਸਾਗਰ ਖਿੱਤੇ ਲਈ 2015 ਦੇ ਸੰਯੁਕਤ ਕੂਟਨੀਤਕ ਦ੍ਰਿਸ਼ਟੀਕੋਣ ਅਤੇ ਸਾਂਝੇਦਾਰੀ ਰਾਹੀਂ ਖੁਸ਼ਹਾਲੀ ਉੱਤੇ 2017 ਦੇ ਸਾਂਝੇ ਦ੍ਰਿਸ਼ਟੀਕੋਣ ਦੀ ਪ੍ਰਤੀਬੱਧਤਾ ਨੂੰ ਦਹੁਰਾਉਂਦਾ ਹੈ।

ਇਧਰ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਨਵੇਂ ਸਾਲ ਮੌਕੇ ਦਿੱਤੇ ਆਪਣੇ ਭਾਸ਼ਣ ਵਿਚ ਆਖਿਆ ਕਿ ਉਨ੍ਹਾਂ ਦਾ ਮੁਲਕ ਅਮਰੀਕਾ ਨਾਲ ਚੰਗੇ ਰਿਸ਼ਤੇ ਕਾਇਮ ਕਰਨਾ ਚਾਹੁੰਦਾ ਹੈ ਪਰ ਜੇ ਆਰਥਿਕ ਪਾਬੰਦੀਆਂ ਨਾ ਚੁੱਕੀਆਂ ਗਈਆਂ ਤਾਂ ਉਸ ਦਾ ਮਨ ਬਦਲ ਵੀ ਸਕਦਾ ਹੈ। ਪਿਛਲੇ ਸਾਲ ਜੂਨ ਮਹੀਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਸਿਖਰ ਵਾਰਤਾ ਦੌਰਾਨ ਦੋਵਾਂ ਆਗੂਆਂ ਨੇ ਕੋਰਿਆਈ ਪ੍ਰਾਇਦੀਪ ਨੂੰ ਪਰਮਾਣੂ ਹਥਿਆਰਾਂ ਤੋਂ ਮੁਕਤ ਕਰਨ ਦਾ ਅਹਿਦ ਲਿਆ ਸੀ।

## ਭੀਮਾ ਕੋਰੇਗਾਓਂ ਵਰ੍ਹੇਗੰਢ ਮੌਕੇ ਸਖਤ ਸੁਰੱਖਿਆ ਪ੍ਰਬੰਧ ਕੀਤੇ

**ਪੁਣੇ (ਬਿਊਰੋ)-** ਹਜ਼ਾਰਾਂ ਲੋਕਾਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਦਲਿਤਾਂ ਦੀ ਸੀ, ਨੇ ਇਥੇ ਭੀਮਾ ਕੋਰੇਗਾਓਂ ਲੜਾਈ ਦੀ 201ਵੀਂ ਵਰ੍ਹੇਗੰਢ ਮੌਕੇ 'ਵਿਜੈ ਸਤੰਭ' ਯਾਦਗਾਰ 'ਤੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਇਕੱਤਰ ਹੋ ਕੇ ਸ਼ਰਧਾਂਜਲੀ ਦਿੱਤੀ। ਪਿਛਲੇ ਸਾਲ ਲੜਾਈ ਦੀ 200ਵੀਂ ਵਰ੍ਹੇਗੰਢ ਮੌਕੇ ਹੋਏ ਇਕੱਠ ਦੌਰਾਨ ਹੋਈ ਹਿੰਸਾ ਵਿਚ ਇਕ ਵਿਅਕਤੀ ਹਲਾਕ ਤੇ ਕਈ ਹੋਰ ਜ਼ਖ਼ਮੀ ਹੋ ਗਏ ਸਨ। ਸੰਨ 1818 ਵਿੱਚ ਲੜੀ ਗਈ ਇਹ ਲੜਾਈ ਦਲਿਤ ਇਤਿਹਾਸ ਵਿੱਚ ਅਹਿਮ ਥਾਂ ਰੱਖਦੀ ਹੈ। ਪੁਲਿਸ ਮੁਤਾਬਕ ਪਰਨੇ ਪਿੰਡ, ਜਿੱਥੇ ਜੰਗੀ ਯਾਦਗਾਰ ਸਥਿਤ ਹੈ, ਦੇ ਆਲੇ ਦੁਆਲੇ ਪੰਜ ਹਜ਼ਾਰ ਪੁਲੀਸ ਅਮਲੇ ਦੇ ਮੈਂਬਰਾਂ ਸਮੇਤ 1200 ਹੋਮ ਗਾਰਡ ਦੇ ਜਵਾਨ, ਰਾਜ ਰਿਜ਼ਰਵ ਪੁਲੀਸ ਫੋਰਸ ਦੀਆਂ 12 ਕੰਪਨੀਆਂ ਤੇ ਦੋ ਹਜ਼ਾਰ ਦੇ ਕਰੀਬ ਦਲਿਤ ਵਲੰਟੀਅਰ ਸੁਰੱਖਿਆ ਡਿਊਟੀ 'ਤੇ ਤਾਇਨਾਤ ਰਹੇ। 'ਵਿਜੈ ਸਤੰਭ' ਭੀਮਾ ਕੋ-ਰੇਗਾਓਂ ਦੀ ਲੜਾਈ ਵਿੱਚ



ਮਾਰੇ ਗਏ ਸਿਪਾਹੀਆਂ ਦੀ ਯਾਦ ਵਿੱਚ ਬ੍ਰਿਟਿਸ਼ ਸਰਕਾਰ ਵੱਲੋਂ ਸਥਾਪਤ ਕੀਤੀ ਗਈ ਸੀ। ਸੁਰੱਖਿਆ ਕਰਮੀਆਂ ਦੀ ਵੱਡੀ ਗਿਣਤੀ ਵਿੱਚ ਤਾਇਨਾਤੀ ਦੇ ਨਾਲ ਹੀ ਥਾਂ ਥਾਂ 'ਤੇ ਪੰਜ ਸੌ ਸੀਸੀਟੀਵੀ ਕੈਮਰੇ, 11 ਡਰੋਨ ਕੈਮਰੇ ਤੇ 40 ਵੀਡੀਓ ਕੈਮਰੇ ਖੇਤਰ ਦੀ ਨਿਗਰਾਨੀ ਵਿੱਚ ਲੱਗੇ ਰਹੇ। ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਪੁਣੇ ਜ਼ਿਲ੍ਹੇ ਦੀ ਸਰਹੱਦ 'ਤੇ ਪੁਲਿਸ ਨਾਕੇ ਵੀ ਲਾਏ ਗਏ। ਇਹੀ ਨਹੀਂ ਪਰਨੇ ਪਿੰਡ ਅਤੇ ਆਲੇ ਦੁਆਲੇ ਇੰਟਰਨੈੱਟ ਸੇਵਾਵਾਂ ਵੀ ਠੱਪ ਰੱਖੀਆਂ ਗਈਆਂ।


ਦੇਸ਼ ਦੁਆਬਾ

2019

ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ

Prem Kumar Chumber 916-947-8920


ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਿਆਂ ਅਤੇ ਸਮੁੱਚੀ ਸਿੱਖ ਕੌਮ ਨੂੰ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਦੁਆ ਕਰਦੇ ਹਾਂ ਕਿ ਨਵਾਂ ਸਾਲ ਤੁਹਾਡੇ ਜੀਵਨ ਵਿਚ ਖੁਸ਼ੀਆਂ-ਖੇੜੇ ਲੈ ਕੇ ਆਵੇ ਅਤੇ ਆਲਮੀ ਪੱਧਰ ਤੇ ਮਨੁੱਖਤਾ ਸ਼ਾਂਤੀ-ਸਹਿਹੋਂਦ ਨਾਲ ਵੱਸੇ।

## ਮਾਇਆਵਤੀ ਦੀ ਪਹਿਲ 'ਤੇ 'ਸਿਆਸਤ ਤੋਂ ਪ੍ਰੇਰਿਤ' ਕੇਸ ਵਾਪਸ ਹੋਣਗੇ

**ਭੋਪਾਲ (ਬਿਊਰੋ)-** ਮੱਧ ਪ੍ਰਦੇਸ਼ ਸਰਕਾਰ ਨੇ ਕਿਹਾ ਕਿ ਇਸ ਵੱਲੋਂ ਪਿਛਲੀ ਭਾਜਪਾ ਸਰਕਾਰ ਵੱਲੋਂ 'ਸਿਆਸਤ ਤੋਂ ਪ੍ਰੇਰਿਤ' ਦਰਜ ਕੀਤੇ ਗਏ ਸਾਰੇ ਕੇਸ ਵਾਪਸ ਲਏ ਜਾਣਗੇ। ਇਹ ਕਦਮ ਬਸਪਾ ਸੁਪਰੀਮੋ ਮਾਇਆਵਤੀ ਵੱਲੋਂ ਪਿਛਲੇ ਸਾਲ 2 ਅਪਰੈਲ ਨੂੰ 'ਭਾਰਤ ਬੰਦ' ਮੌਕੇ ਬੇਕਸੂਰ ਵਿਅਕਤੀਆਂ ਖਿਲਾਫ਼ ਦਰਜ ਕੀਤੇ ਗਏ ਕੇਸ ਵਾਪਸ ਨਾ ਲੈਣ 'ਤੇ ਮੱਧ ਪ੍ਰਦੇਸ਼ ਸਰਕਾਰ ਤੇ ਰਾਜਸਥਾਨ ਨੂੰ ਬਾਹਰੋਂ



ਹਮਾਇਤ ਦੇਣ ਦੇ ਫ਼ੈਸਲੇ ਬਾਰੇ ਮੁੜ ਵਿਚਾਰ ਕਰਨ ਦੀ ਦਿੱਤੀ ਚਿਤਾਵਨੀ ਤੋਂ ਬਾਅਦ ਚੁੱਕਿਆ ਗਿਆ ਹੈ। ਇਸ ਬੰਦ ਕਾਰਨ ਮੱਧ ਪ੍ਰਦੇਸ਼ ਦੇ ਕਈ ਹਿੱਸਿਆਂ ਵਿਚ ਹੋਈ ਹਿੰਸਾ ਵਿਚ 8 ਵਿਅਕਤੀ ਮਾਰੇ ਗਏ ਸਨ ਜੋ ਮੁੱਖ ਤੌਰ 'ਤੇ ਦਲਿਤ ਸਮਾਜ ਨਾਲ ਸਬੰਧਤ ਸਨ। ਸੂਬੇ ਦੇ ਕਾਨੂੰਨ ਅਤੇ ਵਿਧਾਨਕ ਮਾਮਲਿਆਂ ਬਾਰੇ ਮੰਤਰੀ ਪੀ ਸੀ ਸ਼ਰਮਾ ਨੇ ਦੱਸਿਆ,'ਅਸੀਂ ਪਿਛਲੀ ਭਾਜਪਾ ਸਰਕਾਰ ਵੱਲੋਂ ਮੱਧ ਪ੍ਰਦੇਸ਼ ਵਿਚ ਪਿਛਲੇ 15 ਸਾਲਾਂ ਵਿਚ ਕਾਂਗਰਸ, ਸਮਾਜਵਾਦੀ ਪਾਰਟੀ, ਬਸਪਾ, ਖੱਬੀਆਂ ਪਾਰਟੀਆਂ, ਨਰਮਦਾ ਬਚਾਓ ਅੰਦੋਲਨ ਦੇ ਕਾਰਕੁਨਾਂ, ਕਿਸਾਨਾਂ, ਮੁਲਾਜ਼ਮਾਂ ਤੇ ਪੱਤਰਕਾਰਾਂ ਖਿਲਾਫ਼ ਸਿਆਸਤ ਤੋਂ ਪ੍ਰੇਰਿਤ ਹੋ ਕੇ ਦਰਜ ਕੀਤੇ ਗਏ ਕੇਸ ਵਾਪਸ ਲੈ ਰਹੇ ਹਾਂ।'




MANDEEP SANDHU

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਰ ਚਾਰ।
ਕਿ ਬਾਕੀ ਬਮਾਂਦਸਤ ਪੇਚੀਦਰ ਮਾਰ।



# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



Late
Sh. Lahori Ram
Comissioner

## ਨਵਾਂ ਸਾਲ 2019 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ




## ਸਵਰਗਵਾਸੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।



# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਮਾਸਟਰ ਗੁਰਦਿੱਤ ਸਿੰਘ ਜਲਵੇਹੜਾ

## ਨਵਾਂ ਸਾਲ 2019 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ




ਮਾਸਟਰ ਗੁਰਦਿੱਤ ਸਿੰਘ ਜਲਵੇਹੜਾ ਯਾਦਗਾਰੀ ਸਟੇਡੀਅਮ



ਸ. ਅਵਤਾਰ ਸਿੰਘ ਡੌਡ ਅਤੇ ਉਹਨਾਂ ਦਾ ਪਰਿਵਾਰ

# S. Avtar Singh Dodd and his family

# Sri Guru Ravidass Temple, Pittsburg celebrates New Year's Eve

Pittsburg-New Year's Eve was celebrated at Sri Guru Ravidass Temple, Pittsburg in-welcoming the year 2019. Jathas of Bhai Suveg Singh, Giani GurnamSingh/Ompal Singh and Giani Harjinder Singh Rasia did Gurbani Shabad Kirtan.Famous Punjabi singer, Anoop Singh Cheema mesmerized entire Sangat with hismelodious voice. Jassi Rasia played TABLA with the singers. Once again,the rising young devotees; Gurpreet Singh, Rayman Singh, Lovleen Kaur andKashika did the Shabad Kirtan. Founding member Mr.O.P. Balley greeted andwished Sangat a very happy new year

The langar and sweets were served throughout the day until 1:00 AM of theNew Year. Inspite of very cold evening, Sangat came to Gurughar to get GuruJi's blessing and absorb the positive energy. We relished the feeling oflove, happiness and harmony. May Waheguru Bless all His Sangat with goodhealth, wealth and peace.(Reports: Ramesh Suman Chairman)


















# ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਪਾਕਿਸਤਾਨ ਦਾ ਕੀਤਾ ਧੰਨਵਾਦ

**ਨਿਊਯਾਰਕ ( ਹੁਸਨ ਲੜੋਆ ਬੰਗਾ)** ਪਿਛਲੇ ਕਈ ਦਹਾਕਿਆਂ ਤੋਂ ਸਿੱਖ ਕੌਮ ਦੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣ ਦੀ ਮੰਗ ਨੂੰ ਪਾਕਿਸਤਾਨ ਨੇ ਪਹਿਲਕਦਮੀ ਕਰਦਿਆਂ ਅਮਲੀ ਜਾਮਾ ਪਹਿਨਾ ਕੇ ਸਮੁੱਚੀ ਸਿੱਖ ਕੌਮ ਦਾ ਦਿਲ ਜਿੱਤ ਲਿਆ ਹੈ, ਇਸੇ ਸਦਕਾ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੀ ਅਗਵਾਈ ਹੇਠ ਸਿੱਖ ਵਫਦ ਵੱਲੋਂ ਪਾਕਿਸਤਾਨ ਦਾ ਧੰਨਵਾਦ ਕਰਨ ਦੇ ਮੰਤਵ ਨਾਲ ਪਾਕਿਸਤਾਨ ਦੇ ਕੌਂਸਲ ਜਰਨਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ, ਕੌਂਸਲ ਜਰਨਲ ਰਾਜਾ ਅਲੀ ਏਜਾਜ਼ ਦਾ ਸਨਮਾਨ ਕੀਤਾ ਗਿਆ ਅਤੇ ਪਾਕਿਸਤਾਨ ਨਾਲ ਆਪਸੀ ਸਾਂਝ ਦੀ ਪ੍ਰਫੁੱਲਤਾ ਲਈ ਅਰਦਾਸ ਕੀਤੀ। ਰਾਜਾ ਅਲੀ ਏਜਾਜ਼ ਵੱਲੋਂ ਸਿੱਖ ਵਫਦ ਦਾ ਖੁਲ੍ਹੀਆਂ ਬਾਹਵਾਂ ਨਾਲ ਸੁਆਗਤ ਕੀਤਾ ਗਿਆ। ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਖੋਲਣ ਲਈ ਅਸੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ, ਉਹਨਾਂ ਦੇ ਸਾਰੇ ਪ੍ਰਸ਼ਾਸਨ ਅਤੇ ਪਾਕਿਸਤਾਨ ਦੀ ਅਵਾਮ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਆਪਸੀ ਸਾਂਝ ਦੇ ਇਹ ਕਦਮ ਹੋਰ ਅੱਗੇ ਵਧਣਗੇ। ਪਾਕਿਸਤਾਨ ਨੇ ਇਸ ਕਦਮ ਨਾਲ ਸਮੁੱਚੀ ਸਿੱਖ ਕੌਮ ਦਾ ਦਿਲ ਜਿੱਤਾ ਲਿਆ ਹੈ।

ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ.ਅਮਰਜੀਤ ਸਿੰਘ ਨੇ ਕਿਹਾ ਕਿ ਸਿੱਖਾਂ ਅਤੇ ਮੁਸਲਮਾਨਾਂ ਦੀ ਇਹ ਸਾਂਝ ਕੋਈ ਨਵੀਂ ਨਹੀਂ ਹੈ, ਗੁਰੂ ਅਰਜਨ ਸਾਹਿਬ ਨੇ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ ਅਤੇ ਗੁਰੂਕਾਲ ਦੌਰਾਨ ਮੁਸਲਮਾਨਾਂ ਨੇ ਜੰਗ ਦੇ ਮੈਦਾਨ ਵਿੱਚ ਸਿੱਖਾਂ ਨਾਲ ਸ਼ਹਾਦਤਾਂ ਦਿੱਤੀਆਂ ਸਨ। 1947 ਵਿੱਚ ਦੋਹਾਂ ਪਾਸਿਓਂ ਕੀਤੇ ਗਏ ਪਾਗਲਪਨ ਨੇ ਸਾਡਾ ਨੁਕਸਾਨ ਕੀਤਾ ਪਰ ਅੱਜ ਅਸੀਂ ਅਜੋਕੇ ਇਤਿਹਾਸ ਦੇ ਉਸ ਦੁੱਖਦਾਈ ਮੋੜ ਨੂੰ ਪਿੱਛੇ ਛੱਡ ਆਏ ਹਾਂ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਸਿੱਖ-ਮੁਸਲਮਾਨ ਸਾਂਝ ਵਿੱਚ ਇੱਕ ਮੀਲਪੱਥਰ ਸਾਬਤ ਹੋਵੇਗਾ। ਭਾਵੇਂ ਭਾਰਤ ਸਰਕਾਰ ਨੂੰ ਦੋਹਾਂ ਪੰਜਾਬਾਂ ਦੀ ਆਪਸੀ ਸਾਂਝ ਮਨਜ਼ੂਰ ਨਹੀਂ ਪਰ ਅੱਜ ਅਸੀਂ ਜਾਗਰੁਕ ਹਾਂ ਅਤੇ ਇਹ ਸਮਝਦੇ ਹਾਂ ਕਿ ਸਾਡੀ ਵਿਰਾਸਤ, ਇਤਿਹਾਸਕ ਅਤੇ ਤਹਿਜ਼ੀਬ ਦੀ ਡੂੰਘੀ ਸਾਂਝ ਹੈ। ਸਾਨੂੰ ਲੋੜ ਹੈ ਕਿ ਅਸੀਂ ਇਸ ਸਾਂਝ ਦੀ ਅਹਿਮੀਅਤ ਨੂੰ ਸਮਝੀਏ ਤਾਂ ਜੋ ਸਾਡੀਆਂ ਆਉਣ ਵਾਲੀਆਂ ਨਸਲਾਂ ਸਾਂਝੀਵਾਲਤਾ ਅਤੇ ਸ਼ਾਂਤੀ ਨਾਲ ਆਪਣਾ ਜੀਵਨ ਬਤੀਤ ਕਰ ਸਕਣ। ਸਿੱਖ ਵਫਦ ਵੱਲੋਂ ਰਾਜਾ ਅਲੀ ਏਜਾਜ਼ ਦਾ ਸਨਮਾਨ ਕਰਦਿਆਂ ਉਹਨਾਂ ਨੂੰ ਦਰਬਾਰ ਸਾਹਿਬ ਦੀ ਤਸਵੀਰ ਅਤੇ ਦੋਸ਼ਾਲਾ ਭੇਟ ਕੀਤਾ ਗਿਆ। ਰਾਜਾ ਅਲੀ ਏਜਾਜ਼ ਨੇ ਭਰੋਸਾ ਦਵਾਇਆ ਕਿ ਪਾਕਿਸਤਾਨ ਦੀ ਹੁਕੂਮਤ ਖਾਸ ਕਰਕੇ ਇਮਰਾਨ ਖਾਨ ਸਾਹਿਬ ਇਸ ਗੱਲ ਤੋਂ ਭਲੀਭਾਂਤ ਜਾਣੂ ਹਨ ਕਿ ਸਿੱਖ ਕੌਮ ਲਈ ਕਰਤਾਰਪੁਰ ਸਾਹਿਬ ਦੇ ਲਾਂਘੇ ਅਤੇ ਪਾਕਿਸਤਾਨ ਵਿਚਲੇ ਸਿੱਖ ਇਤਿਹਾਸ ਦੀ ਕੀ ਅਹਿਮੀਅਤ ਹੈ ਅਤੇ ਇਸ ਸਾਂਝ ਨੂੰ ਅੱਗੇ ਵਧਾਉਣ ਲਈ ਪਾਕਿਸਤਾਨ ਵਚਨਬੱਧ ਹੈ। ਪਾਕਿਸਤਾਨ ਦੇ ਕੌਂਸਲ ਜਰਨਲ ਨਾਲ ਮੁਲਤਕਾਤ ਕਰਨ ਵਾਲੇ ਸਿੱਖ ਵਫਦ ਵਿੱਚ ਦੁਆਬਾ ਸਿੱਖ ਅਸੋਸੀਏਸ਼ਨ ਤੋਂ ਹਰਮੇਲ ਸਿੰਘ ਅਤੇ ਬਲਜਿੰਦਰ ਸਿੰਘ, ਸਿੱਖ ਯੂਥ ਆਫ ਅਮਰੀਕਾ ਤੋਂ ਡਾ.ਰਣਜੀਤ ਸਿੰਘ, ਸਾਬਕਾ ਪ੍ਰਧਾਨ ਕੁਲਦੀਪ ਸਿੰਘ ਖਾਲਸਾ, ਪੰਥਕ ਸਿੱਖ ਸੋਸਾਇਟੀ ਸੰਸਥਾ ਵੱਲੋਂ ਕਰਮਜੀਤ ਸਿੰਘ ਭਟਨੂਰਾ ਆਦਿ ਵੀ ਸ਼ਾਮਲ ਸਨ।

## ਭਾਰਤੀ ਮੂਲ ਦੇ ਪੁਲਿਸ ਅਧਿਕਾਰੀ ਦੇ ਕਾਤਲ ਦੀ ਭਾਲ ਜੰਗੀ ਪੱਧਰ 'ਤੇ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** 33 ਸਾਲਾ ਭਾਰਤੀ ਮੂਲ ਦੇ ਪੁਲਿਸ ਅਧਿਕਾਰੀ ਦੇ ਕਾਤਲ ਦੀ ਪੁਲਿਸ ਸਰਗਰਮੀ ਨਾਲ ਭਾਲ ਕਰ ਰਹੀ ਹੈ। ਰੋਨਿਲ ਸਿੰਘ ਨਾਮੀ ਪੁਲਿਸ ਅਧਿਕਾਰੀ ਦੀ ਕ੍ਰਿਸਮਿਸ ਦੀ ਰਾਤ ਤੜਕਸਾਰ ਮਰਸਡ ਸਟਰੀਟ 'ਤੇ ਟਰੈਫਿਕ ਸਟਾਪ ਉਪਰ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ ਗਈ ਸੀ। ਹਮਲਾਵਰ ਗੋਲੀਆਂ ਮਾਰਨ ਉਪਰੰਤ ਫਰਾਰ ਹੋ ਗਿਆ ਸੀ। ਰੋਨਿਲ ਸਿੰਘ ਨਿਊਮੈਨ ਪੁਲਿਸ ਵਿਭਾਗ ਵਿਚ 2011 ਤੋਂ ਕੰਮ ਕਰ ਰਹੇ ਸਨ। ਉਹ ਫਿਜੀ ਦੇ ਰਹਿਣ ਵਾਲੇ ਸਨ। ਇਸ ਸਮੇਂ ਉਹ ਮੋਡੈਸਟੋ (ਕੈਲੀਫੋਰਨੀਆ) ਵਿਚ ਰਹਿੰਦੇ ਸਨ। ਉਹ ਆਪਣੇ ਪਿਛੇ ਪਤਨੀ ਅਨਾਮਿਕਾ ਤੇ 5 ਮਹੀਨੇ ਦਾ ਬੇਟਾ ਛੱਡ ਗਏ ਹਨ। ਨਿਊਮੈਨ ਪੁਲਿਸ ਮੁੱਖੀ ਰੈਂਡੀ ਰਿਚਰਡਸਨ ਨੇ ਕਿਹਾ ਹੈ ਕਿ ਸ਼ੱਕੀ ਹਮਲਾਵਰ ਆਪਣੀ ਭੂਰੇ ਰੰਗ ਦੀ ਪਿਕਅੱਪ ਗੱਡੀ ਵਿਚ ਫਰਾਰ ਹੋਇਆ ਹੈ। ਸਟੇਨਿਸਲੌਸ ਕਾਊਂਟੀ ਦੇ ਸ਼ੈਰਿਫ ਵਿਭਾਗ ਤੇ ਸਥਾਨਕ ਪੁਲਿਸ ਨੇ ਨਿਗਰਾਨੀ ਲਈ ਲੱਗੇ ਕੈਮਰਿਆਂ ਦੀ ਫੁੱਟੇਜ਼ ਦੇ ਆਧਾਰ 'ਤੇ ਕਾਤਲ ਨੂੰ ਗ੍ਰਿਫਤਾਰ ਕਰਨ ਲਈ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਹੈ। ਇਕ ਰਿਪੋਰਟ ਅਨੁਸਾਰ ਪਿਲਸ ਨੇ ਸ਼ੱਕੀ ਕਾਤਲ ਦੀ ਗੱਡੀ ਕਬਜ਼ੇ ਵਿਚ ਲੈ ਲਈ ਹੈ। ਪੁਲਿਸ ਅਨੁਸਾਰ ਕਾਤਲ ਨੂੰ ਵੀ ਬਹੁਤ ਛੇਤੀ ਫੜ ਲਿਆ ਜਾਵੇਗਾ। ਮ੍ਰਿਤਕ ਪੁਲਿਸ ਅਧਿਕਾਰੀ ਦੇ ਚਾਚਾ ਯੂਗੇਸ਼ ਯੋਗੀ ਸਿੰਘ ਅਨੁਸਾਰ ਰੋਨਿਲ ਸਿੰਘ ਦਾ ਪਰਿਵਾਰ ਆਖਰੀ ਰਸਮਾਂ ਲਈ ਫਿਜ਼ੀ ਤੋਂ ਕੈਲੀਫੋਰਨੀਆ ਆ ਰਿਹਾ ਹੈ। ਉਸ ਅਨੁਸਾਰ ਰੋਨਿਲ ਸਿੰਘ ਦਾ ਪਰਿਵਾਰ ਮੂਲ ਰੂਪ ਵਿਚ ਭਾਰਤ ਦੇ ਉਤਰ ਪ੍ਰਦੇਸ਼ ਰਾਜ ਨਾਲ ਸਬੰਧ ਰਖਦਾ ਹੈ।

## ਅੰਤਰ ਰਾਸ਼ਟਰੀ ਵਾਲੀਬਾਲ ਖਿਡਾਰਨ ਤੇ ਕੋਚ ਰਹੀ ਮਨਜੀਤ ਕੌਰ ਦਾ ਸਿਆਟਲ ਵਿਚ ਨਿੱਘਾ ਸਵਾਗਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਪੋਰਟਸ ਅਥਾਰਟੀ ਆਫ ਇੰਡੀਆ ਦੀ ਸੀਨੀਅਰ ਵਾਲੀਬਾਲ ਕੋਚ ਤੇ



ਆਪਣੇ ਸਮੇਂ ਦੀ ਅੰਤਰ ਰਾਸ਼ਟਰੀ ਵਾਲੀਬਾਲ ਖਿਡਾਰਨ ਮਨਜੀਤ ਕੌਰ ਦਾ ਸਿਆਟਲ ਵਿਚ ਨਿੱਘਾ ਸਵਾਗਤ ਤੇ ਸਨਮਾਨ ਕੀਤਾ ਗਿਆ। ਪੰਜਾਬ ਖੇਡ ਵਿਭਾਗ ਵਿਚ ਡਿਪਟੀ ਡਾਇਰੈਕਟਰ ਸਪੋਰਟਸ ਪਟਿਆਲਾ ਤੋਂ ਸੇਵਾ ਮੁਕਤ ਹੋਏ ਰਵਿੰਦਰ ਕੁਮਾਰ ਰਿਸ਼ੀ ਨੇ ਦੱਸਿਆ ਕਿ ਪੰਜਾਬ ਵਿਚ ਖਾਸ ਕਰਕੇ ਅਮ੍ਰਿੰਤਸਰ ਰਹਿ ਕੇ ਮਨਜੀਤ ਕੌਰ ਨੇ ਕਈ ਰਾਸ਼ਟਰੀ/ ਅੰਤਰ ਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕਰਕੇ ਮਹਿਕਮੇ ਦਾ ਨਾਂ ਚਮਕਾਇਆ। ਨੌਨਿ-ਹਾਲ ਸਿੰਘ ਬਾਠ ਨੇ ਸਵਾਗਤ ਕਰਦਿਆਂ ਦੱਸਿਆ ਕਿ ਮਨਜੀਤ ਕੌਰ ਬਹੁਤ ਮਿਹਨਤੀ, ਮਿਲਣਸਾਰ ਤੇ ਸਾਰੀ ਉਮਰ ਖੇਡਾਂ ਨੂੰਸਮਰਪਿਤ ਰਹੀ ਹੈ। ਮਨਜੀਤ ਕੌਰ ਨੇ ਧੰਨਵਾਦੀ ਭਾਸ਼ਣ ਵਿਚ ਦੱਸਿਆ ਕਿ ਪ੍ਰਦੇਸਾਂ ਵਿਚ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦਾ ਖੇਡ ਕੈਂਪ ਕਈ ਸਾਲਾਂ ਤੋਂ ਸਿਆਟਲ ਵਿਚ ਲਗਾਇਆ ਜਾ ਰਿਹਾ ਹੈ ਜੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਬੱਚਿਆਂ ਦਾ ਆਪਸੀ ਮਿਲਵਰਤਨ, ਪਿਆਰ ਤੇ ਸਾਂਝ ਪੈਦਾ ਹੁੰਦੀ ਹੈ ਅਤੇ ਤੰਦਰੁਸਤ ਮਨੋਰੰਜਨ ਮਿਲਣ ਨਾਲ ਬੱਚੇ ਸਿਹਤਮੰਦ ਬਣਨਗੇ। ਉਹਨਾਂ ਕਿਹਾ ਕਿ ਇਹੋ ਜਿਹਾ ਉਪਰਾਲਾ ਸਾਰੇ ਸ਼ਹਿਰਾਂ 'ਚ ਸ਼ੁਰੂ ਕਰਨਾ ਚਾਹੀਦਾ ਹੈ।

## ਸਾਲ ਮੁਬਾਰਕ

ਆਸਾ ਪੂਰੀ ਹੋਵੇ ਸਾਲ ਮੁਬਾਰਕ ਰਹਿ ਨਾਏ ਅਧੂਰੀ
ਰੱਬ ਕਰੇ ਨਵੇਂ ਸਾਲ 'ਚ ਹੋਵੇ, ਸਭ ਦੀ ਆਸ਼ਾ ਪੂਰੀ।

ਕੰਮਕਾਰ ਮਿਲੇ ਕਰਨ ਲਈ ਸਭ ਹੋ ਜਾਏ ਬੱਲੇ ਬੱਲੇ
ਹੱਸਦੇ ਦਿਸਣ ਉਹ ਚਿਹਰੇ ਸਾਰੇ, ਜੋ ਲਾਣੇ ਬਿਜਨਸ ਘਰਾਂ ਨੇ ਥੱਲੇ
ਮਿਹਨਤ ਦੇ ਵਿਚ ਬਰਕਤ ਹੋਵੇ ਸਭ ਲਈ ਬਹੁਤ ਜ਼ਰੂਰੀ
ਰੱਬ ਕਰੇ ਨਵੇਂ ਸਾਲ 'ਚ ਹੋਵੇ ਸਭ ਦੀ ਆਸ਼ਾ ਪੂਰੀ ...

ਕਈ ਚਿਰਾਂ ਤੋਂ ਜੋ ਪੱਕ ਹੋਣ ਦਾ ਬੈਠੇ ਮਨ ਨੂੰ ਲਾ ਕੇ ਲਾਰਾ
ਮਿਲ ਨਾ ਸਕਦੇ ਭੈਣ-ਭਾਈਆਂ ਨੂੰ ਦੁੱਖ ਰੱਜ ਕੇ ਜਰ ਲਿਆ ਭਾਰਾ
ਪਿਆਰ ਪੈ ਗਿਆ ਇਸ ਵਤਨ ਨਾਲ ਇਹੀ ਹੈ ਮਜਬੂਰੀ
ਰੱਬ ਕਰੇ ਨਵੇਂ ਸਾਲ 'ਚ ਹੋਵੇ ਸਭ ਦੀ ਆਸ਼ਾ ਪੂਰੀ ...

ਮਿਟ ਜਾਵਣ ਹੱਦਾਂ ਦੇ ਝਗੜੇ, ਨਫ਼ਰਤ ਰਹੇ ਨਾ ਕਾਈ
ਰੱਬ ਦਾ ਖ਼ੌਫ ਹੋਵੇ ਸਭ ਦੇ ਦਿਲ ਵਿਚ, ਜਾਪਣ ਭਾਈ ਭਾਈ
ਡੁੱਲ੍ਹ ਡੁੱਲ੍ਹ ਪੈਵਣ ਹਾਸੇ ਸਭ ਦੇ, ਪਿਆਰ ਦੀ ਚੜ੍ਹੇ ਸਰੂਰੀ
ਰੱਬ ਕਰੇ ਨਵੇਂ ਸਾਲ 'ਚ ਹੋਵੇ ਸਭ ਦੀ ਆਸ਼ਾ ਪੂਰੀ ...

ਭੈਣਾਂ ਨੂੰ ਮਿਲੇ ਵੀਰ ਪਿਆਰਾ, ਮਿਲੇ ਪੁੱਤ ਬਾਪ ਤੇ ਮਾਈ
ਚਿਰਾਂ ਤੋਂ ਬੈਠੀ ਜੋ ਕਰੇ ਉਡੀਕਾਂ, ਮਿਲੇ ਉਸ ਪਤਨੀ ਦਾ ਸਾਈਂ
ਸ਼ਾਮ ਕਹੇ ਦੁੱਖ ਹਰ ਜਾਣ ਸਭ ਦੇ, ਖੁਸ਼ੀਆਂ ਦੀ ਰਹੇ ਹਜ਼ੂਰੀ
ਰੱਬ ਕਰੇ ਨਵੇਂ ਸਾਲ 'ਚ ਹੋਵੇ, ਸਭ ਦੀ ਆਸ਼ਾ ਪੂਰੀ
ਰੱਬ ਕਰੇ ਨਵੇਂ ਸਾਲ 'ਚ ਹੋਵੇ ਸਭ ਦੀ ਆਸ਼ਾ ਪੂਰੀ।

**– ਸ਼ਾਮ ਪਾਲ (ਯੂਬਾ ਸਿਟੀ)**
530-713-9706


# 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**
**E-mail : deshdoaba@yahoo.com**
**www.deshdoaba.com www.ambedkartimes.com**




ਦੇਸ਼ ਦੁਆਬਾ

# ਨਵਾਂ ਸਾਲ ਮੁਬਾਰਕ

ਮੈਂ ਤਕਰੀਬਨ ਪਿਛਲੇ ਸੱਤ-ਅੱਠ ਸਾਲਾਂ ਤੋਂ 'ਅਦਾਰਾ ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੀਆਂ ਇਨ੍ਹਾਂ ਦੋਹਾਂ ਅਖ਼ਬਾਰਾਂ ਦਾ ਪਾਠਕ ਤੇ ਲਿਖਾਰੀ ਹਾਂ ਕਿਉਂਕਿ ਮੈਂ ਇਨ੍ਹਾਂ ਅਖ਼ਬਾਰਾਂ ਰਾਹੀਂ ਤੇ ਕੁਝ ਦੂਸਰੀਆਂ ਅਖ਼ਬਾਰਾਂ 'ਚ ਆਪਣੇ ਲੇਖ ਲਿਖ ਕੇ ਆਪਣੇ ਪਾਠਕਾਂ ਦੀ ਆਪਣੀ ਸਮਰੱਥਾ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰ ਰਿਹਾ ਹਾਂ। ਇਨ੍ਹਾਂ ਦੋਹਾਂ ਉਕਤ ਅਖ਼ਬਾਰਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਹਨ, ਜਿਹੜੇ ਕਿ ਕਿਸੇ ਸਮੇਂ ਮੇਰੇ ਪੰਜ, ਛੇ ਸਾਲ ਲਗਾਤਾਰ ਸਿਖਿਆਰਥੀ ਰਹੇ ਹਨ। ਇਹ ਉਸ ਸਮੇਂ ਵੀ ਤੇ ਅੱਜ ਵੀ ਟਿਕ ਕੇ ਬੈਠਣ ਵਾਲਾ ਇਨਸਾਨ ਨਹੀਂ ਹੈ। ਇਹ ਕਿਸੇ ਨਾ ਕਿਸੇ ਕੰਮ ਨੂੰ ਕਰਦਾ ਹੀ ਰਹਿੰਦਾ ਸੀ। ਇਸ ਦੇ ਮਨ 'ਚ ਅਜਿਹੀ ਇੱਛਾ ਸ਼ਕਤੀ ਸੀ ਕਿ ਉਹ ਕਿਸੇ ਅਜਿਹੇ ਕੰਮ ਨੂੰ ਹੱਥ ਪਾਵੇ, ਜਿਸ ਨਾਲ ਭਾਰਤ ਦੇ ਸਮੁੱਚੇ ਸਮਾਜ ਦੀ ਅਜਿਹੀ ਸੇਵਾ ਕੀਤੀ ਜਾਵੇ, ਜਿਸ ਨਾਲ ਸਮਾਜਵਾਦੀ ਮਾਨਵਵਾਰ ਉਸਰ ਸਕੇ। ਸੋ, ਉਹ ਸਭ ਕੁਝ ਇੱਥੇ ਅਮਰੀਕਾ 'ਚ ਆ ਕੇ ਕਰ ਦਿਖਾਇਆ। ਇਸ ਕੰਮ ਲਈ ਉਸ ਨੇ ਅਖ਼ਬਾਰ ਦੀ ਸੰਪਾਦਨ ਸ਼ੁਰੂ ਕੀਤੀ ਤੇ ਅੱਜ ਉਹ ਉਕਤ ਦੋ ਅਖ਼ਬਾਰਾਂ ਦਾ ਮੁੱਖ ਸੰਪਾਦਕ ਹੈ। ਸਿਰਫ਼ ਅਖ਼ਬਾਰਾਂ ਹੀ ਇਕ ਅਜਿਹਾ ਮਾਧਿਅਮ ਹਨ ਜੋ ਤੁਹਾਡੀ ਵਿਚਾਰਧਾਰਾ ਨੂੰ ਆਮ ਲੋਕਾਂ ਤੱਕ ਪਹੁੰਚਾ ਸਕਦਾ ਹੈ। ਇਹ ਪੰਜਾਬੀ ਦਾ ਅਖਾਣ 'ਹੋਣ ਹਾਰ ਵਿਰਵਾ ਕੇ ਚਿਕਨੇ-ਚਿਕਨੇ ਪਾਤ' ਇਸ ਦੇ ਜੋ ਅਰਥ ਹਨ ਉਹ ਇਨ੍ਹਾਂ ਅਖ਼ਬਾਰਾਂ ਦੇ ਮੁੱਖ ਸੰਪਾਦਕ 'ਤੇ ਬਿਲਕੁਲ ਢੁੱਕਦੇ ਹਨ।

ਇਹ ਆਪਣੀਆਂ ਅਖ਼ਬਾਰਾਂ ਰਾਹੀਂ ਜਿੱਥੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰਨ ਦੇ ਨਾਲ ਨਾਲ ਉਥੇ ਸਮਾਜਵਾਦੀ ਮਾਨਵਵਾਦ (ਸਮਾਜ 'ਚ ਮਾਨਵ ਬਰਾਬਰੀ) ਦੀ ਆਵਾਜ਼ ਵੀ ਬੁਲੰਦ ਕਰਦਾ ਹੈ। ਕਿਸੇ ਸਮੇਂ ਪੰਜਾਬ ਤੇ ਸਮੁੱਚੇ ਭਾਰਤੀ ਸਮਾਜ 'ਚ ਸਿੱਖ ਗੁਰੂ ਸਾਹਿਬਾਨ ਤੇ ਭਗਤੀ ਲਹਿਰ ਦੇ ਮਹਾਂਪੁਰਸ਼ਾਂ ਨੇ 'ਸਮਾਜਵਾਦੀ ਮਾਨਵਵਾਦ' ਦੇ ਨਾਅਰੇ ਨੂੰ ਆਪਣੀ ਪੁਰਜ਼ੋਰ ਆਵਾਜ਼ ਨਾਲ ਬੁਲੰਦ ਕੀਤਾ ਸੀ ਤੇ ਜਿਸ ਨਾਲ ਭਾਰਤੀ ਸਮਾਜ 'ਚ ਇਕ ਨਵੇਂ ਮਾਨਵਵਾਦੀ ਸਮਾਜ ਭਾਵ ਸਿੱਖ ਸਮਾਜ ਦੀ ਸਿਰਜਣਾ ਹੋਈ ਸੀ।

ਇਸ ਅਦਾਰੇ ਦੀਆਂ ਅਖ਼ਬਾਰਾਂ ਜੋਤਸ਼ੀਆਂ, ਪਾਖੰਡੀ ਬਾਬਿਆਂ ਤੇ ਕਰਾਮਾਤਾਂ ਦਾ ਢੌਂਗ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਦੀ ਇਸ਼ਤਿਹਾਰਬਾਜ਼ੀ ਵੀ ਨਹੀਂ ਕਰਦਾ ਸਗੋਂ ਵਿਗਿਆਨਕ ਸੋਚ ਦੇ ਧਾਰਨੀ ਬਣਨ ਲਈ ਪ੍ਰੇਰਿਤ ਕਰਦਾ ਹੈ ਜੋ ਕਿ ਇਕ ਪ੍ਰਗਤੀਵਾਦੀ ਸੋਚ ਹੈ। ਜਿਸ ਤੋਂ ਬਿਨਾਂ ਮਾਨਵਵਾਦੀ ਸਮਾਜ ਨਹੀਂ ਸਿਰਜਿਆ ਜਾ ਸਕਦਾ। ਇਹੀ ਵਿਚਾਰਧਾਰਾ ਇਸ ਅਦਾਰੇ ਦੀਆਂ ਅਖ਼ਬਾਰਾਂ ਦੀ ਚੜ੍ਹਦੀਕਲਾ ਦਾ ਪ੍ਰਤੀਕ ਹੈ।

ਨਵੇਂ ਸਾਲ ਦੀ ਆਮਦ 'ਤੇ ਮੈਂ ਇਸ ਅਦਾਰੇ ਨੂੰ ਆਪਣੀਆਂ ਸ਼ੁਭ-ਇੱਛਾਵਾਂ ਦਿੰਦਾ ਹਾਂ ਤੇ ਇਸ ਦੇ ਨਾਲ ਹੀ ਮੈਂ ਆਪਣੇ ਪਿਆਰੇ ਤੇ ਬਹੁਤ ਹੀ ਸਤਿਕਾਰਯੋਗ ਪਾਠਕਾਂ ਨੂੰ ਵੀ ਨਵਾਂ ਸਾਲ ਮੁਬਾਰਕ ਦਿੰਦਾ ਹਾਂ। ਸਭ ਦਾ ਨਵਾਂ ਸਾਲ ਖੁਸ਼ੀਆਂ ਤੇ ਖੇੜਿਆਂ 'ਚ ਗੁਜ਼ਾਰੇ ਤੇ ਸਮੁੱਚਾ ਮਾਨਵੀ ਸਮਾਜ ਪੂਰੀ ਚੜ੍ਹਦੀ ਕਲਾ 'ਚ ਰਹੇ।

ਧੰਨਵਾਦ ਸਹਿਤ ਆਪ ਦਾ

**-ਪ੍ਰੋ. ਐਚ. ਐਲ. ਕਪੂਰ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਜੰਗਾਂ, ਕਾਰਨਾਮੇ ਤੇ ਉਪਦੇਸ਼



ਦਸ਼ਮੇਸ਼ ਜੀ ਦਾ ਜਨਮ ਪ੍ਰਕਾਸ਼ 5 ਜਨਵਰੀ 1666 ਈਸਵੀ ਨੂੰ ਪਿਤਾ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਜੀ ਦੇ ਗ੍ਰਿਹ ਵਿਖੇ ਪਟਨਾ (ਬਿਹਾਰ) 'ਚ ਹੋਇਆ। ਆਪ ਜੀ ਦੇ ਜਨਮ ਪ੍ਰਕਾਸ਼ ਸਮੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਢਾਕੇ (ਬੰਗਾਲ) ਵਿੱਚ ਸਨ। ਆਪ ਜੀ ਦਾ ਬਚਪਨ ਨਾਮ ਗੋਬਿੰਦ ਰਾਏ ਸੀ ਜੋ ਸੰਨ 1699 ਨੂੰ ਖਾਲਸਾ ਸਾਜਨ ਵੇਲੇ ਗੋਬਿੰਦ ਸਿੰਘ ਹੋ ਗਿਆ। ਗੁਰੂ ਤੇਗ ਬਹਾਦਰ ਸਾਹਿਬ ਦੇ ਅਸਾਮ ਤੋਂ ਪੰਜਾਬ ਵਿੱਚ ਵਾਪਸ ਆ ਜਾਣ ਮਗਰੋਂ ਵੀ ਪ੍ਰਵਾਰ ਕੁਝ ਚਿਰ ਪਟਨਾ ਸਾਹਿਬ ਰੁਕਿਆ ਰਿਹਾ। ਗੋਬਿੰਦ ਰਾਏ ਦੇ ਬਚਪਨ ਦੇ ਪਹਿਲੇ ਪੰਜ ਕੁ ਸਾਲ ਪਟਨੇ ਹੀ ਬੀਤੇ। ਆਪ ਦੀ ਸਿਖਲਾਈ ਪੜ੍ਹਾਈ ਦਾ ਕੰਮ ਉੱਥੇ ਹੀ ਸ਼ੁਰੂ ਹੋ ਗਿਆ ਸੀ। ਗੁਰਸਿੱਖੀ ਤੇ ਗੁਰਬਾਣੀ ਦੀ ਪੜਾਈ ਦੇ ਨਾਲ-ਨਾਲ ਆਪ ਨੂੰ ਸ਼ਸਤਰਾਂ ਦੀ ਵਰਤੋਂ, ਘੋੜ ਸਵਾਰੀ ਤੇ ਤਾਰੀ ਆਦਿ ਵੀ ਸਿਖਾਈ ਗਈ। ਛੋਟੀ ਉਮਰ ਤੋਂ ਆਪ ਜੋਧਿਆਂ ਜਰਨੈਲਾਂ ਵਾਲੀਆਂ ਰੁਚੀਆਂ ਪੈਦਾ ਕਰਨ ਲਈ ਆਪਣੇ ਹਾਣੀਆਂ ਦੀਆਂ ਟੋਲੀਆਂ ਬਣਾ ਕੇ ਯੁੱਧ ਦਾ ਅਭਿਆਸ ਕਰਾਉਂਦੇ।

ਬਚਪਨ 'ਚ ਮੋਹ 'ਤੇ ਫਤਿਹ-ਕਿਸੇ ਪ੍ਰੇਮੀ ਨੇ ਆਪ ਜੀ ਵਾਸਤੇ ਸੋਨੇ ਦੇ ਕੜੇ ਭੇਟ ਕੀਤੇ ਪਰ ਸ਼ਾਮ ਵੇਲੇ ਆਪ ਗੰਗਾ ਨਦੀ ਕੰਢੇ ਖੇਡਦੇ ਸਮੇ ਇੱਕ ਕੜਾ ਗੰਗਾ 'ਚ ਸੁੱਟ ਦਿੱਤਾ। ਜਦ ਮਾਮਾ ਕ੍ਰਿਪਾਲ ਜੀ ਨੇ ਪੁੱਛਿਆ ਕਿ ਕੜਾ ਕਿੱਥੇ ਹੈ? ਮਾਮਾ ਜੀ ਨੂੰ ਗੰਗਾ ਦੇ ਕੰਢੇ 'ਤੇ ਲੈ ਗਏ, ਜਿੱਥੇ ਖੜ੍ਹੋ ਕੇ ਦੂਸਰਾ ਕੜਾ ਵੀ ਦਰਿਆ ਵਿੱਚ ਸੁੱਟ ਦਿੱਤਾ, ਉਸ ਥਾਂ ਹੁਣ ਗੁਰਦੁਆਰਾ ਗੋਬਿੰਦ ਘਾਟ ਹੈ। ਜਦ ਗੁਰੂ ਪਿਤਾ ਨੇ ਪ੍ਰਵਾਰ ਨੂੰ ਪੰਜਾਬ ਆਉਣ ਦੇ ਸੱਦੇ ਤੇ ਸੰਨ 1671 ਨੂੰ ਕੁਝ ਸੰਗਤ ਸਮੇਤ ਪੰਜਾਬ ਵੱਲ ਨੂੰ ਚਾਲੇ ਪਾਏ ਤਦ ਗੋਬਿੰਦ ਰਾਏ ਦੀ ਉਮਰ ਕੇਵਲ 5 ਸਾਲ ਦੀ ਸੀ। ਦਾਨ-ਪੁਰ, ਬਕਸਰ, ਆਰਾ, ਛੋਟਾ ਮਿਰਜ਼ਾਪੁਰ, ਬਨਾਰਸ, ਪਰਾਗ, ਲਖਨਊ, ਮਥੁਰਾ, ਥਾਨੇਸਰ, ਸਹਾਰਨਪੁਰ, ਆਦਿ ਥਾਵਾਂ 'ਤੇ ਹੁੰਦੇ ਹੋਏ ਭਾਦੋਂ ਮਹੀਨੇ ਪ੍ਰਵਾਰ ਸਮੇਤ ਲਖਨੌਰ ਨਗਰ ਪੁੱਜੇ ਜੋ ਅੰਬਾਲੇ ਦੇ ਨੇੜੇ ਹੈ। ਇੱਥੇ ਆਰਾਮ ਕਰਕੇ ਅਨੰਦਪੁਰ ਸਾਹਿਬ ਪਹੁੰਚ ਗਏ। ਉਸ ਵੇਲੇ ਸਾਰੇ ਇਲਾਕੇ 'ਚ ਖੁਸ਼ੀਆਂ ਦਾ ਮਹੌਲ ਸੀ।



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਧਰਮ ਤੇ ਸ਼ਾਸ਼ਤ੍ਰ ਵਿਦਿਆ-ਮਾਤਾ ਪਿਤਾ ਦੇ ਹੁਕਮ ਮੁਤਾਬਿਕ ਮਾਮਾ ਕ੍ਰਿਪਾਲ ਚੰਦ ਦੀ ਦੇਖ ਰੇਖ ਵਿੱਚ ਆਪ ਜੀ ਦੀ ਧਰਮ ਤੇ ਸ਼ਸਤਰ ਵਿਦਿਆ ਦੀ ਸਿਖਲਾਈ ਹੋਈ। ਜਿਸ ਵਿੱਚ ਰੱਬੀ ਭਗਤਾਂ, ਬਾਬੇ ਨਾਨਕ ਦੇ ਬਾਕੀ ਜਾਂਨਸ਼ੀਨਾਂ ਜਿਨ੍ਹਾਂ ਦੀ ਬਾਣੀ ਗੁਰ ਇਤਿਹਾਸ ਦਾ ਗਿਆਨ ਦਿੱਤਾ ਗਿਆ। ਪੰਜਾਬੀ ਤੋਂ ਇਲਾਵਾ ਹਿੰਦੀ, ਸੰਸਕ੍ਰਿਤ ਅਤੇ ਫਾਰਸੀ ਆਦਿ ਵਿਦਿਆ ਵੀ ਸਿਖਾਈ ਗਈ। ਸ਼ਸ਼ਤ੍ਰ ਚਲਾਉਣ ਅਤੇ ਘੋੜ ਸਵਾਰੀ ਸਿਖਾਉਣ ਵਾਸਤੇ ਭਾਈ ਬੱਜਰ ਸਿੰਘ ਦੀ ਸੇਵਾ ਲਾਈ ਗਈ।

ਗੁਰਿਆਈ-ਪਿਤਾ ਗੁਰੂ ਦੀ ਸ਼ਹੀਦੀ ਤੋਂ ਤੁਰੰਤ ਬਾਅਦ ਕਰੀਬ ਨੌਂ ਸਾਲ ਦੀ ਉਮਰ ਵਿੱਚ 11 ਨਵੰਬਰ 1675 ਨੂੰ ਗੁਰਤਾ ਪ੍ਰਾਪਤ ਹੋਈ। ਅਠਾਰਾਂ ਸਾਲ ਦੀ ਉਮਰ 'ਚ ਆਪ ਜੀ ਦਾ ਅਨੰਦ ਕਾਰਜ ਮਾਤਾ ਜੀਤੋ ਜੀ ਨਾਲ 1684 ਈ. ਨੂੰ ਗੁਰੂ ਕੇ ਲਾਹੌਰ ਨੇੜੇ ਅਨੰਦਪੁਰ ਵਿਖੇ ਹੋਇਆ। ਮਾਤਾ ਜੀਤੋ ਦਾ ਨਾਮ ਉਸ ਵੇਲੇ ਦੇ ਰਿਵਾਜ ਅਨੁਸਾਰ ਸਹੁਰੇ ਘਰ ਵਿਖੇ ਬਦਲ ਕੇ ਸੁਹਣੀ ਸੁਲੱਖਣੀ ਹੋਣ ਕਰਕੇ, ਸੁੰਦਰੀ ਰੱਖਿਆ ਗਿਆ। ਸਮੇ ਨਾਲ ਮਾਤਾ ਜੀਤੋ ਦੀ ਕੁਖ ਤੋਂ ਚਾਰ ਬੱਚੇ ਪੈਦਾ ਹੋਏ ਜਿਨ੍ਹਾਂ ਨੂੰ ਸਤਿਕਾਰ ਨਾਲ ਸਾਹਿਬਜ਼ਾਦੇ ਤੇ ਬਾਬੇ ਕਿਹਾ ਜਾਂਦਾ ਹੈ। ਸਾਹਿਬਜ਼ਾਦਿਆਂ ਦੀਆਂ ਕ੍ਰਮਵਾਰ ਜਨਮ ਤਾਰੀਖਾਂ ਇਹ ਹਨ-ਬਾਬਾ ਅਜੀਤ ਸਿੰਘ ਸੰਨ 1686 ਈਸਵੀ, ਬਾਬਾ ਜੁਝਾਰ ਸਿੰਘ 1690, ਬਾਬਾ ਜੋਰਾਵਰ ਸਿੰਘ 1696, ਬਾਬਾ ਫ਼ਤਿਹ ਸਿੰਘ ਦਾ 1698 ਈਸਵੀ। ਵੱਡੇ ਸਾਹਿਬਜ਼ਾਦੇ ਚਮਕੌਰ 'ਚ ਮੁਗਲੀਆ ਜ਼ਾਲਮ ਸਰਕਾਰ ਦੀਆਂ ਭਾਰੀ ਫੌਜਾਂ ਨਾਲ ਲੋਹਾ ਲੈਂਦੇ ਮੈਦਾਨਿ-ਜੰਗ ਚਮਕੌਰ ਤੇ ਛੋਟੇ ਸਰਹਿੰਦ ਵਿਖੇ ਸੱਚ ਧਰਮ ਦੀ ਖਾਤਿਰ ਈਨ ਨਾ ਮੰਨਦੇ ਅਣਖ ਤੇ ਗੈਰਤ ਨਾਲ ਜੂਝਦੇ ਸ਼ਹੀਦ ਹੋਏ।

ਕਾਰਨਾਮੇ-ਕਿਲੇ, ਤਖਤ ਤੇ ਹੋਰ ਅਸਥਾਨ ਰਚੇ ਤੇ ਵਸਾਏ ਜਿਵੇਂ ਤਖਤ ਕੇਸ ਗੜ੍ਹ ਤੇ ਕਿਲੇ ਫਤਹਿ ਗੜ੍ਹ, ਹੋਲ ਗੜ੍ਹ, ਅਨੰਦ ਗੜ੍ਹ ਤੇ ਲੋਹ ਗੜ੍ਹ, ਧਰਮ ਪ੍ਰਚਾਰ ਅਸਥਾਨ ਪਾਉਂਟਾ ਸਾਹਿਬ, ਦਮਦਮਾ ਸਾਹਿਬ-ਤਲਵੰਡੀ, ਗੁਰੂ ਕਾ ਲਾਹੌਰ-ਨਾਹਨ ਹਿਮਾਚਲ ਤੇ ਹਜੂਰ ਸਾਹਿਬ ਅਬਚਲ ਨਗਰ-ਨਾਦੇੜ। ਜੰਗਾਂ-ਭੰਗਾਣੀ, ਨਦੌਣ, ਗੁਲੇਰ ਜਾ ਹੁਸੈਨੀ, ਅਨੰਦਪੁਰ, ਚਮਕੌਰ ਅਤੇ ਮੁਕਤਿਸਰ ਆਦਿਕ ਥਾਵਾਂ ਤੇ 14 ਜੰਗਾਂ ਲੜੀਆਂ।

ਕਸ਼ਮੀਰ ਵਿੱਚ ਜਦੋਂ ਔਰੰਗਜ਼ੇਬ ਦੇ ਹੁਕਮ ਅਨੁਸਾਰ ਸ਼ੇਰ ਅਫ਼ਗਾਨ ਖ਼ਾਂ ਨੇ ਕਸ਼ਮੀਰੀ ਪੰਡਿਤਾਂ ਨੂੰ ਜ਼ਬਰੀ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ ਤਾਂ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਕਸ਼ਮੀਰੀ ਪੰਡਿਤਾਂ ਨੇ ਗੁਰੂ ਦਰਬਾਰ ਅਨੰਦਪੁਰ ਸਾਹਿਬ ਆ ਫ਼ਰਿਆਦ ਕੀਤੀ ਤਾਂ ਗੁਰੂ ਜੀ ਵੱਲੋਂ ਸ਼ਰਣ ਆਏ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਜਾਉ, ਔਰੰਗਜ਼ੇਬ ਨੂੰ ਕਹਿ ਦੋ ਕਿ ਜੇ ਉਹ "ਗੁਰੂ" ਨੂੰ ਮੁਸਲਮਾਨ ਬਣਾ ਲੈਣ ਤਾਂ ਅਸੀਂ ਸਾਰੇ ਖੁਦ ਹੀ ਮੁਸਲਮਾਨ ਬਣ ਜਾਵਾਂਗੇ। ਬਾਲ ਗੋਬਿੰਦ ਰਾਏ ਉਸ ਵੇਲੇ ਨੌਂ ਸਾਲ ਦੇ ਸਨ, ਇਸ ਫੈਸਲੇ 'ਤੇ ਖੁਸ਼ੀ ਨਾਲ ਮੁਸਕਰਾਏ। ਗੁਰੂ ਪਾਤਸ਼ਾਹ ਹੋਣਹਾਰ ਸਾਹਿਬਜ਼ਾਦੇ ਦੀ ਸੂਝ ਬੂਝ ਤੇ ਦਲੇਰੀ ਤੱਕ ਆਪਣੇ ਅਗਲੇ ਉਤਰਾਧਿਕਾਰੀ ਦੀ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਸਮਝ ਕੇ ਆਪਣੇ ਸਿੱਖਾਂ ਭਾ. ਮਤੀ ਦਾਸ, ਭਾ. ਦਿਆਲਾ ਅਤੇ ਭਾ. ਸਤੀ ਦਾਸ ਜੀ ਸਮੇਤ ਚਾਦਨੀ ਚੌਕ (ਦਿੱਲੀ) ਵੱਲ ਚੱਲੇ ਪਏ। ਉਸ ਸਮੇ ਔਰੰਗਜ਼ੇਬ ਨੇ ਗੁਰੂ ਪਾਤਸ਼ਾਹ ਅੱਗੇ ਸ਼ਰਤਾਂ ਰੱਖੀਆਂ ਕਿ ਇਸ ਮਸਲੇ ਨੂੰ ਛੱਡ ਦਿਓ, ਇਸਲਾਮ ਧਾਰਨ ਕਰ ਲਓ ਜਾਂ ਫਿਰ ਮੌਤ ਕਬੂਲ ਕਰਨੀ ਪਵੇਗੀ ਤਾਂ ਗੁਰੂ ਜੀ ਨੇ ਭਰੀ ਸਭਾ 'ਚ ਔਰੰਗਜ਼ੇਬ ਦੀ ਜ਼ਾਲਮ ਸਰਕਾਰ ਨੂੰ ਬਹਾਦਰੀ ਭਰੇ ਲਹਿਜੇ 'ਚ ਕਿਹਾ ਕਿ ਜ਼ਬਰੀ ਕਿਸੇ ਦਾ ਮਜਹਬ ਤਬਦੀਲ ਕਰਨਾ ਇਸਾਨੀਅਤ ਨਹੀਂ ਹਰੇਕ ਨੂੰ ਅਜ਼ਾਦੀ ਨਾਲ ਜੀਣ ਦਾ ਹੱਕ ਹੈ। ਇਸਲਾਮ ਅਸੀਂ ਕਬੂਲ ਨਹੀਂ ਕਰਨਾ ਅਤੇ ਮੌਤ ਅਸੀਂ ਖਿੜੇ ਮੱਥੇ ਪ੍ਰਵਾਨ ਕਰਦੇ ਹਾਂ ਜੋ ਹਰੇਕ 'ਤੇ ਇਕ ਦਿਨ ਆ ਜਾਂਦੀ ਹੈ ਤਾਂ ਪਾਪੀ ਔਰੰਗੇ ਦੇ ਹੁਕਮ ਨਾਲ 11 ਨਵੰਬਰ 1675 ਈਸਵੀ ਨੂੰ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਤਸੀਹੇ ਦੇ ਕੇ, ਸੀਸ ਗੰਜ਼ ਵਾਲੇ ਥਾਂ 'ਤੇ ਸ਼ਹੀਦ ਕਰ ਦਿੱਤਾ ਗਿਆ। ਭਾ. ਜੈਤਾ ਗੁਰੂ ਜੀ ਦੇ ਸੀਸ ਨੂੰ ਲੈ ਕੇ ਅਨੰਦਪੁਰ ਸਾਹਿਬ ਪਹੁੰਚੇ, ਗੁਰੂ ਗੋਬਿੰਦ ਸਿੰਘ ਜੀ ਨੇ ਭਾ. ਸਾਹਿਬ ਨੂੰ ਛਾਤੀ ਨਾਲ ਲਾ ਪਿਆਰ ਗਲਵਕੜੀ 'ਚ ਲੈ "ਗੁਰੂ ਕੇ ਬੇਟੇ" ਕਹੇ ਨਿਵਾਜ਼ਿਆ ਅਤੇ ਆਪ ਗੁਰਤਾ ਤੇ ਆਗੂ ਵਾਲੀਆਂ ਸਾਰੀਆਂ ਜੁਮੇਵਾਰੀਆਂ ਗੁਰੂ ਪਿਤਾ ਦਾ ਹੁਕਮ ਮੰਨਦੇ ਸੰਭਾਲ ਲਈਆਂ।

ਸੰਨ 1684 'ਚ ਪਿਤਾ ਗੁਰੂ ਤੇਗਬਹਾਦਰ ਜੀ ਦਾ ਵਸਾਇਆ "ਚੱਕ ਨਾਨਕੀ" ਅਹਿਮ ਨਗਰ ਬਣ ਚੁੱਕਾ ਸੀ ਜਿਸ ਕਰਕੇ ਕੁਝ ਪਹਾੜੀ ਰਾਜੇ ਈਰਖਾ ਕਰਨ ਲੱਗ ਪਏ। ਬਿਲਾਸਪੁਰ ਦਾ ਰਾਜਾ ਭੀਮ ਚੰਦ ਵੀ ਗੁਰੂ ਸਾਹਿਬ ਨਾਲ ਔਖਾ ਭਾਰਾ ਹੋ ਗਿਆ ਕਿਉਂਕਿ ਗੁਰੂ ਸਾਹਿਬ ਨੇ ਉਸ ਦੇ ਲੜਕੇ ਦੀ ਮੰਗਣੀ 'ਤੇ ਪਰਸਾਦੀ ਹਾਥੀ, ਚਾਂਦਨੀ ਆਦਿਕ ਨਾਂ ਦਿੱਤੇ। ਸੰਨ 1685 ਦੇ ਸ਼ੁਰੂ ਵਿੱਚ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ ਨੇ ਗੁਰੂ ਪਾਤਸ਼ਾਹ ਨੂੰ ਆਪਣੀ ਰਿਆਸਤ 'ਚ ਦਰਸ਼ਨ ਦੇਣ ਲਈ ਅਰਜ਼ ਕੀਤੀ ਤਾਂ 14 ਅਪ੍ਰੈਲ 1685 ਨੂੰ ਗੁਰੂ ਸਾਹਿਬ ਨਾਹਨ ਪੁੱਜੇ। ਆਪ ਨੇ ਰਿਆਸਤ ਦਾ ਦੌਰਾ ਕੀਤਾ ਤੇ ਦਰਿਆ ਜਮਨਾ ਦੇ ਕੰਢੇ 29 ਅਪ੍ਰੈਲ 1685 ਪਾਉਂਟਾ ਸਾਹਿਬ ਵਸਾਇਆ। ਅਗਲੇ ਤਿੰਨ ਸਾਲ ਪੰਜ ਮਹੀਨੇ ਪਾਉਂਟਾ ਸਾਹਿਬ 'ਚ ਨਿਵਾਸ ਕੀਤਾ। ਇੱਥੇ ਸਿੱਖ ਸੇਵਕਾਂ ਨੂੰ ਵਿਦਿਆ ਪੜਾਈ ਤੇ ਕਵੀ ਦਰਬਾਰ ਸਜਾ ਵਿਦਵਾਨ ਕਵੀਆਂ ਦਾ ਸਨਮਾਨ ਕੀਤਾ। ਇਤਿਹਾਸ 52 ਕਵੀ ਦਸਦਾ ਹੈ।

ਭੰਗਾਣੀ ਦਾ ਭਿਆਨਕ ਯੁੱਧ-ਭੰਗਾਣੀ ਪਾਉਂਟਾ ਸਾਹਿਬ ਤੋਂ ਲਗਭਗ ਛੇ ਮੀਲ ਦੂਰ ਦੋ ਪਹਾੜਾਂ ਦੇ ਵਿਚਕਾਰ ਜਮੁਨਾ ਦੇ ਕਿਨਾਰੇ ਖੁਲ੍ਹਾ ਮੈਦਾਨ ਬਿਲਾਸਪੁਰ ਤੋਂ ਆਉਣ ਵਾਲਾ ਪ੍ਰਮੁੱਖ ਰਸਤਾ ਹੈ। ਬਾਈ ਰਿਆਸਤਾਂ 'ਚ ਵੰਡਿਆ ਹੋਣ ਕਰਕੇ ਇਸ ਇਲਾਕੇ ਨੂੰ ਬਾਈਧਾਰ ਕਿਹਾ ਜਾਂਦਾ ਹੈ ਜੋ ਜੰਮੂ ਤੋਂ ਗੜਵਾਲ ਤੱਕ, ਝਨਾਂ ਤੋਂ ਗੰਗਾ ਨਦੀ ਤੱਕ ਫੈਲਿਆ ਹੈ। ਇਨ੍ਹਾਂ ਰਿਆਸਤਾਂ ਦੇ ਸਭ ਰਾਜੇ ਸਨਾਤਨੀ ਹਿੰਦੂ ਸਨ ਜਿਨ੍ਹਾਂ ਦੇ ਵਡੇਰਿਆਂ ਨੂੰ ਛੇਵੇਂ ਪਾਤਸ਼ਾਹ ਨੇ ਗਵਾਲੀਆਰ ਦੇ ਕਿਲੇ 'ਚ 52 ਕਲੀਆ ਚੋਲਾ ਪਾ ਕੇ ਜਹਾਂਗੀਰ ਦੀ ਕੈਦ ਚੋਂ ਛੁਡਵਾਇਆ ਸੀ। ਇਨਾਂ ਦੇ ਵਾਰਸ ਰਾਜੇ ਗੁਰੂ ਸਾਹਿਬ ਦੀ ਨੀਤੀ ਤੋਂ ਔਖੇ ਸਨ। ਪੀਰ ਬੁਧੂ ਸ਼ਾਹ ਨਾਲ ਮੁਲਾਕਾਤ ਵੀ ਪਾਉਂਟਾ ਸਾਹਿਬ ਹੋਈ। ਪੀਰ ਜੀ ਨੇ ਮੁਗ਼ਲ ਫ਼ੌਜ ਵਿੱਚੋਂ ਕੱਢੇ 500 ਪਠਾਨ ਗੁਰੂ ਜੀ ਦੀ ਫੌਜ ਵਿੱਚ ਰਖਵਾਏ, ਜਿੰਨਾਂ ਦੇ ਪੰਜ ਸਰਦਾਰ ਕਾਲੇ ਖਾਂ, ਭੀਖ਼ਨ ਖਾਂ, ਨਜ਼ਾਬਤ ਖਾਂ, ਉਮਰ ਖਾਂ ਅਤੇ ਹਯਾਤ ਖਾਂ ਸਨ। ਇਨ੍ਹਾਂ ਚੋਂ ਭੰਗਾਣੀ ਯੁੱਧ ਸਮੇ ਕੇਵਲ ਕਾਲੇ ਖ਼ਾਂ ਸਰਦਾਰ ਤੋਂ ਬਿਨਾਂ ਬਾਕੀ ਚਾਰੇ ਆਪਣੇ 400 ਸਾਥੀਆਂ ਸਮੇਤ ਵਿਰੋਧੀਆਂ ਨਾਲ ਜਾ ਰਲੇ ਤਾਂ ਪੀਰ ਜੀ ਆਪਣੇ 700 ਮੁਰੀਦਾਂ ਸਮੇਤ ਗੁਰੂ ਜੀ ਦੀ ਮਦਦ ਲਈ ਪਹੁੰਚੇ ਜਿੱਥੇ ਉਨ੍ਹਾਂ ਦੇ ਦੋ ਭਰਾ ਤੇ ਕਈ ਮੁਰੀਦ ਸਿਪਾਹੀ ਪਠਾਨ ਵੀ ਸ਼ਹੀਦ ਹੋਏ। ਅਨੰਦਪੁਰ ਸਾਹਿਬ ਕਹਿਲੂਰ ਦੀ ਰਿਆਸਤ ਵਿੱਚ ਪੈਂਦਾ ਸੀ, ਜਿਸ ਦਾ ਰਾਜਾ ਭੀਮ ਚੰਦ ਸੀ। ਉਸ ਨੂੰ ਗੁਰੂ ਸਾਹਿਬ ਵਲੋਂ "ਰਣਜੀਤ ਨਗਾਰਾ" ਵਜਾਉਣਾ ਹੇਠੀ ਜਾਪਦੀ ਤੇ ਉਹ "ਗੁਰੂ" ਨੂੰ ਆਪਣੇ ਪ੍ਰਭਾਵ ਥੱਲੇ ਰੱਖਣਾ ਚਾਹੁੰਦਾ ਸੀ। ਇਹ ਜਾਤ-ਪਾਤੀ ਰਾਜੇ ਗਰੀਬਾਂ ਤੇ ਦਲਿਤਾਂ ਦਾ ਨਿਰਾਦਰ ਕਰਦੇ ਪਰ ਗੁਰੂ ਸਾਹਿਬ ਸਭ ਨੂੰ ਸੰਗਤ ਤੇ ਪੰਗਤ 'ਚ ਬਰਾਬਰ ਮਾਨ ਦਿੰਦੇ ਸਨ।

ਗੁਰੂ ਸਾਹਿਬ ਨੇ ਗੜਵਾਲ ਦੇ ਰਾਜੇ ਫ਼ਤਹਿ ਸ਼ਾਹ ਤੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੀ ਸੁਲਾਹ ਕਰਵਾਈ ਜੋ ਭੀਮ ਚੰਦ ਨੂੰ ਖਾਸੀ ਚੁੱਭੀ। ਇਸ ਸਮੇਂ ਦੌਰਾਨ ਰਾਜਾ ਭੀਮ ਚੰਦ ਦੇ ਲੜਕੇ ਦੀ ਮੰਗਣੀ ਰਾਜਾ ਫ਼ਤੇਹ ਸ਼ਾਹ ਦੀ ਲੜਕੀ ਨਾਲ ਹੋਈ। ਭੀਮ ਚੰਦ ਨੇ ਗੁਰੂ ਸਾਹਿਬ ਨੂੰ ਸੁਨੇਹਾ ਭੇਜਿਆ ਕਿ ਮੇਰੇ ਪੁੱਤਰ ਦੀ ਬਰਾਤ ਬਿਲਾਸਪੁਰ ਤੋਂ ਸਿਰੀ ਨਗਰ-ਗੜ੍ਹਵਾਲ ਪਾਉਂਟੇ ਕੋਲੋਂ ਲੰਘੇਗੀ। ਬਰਾਤ 'ਚ ਫੌਜ ਵੀ ਹੋਵੇਗੀ ਜੋ ਬੇਕਾਬੂ ਹੋ ਕੇ ਤੁਹਾਨੂੰ ਲੁੱਟ ਸਕਦੀ ਹੈ, ਇਸ ਲਈ ਤੁਸੀਂ ਰਸਤੇ 'ਚੋਂ ਪਾਸੇ ਹੋ ਜਾਓ ਨਹੀਂ ਤਾਂ ਤੁਹਾਡਾ ਹੀ ਨੁਕਸਾਨ ਹੋਏਗਾ। ਗੁਰੂ ਜੀ ਨੇ ਜਵਾਬ ਦਿੱਤਾ ਕਿ ਤੁਹਾਡੇ ਪੁੱਤ੍ਰ ਦੀ ਬਰਾਤ ਨੂੰ ਰੋਕਾਂਗੇ ਨਹੀਂ ਪਰ ਫੌਜ ਰੋਕੀ ਜਾਵੇਗੀ। ਜੇਕਰ ਫੌਜ ਦਾ ਜਾਣਾ ਜ਼ਰੂਰੀ ਐ ਤਾਂ ਕਿਸੇ ਹੋਰ ਰਸਤੇ 'ਚੋਂ ਚਲੀ ਜਾਵੇ। ਇਹ ਸੁਣ ਕੇ ਭੀਮ ਚੰਦ ਗੁੱਸੇ 'ਚ ਅੱਗ ਬਲੂਲਾ ਹੋ ਗਿਆ ਤੇ ਰਾਜੇ ਫ਼ਤਹਿ ਸ਼ਾਹ ਦੁਆਰਾ ਗੁਰੂ ਜੀ ਨੂੰ ਵਿਆਹ 'ਚ ਬੁਲਾਵਾ ਭੇਜ ਦਿੱਤਾ। ਗੁਰੂ ਜੀ ਆਪ ਤਾਂ ਨਹੀਂ ਗਏ ਪ੍ਰੰਤੂ ਆਪਣੇ ਦੀਵਾਨ ਨੰਦ ਚੰਦ ਨੂੰ ਕੀਮਤੀ ਤੋਹਫੇ ਦੇ ਕੇ ਭੇਜ ਦਿੱਤਾ ਤੇ ਸੁਚੇਤ ਰਹਿਣ ਲਈ ਵੀ ਕਿਹਾ। ਸ਼ਾਦੀ ਤੋਂ ਪਹਿਲਾਂ ਭਰੀ ਸਭਾ 'ਚ ਤੋਹਫਿਆਂ ਦਾ ਐਲਾਨ ਕੀਤਾ ਗਿਆ, ਗੁਰੂ ਜੀ ਵਲੋਂ ਭੇਜੇ ਤੋਹਫ਼ੇ ਸਭ ਤੋਂ ਕੀਮਤੀ ਸਨ। ਭੀਮ ਚੰਦ ਨੇ ਪਰਸਾਦੀ ਹਾਥੀ ਦੀ ਵੀ ਮੰਗ ਕਰ ਦਿੱਤੀ ਜਿਸ ਬਾਰੇ ਨੰਦ ਚੰਦ ਨੇ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਕਾਬੂ ਕਰਨਾ ਚਾਹਿਆ ਪਰ ਉਹ ਕੁਝ ਸਾਥੀਆਂ ਸਮੇਤ ਹੁਸ਼ਿਆਰੀ ਨਾਲ ਬਚ ਨਿਕਲਿਆ ਤੇ ਆ ਸਾਰੀ ਵਾਰਤਾ ਗੁਰੂ ਸਾਹਿਬ ਨੂੰ ਸੁਣਾ ਦਿੱਤੀ। ਭੀਮ ਚੰਦ ਦੇ ਪੁੱਤ ਦੀ ਸ਼ਾਦੀ ਹੋ ਗਈ। ਲਾੜਾ ਤੇ ਵਹੁਟੀ ਬਿਲਾਸਪੁਰ ਭੇਜ ਦਿੱਤੇ ਗਏ। ਬਾਕੀ ਸਾਰੇ ਰਾਜੇ ਆਪਣੀਆਂ ਫੌਜਾਂ ਲੈ ਕੇ ਪਾਉਂਟਾ ਸਾਹਿਬ ਵੱਲ ਗੁਰੂ ਸਾਹਿਬ 'ਤੇ ਹਮਲਾ ਕਰਨ ਲਈ ਚੱਲ ਪਏ। ਇਸ ਜੰਗ 'ਚ ਕਹਿਲੂਰ ਦਾ ਰਾਜਾ ਭੀਮ ਚੰਦ, ਗੜ੍ਹਵਾਲ ਦਾ ਫ਼ਤਹਿ ਸ਼ਾਹ, ਕਾਂਗੜੇ ਦਾ ਕ੍ਰਿਪਾਲ ਚੰਦ, ਮੰਡੀ ਦਾ ਬੀਰ ਸੈਨ, ਜਸਵਾਲ ਦਾ ਕੇਸਰੀ ਚੰਦ, ਕਾਠਗੜ੍ਹ ਦਾ ਦਿਆਲ ਚੰਦ, ਹਿੰਡੌਰ ਦਾ ਹਰੀ ਚੰਦ, ਭੰਬੋਰ ਦਾ ਕਰਮ ਚੰਦ ਅਤੇ ਸ਼ਿਮਲੇ ਦਾ ਲੱਛੂ ਚੰਦ ਸ਼ਾਮਲ ਹੋਏ। ਭੰਗਾਣੀ ਦੀ ਜੰਗ 15 ਅਪ੍ਰੈਲ 1687 ਨੂੰ ਹੋਈ ਜੋ ਦਸਮੇਸ਼ ਜੀ ਵਲੋਂ ਲੜੀਆਂ ਚੌਦਾਂ ਜੰਗਾਂ ਵਿਚੋਂ ਪਹਿਲੀ ਸੀ। ਗੁਰੂ ਸਾਹਿਬ ਦੀ ਉਮਰ ਉਸ ਸਮੇਂ 21 ਸਾਲ ਸੀ, ਸੰਸਾਰ 'ਚ ਏਨੀ ਛੋਟੀ ਉਮਰੇ ਕੋਈ ਵੀ ਕਮਾਂਡਰ-ਇਨ-ਚੀਫ਼ ਨਹੀਂ ਬਣਿਆ। ਇਸ ਲੜਾਈ 'ਚ ਮਹੰਤ ਕ੍ਰਿਪਾਲ ਦਾਸ ਨੇ ਆਪਣੇ ਕੁਤਕੇ ਨਾਲ ਭਗੌੜੇ ਪਠਾਨ ਜਰਨੈਲ ਹਯਾਤ ਖ਼ਾਨ ਨੂੰ ਖਤਮ ਦਿੱਤਾ। ਅਨੇਕਾਂ ਪਹਾੜੀ ਫੌਜੀਆਂ ਸਮੇਤ ਰਾਜਾ ਹਰੀ ਚੰਦ ਵੀ ਮਾਰਿਆ ਗਿਆ।

ਗੁਰੂ ਪਾਤਸ਼ਾਹ ਦੀ ਮਦਦ ਲਈ ਪੀਰ ਬੁਧੂ ਸ਼ਾਹ ਆਪਣੇ ਚਾਰ ਪੁੱਤਰਾਂ, ਦੋਹਾਂ ਭਰਾਵਾਂ ਅਤੇ 700 ਚੇਲਿਆਂ ਸਮੇਤ ਪਹੁੰਚੇ, ਗੁਰੂ ਜੀ ਦੀ ਭੂਆ ਵੀਰੋ ਦੇ ਪੰਜ ਪੁੱਤ੍ਰ ਜੀਤ ਮੱਲ, ਸੰਗੋ ਸ਼ਾਹ, ਮੋਹਰੀ ਚੰਦ, ਗੁਲਾਬ ਰਾਇ ਅਤੇ ਗੰਗਾ ਰਾਮ ਨੇ ਵੀ ਸਾਥ ਦਿੱਤਾ। ਮਾਮਾ ਕ੍ਰਿਪਾਲ ਚੰਦ ਤੇ ਬਨਾਰਸ ਤੋਂ ਭਾਈ ਰਾਮ ਜੀ ਵੀ ਭਾਰੀ ਤੋਪ ਤੇ ਹੋਰ ਜੰਗੀ ਸਮਾਨ ਲੈ ਕੇ ਜੱਥੇ ਸਮੇਤ ਆਇਆ ਜਿਸ ਵਿੱਚ ਬੀਬੀ ਵੀਰੋ ਜੀ ਦੇ ਦੋ ਪੁੱਤਰ ਸੰਗੋ ਸ਼ਾਹ ਤੇ ਜੀਤ ਮੱਲ, ਪੀਰ ਬੁੱਧੂ ਸ਼ਾਹ ਜੀ ਦੇ ਦੋ ਪੁੱਤਰ ਸੱਯਦ ਅਸ਼ਰਫ ਤੇ ਸੱਯਦ ਮੁਹੰਮਦ ਸ਼ਾਹ ਸਮੇਤ ਕਈ ਫੌਜੀ ਸ਼ਹੀਦ ਹੋ ਹੋਏ। ਪੀਰ ਬੁੱਧੂ ਸ਼ਾਹ ਨੂੰ ਦਸਤਾਰ, ਕੰਘੇ ਤੇ ਪਿਆਰ ਗਲਵਕੜੀ ਪਾ ਸਮਾਨਿਤ ਕਰਦੇ ਗੁਰੂ ਜੀ ਨੇ ਸਾਬਤ ਕਰ ਦਿੱਤਾ ਕਿ ਧਰਮ ਪ੍ਰੇਮ ਦਾ ਮਾਰਗ ਹੈ। ਅੱਗੇ 27 ਅਕਤੂਬਰ, 1688 ਦੇ ਦਿਨ, ਪਾਉਂਟਾ

(ਬਾਕੀ ਅਗਲੇ ਸਫੇ 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਅਤੇ ਡਾਕਟਰ ਬੀ ਆਰ ਅੰਬੇਦਕਰ ਜੀ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ

**ਅਲਾਵਲਪੁਰ (ਮਦਨ ਬੰਗੜ)–** ਸ੍ਰੀ ਗੁਰੂ ਰਵਿਦਾਸ ਭਵਨ ਲਾ ਕਾਰਨਵ ਪੈਰਿਸ ਵਿਖੇ ਸਰਬੰਸ ਦਾਨੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਸ਼ਹੀਦ ਬਾਬਾ ਅਜੀਤ ਸਿੰਘ, ਸ਼ਹੀਦ ਬਾਬਾ ਜੁਝਾਰ ਸਿੰਘ, ਸ਼ਹੀਦ ਬਾਬਾ ਜ਼ੋਰਾਵਰ ਸਿੰਘ, ਸ਼ਹੀਦ ਬਾਬਾ ਫਤਿਹ ਸਿੰਘ ਅਤੇ ਸ਼ਹੀਦ ਮਾਤਾ ਗੁਜ਼ਰ ਕੌਰ ਜੀ, ਭਾਈ ਸੰਗਤ ਸਿੰਘ ਜੀ ਤੇ ਬਾਬਾ ਮੋਤੀ ਰਾਮ ਮਹਿਰਾ ਜੀ ਸਮੇਤ ਚਮਕੌਰ ਸਾਹਿਬ ਦੇ ਸਰਹਿੰਦ ਦੇ ਸਮੁੱਚੀ ਕੌਮ ਦੇ ਗੌਰਵਸ਼ਾਲੀ ਸ਼ਹੀਦੀ ਸਾਕੇ ਸਮੇਤ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਅਤੇ ਦੱਬੇ ਕੁਚਲੇ ਲਿਤਾੜੇ ਹੋਏ ਲੋਕਾਂ ਦੀ ਤਕਦੀਰ ਬਦਲਣ ਵਾਲੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਵਾਂ ਪ੍ਰੀਨਿਰਵਾਨ ਦਿਵਸ ਸ੍ਰੀ ਗੁਰੂ ਰਵਿਦਾਸ ਭਵਨ ਲਾ ਕਾਰਨਵ ਪੈਰਿਸ ਵਿਖੇ ਬੜੇ ਸਤਿਕਾਰ ਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਜੁਗਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਚਰਨ ਕਮਲਾਂ ਵਿੱਚ ਸ੍ਰੀ ਅਖੰਡ ਪਾਠ ਦੇ ਸੰਪੂਰਨ ਭੋਗ ਅਤੇ ਨਿੱਕੀਆਂ ਜਿੰਦਾ ਵੱਡੇ ਸਾਕੇ ਚਾਰ ਸਾਹਿਬਜਾਦਿਆਂ ਦੇ ਸ਼ਹੀਦੀ ਸ਼ਹੀਦ ਮਾਤਾ ਗੁਜਰ ਕੌਰ ਜੀ ਸਮੇਤ ਸਮੂਹ ਸ਼ਹੀਦਾਂ ਨੂੰ ਕੋਟ ਕੋਟ ਬਾਰ ਪ੍ਰਣਾਮ ਕਰਦਿਆਂ ਅਤੇ ਦੱਬੇ ਕੁਚਲੇ ਲੋਕਾਂ ਦੇ ਮਸੀਹਾ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ 62ਵੇ ਸਲਾਨਾ ਪ੍ਰੀ ਨਿਰਵਾਣ ਦਿਵਸ ਮੌਕੇ ਸੰਗਤਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਨ ਵਾਸਤੇ ਸਤਿਗੁਰੂ ਜੀ ਦੇ ਚਰਨਾਂ



ਵਿੱਚ ਅਰਦਾਸ ਗੁਰੂ ਘਰ ਦੇ ਗਿਆਨੀ ਹਰਜਿੰਦਰ ਸਿੰਘ ਨੇ ਕੀਤੀ। ਉਪਰੰਤ ਸ੍ਰੀ ਗੁਰੂ ਰਵਿਦਾਸ ਭਵਨ ਲਾ ਕਾਰਨਵ ਪੈਰਿਸ ਦੇ ਗਿਆਨੀ ਹਰਜਿੰਦਰ ਸਿੰਘ ਸਮੇਤ ਭਾਈ ਜਸਪਾਲ ਸਿੰਘ ਭਾਈ ਸੋਢੀ ਸਿੰਘ ਬਲਵੀਰ ਸਿੰਘ ਕੇ ਪੀ ਅਤੇ ਭਾਈਆ ਦਰਸ਼ਨ ਲਾਲ ਨੇ ਵੱਖ ਵੱਖ ਜਥਿਆਂ ਦੇ ਤੌਰ ਤੇ ਇਲਾਹੀ ਗੁਰਬਾਣੀ ਦਾ ਅੰਮ੍ਰਿਤਮਈ ਕੀਰਤਨ ਅਤੇ ਧਰਮ ਤੇ ਸਮੁੱਚੀ ਮਾਨਵਤਾ ਦੇ ਰੱਖਿਅਕ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦਾ ਕੁਰਬਾਨੀਆਂ ਭਰਿਆ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ ਇਸ ਸਮਾਗਮ ਵਾਸਤੇ ਵਿਸ਼ੇਸ਼ ਤੌਰ ਤੇ ਭਾਰਤ ਤੋਂ ਪੁੱਜੇ ਉੱਘੇ ਬੁੱਧੀਜੀਵੀ ਡਾਕਟਰ ਜਸਵੀਰ ਸਿੰਘ ਗੜ੍ਹੀ ਕਾਨੂੰਨਗੋ ਨੇ ਸੰਗਤਾਂ ਦੇ ਭਾਰੀ ਜਥੇ ਦੀਵਾਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਬੰਸਦਾਨੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦਿਆਂ ਦੀਆਂ ਪੂਰੇ ਸੰਸਾਰ ਦੇ ਇਤਿਹਾਸ ਵਿੱਚੋਂ ਅਨੋਖੀਆਂ ਤੇ ਅਦੁੱਤੀਆਂ ਸ਼ਹਾਦਤਾਂ ਹਨ।

ਚਮਕੌਰ ਸਾਹਿਬ ਦੇ ਸਰਹਿੰਦ ਦੇ ਅਦੁੱਤੀ ਅਤੇ ਲਾਸਾਨੀ ਸਾਕਿਆਂ ਦੇ ਸੱਚੇ ਪਰਵਾਨੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਜੀ ਉੱਚੇ ਸੁੱਚੇ ਧਰਮ ਦੀਆਂ ਨੀਹਾਂ ਨੂੰ ਮਜ਼ਬੂਤ ਕਰਨ ਅਤੇ ਸਮੁੱਚੀ ਮਨੁੱਖੀ ਹੱਕਾਂ ਦੀ ਖ਼ਾਤਰ ਆਪਣਾ ਆਪ ਕੁਰਬਾਨ ਕਰਕੇ ਮੁਗਲ ਸਾਮਰਾਜ ਦੇ ਜਬਰ ਜ਼ੁਲਮ ਦੀਆਂ ਜੜ੍ਹਾਂ ਨੂੰ ਪੁੱਟ ਕੇ ਰੱਖ ਦਿੱਤਾ ਸੀ। ਇਸ ਮੌਕੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਦੱਬੇ ਕੁਚਲੇ ਸਮਾਜ ਦੇ ਮਸੀਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ 62 ਵੇਂ ਪ੍ਰੀ ਨਿਰਵਾਣ ਦਿਵਸ ਮੌਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਇਸ ਸਾਰੇ ਸਮਾਗਮ ਸਮੇਂ ਪਰਮਿੰਦਰ ਸਿੰਘ ਕੈਲੇ ਵੱਲੋਂ ਸਟੇਜ ਸੈਕਟਰੀ ਦੀ ਭੂਮਿਕਾ ਬਾਖ਼ੂਬੀ ਨਿਭਾਈ ਗਈ।

ਸ੍ਰੀ ਗੁਰੂ ਰਵਿਦਾਸ ਭਵਨ ਲਾ ਕਾਰਨਵ ਪੈਰਿਸ ਦੀ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਨਾਮਵਰ ਬੁੱਧੀਜੀਵੀ ਡਾਕਟਰ ਜਸਵੀਰ ਸਿੰਘ ਗੜ੍ਹੀ ਕਾਨੂੰਨਗੋ ਨੂੰ ਗੁਰੂ ਘਰ ਦੀ ਬਖ਼ਸ਼ੀਸ਼ ਸਿਰੋਪਾਓ ਅਤੇ ਮੋਮੈਂਟੋ ਨਾਲ ਸਨਮਾਨਿਤ ਵੀ ਕੀਤਾ।

ਇਸ ਮੌਕੇ ਪ੍ਰਧਾਨ ਚਮਨ ਲਾਲ, ਪਰਮਿੰਦਰ ਸਿੰਘ ਕੈਲੇ, ਦਵਿੰਦਰ, ਡਾਕਟਰ ਰੋਸ਼ਨ ਲਾਲ ਗੁਰੂ, ਪਰਮਜੀਤ ਸਿੰਘ, ਨਰਿੰਦਰ ਗਾਟ, ਮੁਖਤਿਆਰ ਪਾਲ, ਹਰਮੇਸ਼ ਲਾਲ, ਮਹਿੰਗਾ ਰਾਮ, ਬਲਵੰਤ, ਸੁੰਦਰ, ਲਾਲ ਸਿੰਘ, ਦੇਵਪਾਲ, ਜਥੇਦਾਰ ਚੈਨ ਸਿੰਘ ਖਾਲਸਾ ਸਮੇਤ ਭਾਰੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਜੰਗਾਂ, ਕਾਰਨਾਮੇ ਤੇ ਉਪਦੇਸ਼

(ਸਫਾ 6 ਦੀ ਬਾਕੀ)

ਸਾਹਿਬ ਤੋਂ ਚੱਲੇ ਅਤੇ ਕਪਾਲ ਮੋਚਨ, ਲਾਹੜਪੁਰ, ਟੋਕਾ, ਦਾਬਰਾ, ਰਾਣੀ ਦਾ ਰਾਏਪੁਰ, ਢਕੌਲੀ, ਨਾਢਾ, ਮਨੀਮਾਜਰਾ, ਕੋਟਲਾ ਨਿਹੰਗ, ਘਨੌਲਾ, ਬੁੰਗਾ, ਅਟਾਰੀ, ਕੀਰਤਪੁਰ ਤੋਂ ਹੁੰਦੇ ਹੋਏ, ਨਵੰਬਰ ਦੇ ਅੱਧ 'ਚ, ਚੱਕ ਨਾਨਕੀ ਪਹੁੰਚੇ।

ਗੁਰੂ ਪਾਤਸ਼ਾਹ ਦਾ ਜੀਵਨ ਕਾਲ ਲੰਬਾ ਨਹੀਂ ਸਗੋਂ ਸ਼ੰਘਰਸ਼ਾਂ ਨਾਲ ਏਨਾ ਭਰਪੂਰ ਕਿ ਉਨ੍ਹਾਂ ਨੂੰ ਸ਼ਾਇਦ ਹੀ ਕਿਤੇ ਅਰਾਮ ਮਿਲਿਆ ਹੋਵੇ। ਨੇਕੀ ਬਚਾਉਣੀ ਤੇ ਬਦੀ ਖਤਮ ਕਰਨੀ ਉਨ੍ਹਾਂ ਦੇ ਜੀਵਨ ਦਾ ਉਦੇਸ਼ ਸੀ। ਇਸ ਦੀ ਪੂਰਤੀ ਲਈ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਜੰਗੀ, ਇਖਲਾਕੀ ਅਤੇ ਜਜ਼ਬਾਤੀ ਤੌਰ ਤੇ ਤਿਆਰ ਕੀਤਾ। ਡੇਢ ਸਾਲ ਪਿੱਛੋਂ ਗੁਰੂ ਜੀ ਨੇ ਨਦੌਣ ਦੇ ਯੁੱਧ ਵਿੱਚ ਭਾਗ ਲਿਆ ਅਤੇ ਵੱਡੇ ਹਮਲਾਵਰ ਅਲਫ ਖਾਂ ਦੇ ਵਿਰੁੱਧ ਰਾਜਾ ਭੀਮ ਚੰਦ ਤੇ ਉਸ ਦੇ ਸਾਥੀ ਰਾਜਿਆਂ ਦੀ ਮਦਦ ਕੀਤੀ ਕਿਉਂਕਿ ਗੁਰੂ ਜੀ ਦੀ ਭੀਮ ਚੰਦ ਨਾਲ ਕੋਈ ਦਿਲੀ ਦੁਸ਼ਮਨੀ ਨਹੀਂ ਸੀ। ਫਿਰ ਕਈ ਵਰ੍ਹਿਆਂ ਤੱਕ ਸ਼ਾਂਤੀ ਬਣੀ ਰਹੀ। ਸੰਨ 1694 ਦੇ ਅੰਤ 'ਚ ਕਾਂਗੜੇ ਦੇ ਫੌਜਦਾਰ ਦਿਲਾਵਰ ਖਾਂ ਨੇ ਆਪਣੇ ਪੁੱਤ੍ਰ ਨੂੰ ਅਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ ਜੋ ਲੜਾਈ ਅਰੰਭ ਹੋਣ ਤੋਂ ਪਹਿਲਾਂ ਹੀ ਵਾਪਸ ਭੱਜ ਗਿਆ।

ਖਾਲਸੇ ਦੀ ਸਾਜਨਾ ਤੇ ਉਪਦੇਸ਼–ਖਾਲਸਾ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਚ ਪਹਿਲੇ ਭਗਤ ਕਬੀਰ ਜੀ ਨੇ ਵਰਤਿਆ ਕਿ–ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥(ਸ਼ਬਦ ਗੁਰੂ ਗ੍ਰੰਥ) ਭਾਵ ਖਾਲਸਾ ਉਹ ਹੈ ਜੋ ਖਾਲਿਕ ਤੇ ਖਲਕਿਤ ਨਾਲ ਪ੍ਰੇਮ ਕਰਨਾ ਜਾਣਦਾ ਹੈ। ਗੁਰੂ ਸਾਹਿਬ ਨੇ ਇਸੇ ਪ੍ਰੇਮ ਧਾਰਾ ਨੂੰ ਜੀਵਨ 'ਚ ਧਾਰਨ, ਸਦਾ ਲਈ ਊਚ–ਨੀਚ ਖਤਮ ਕਰਨ, ਜਾਤ–ਪਾਤੀ ਸਿਸਟਮ ਤੋੜਨ, ਸਭ ਨੂੰ ਸਵੈਮਾਣਤਾ ਨਾਲ ਜੀਣ, ਥੋਥੇ ਕਰਮਕਾਂਡਾਂ ਦੀ ਗੁਲਾਮੀ ਦੀ ਸੰਗਲੀ ਗਲੋਂ ਲਾਹੁਣ, ਸੰਤ–ਸਿਪਾਹੀ ਬਿਰਤੀ ਦੇ ਮਾਲਕ ਹੋ, ਨਿਤ ਵਿਕਾਰਾਂ ਨਾਲ ਜੂਝਣ, ਖਾਣ ਪੀਣ ਤੇ ਰਹਿਣ ਸਾਹਿਣ ਦੇ ਵਰਨਵੰਡੀ ਭਰਮਾ ਭੁਲੇਖਿਆਂ ਨੂੰ ਦੂਰ ਕਰ, ਹੱਥੀਂ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਤੇ "ਏਕ ਪਿਤਾ ਏਕਸੁ ਕੇ ਹਮ ਬਾਰਿਕ" ਹੋਣ ਦਾ ਅਹਿਸਾਸ ਮਹਿਸੂਸ ਕਰਕੇ, ਸਦਾ ਚੜ੍ਹਦੀ ਕਲਾ 'ਚ ਜੀਣ, ਇੱਕ ਅਕਾਲ ਦੇ ਝੰਡੇ ਥੱਲੇ ਆਉਣ ਲਈ ਨਾਮ ਅੰਮ੍ਰਿਤ ਦੀ ਦਾਤ ਬਖਸ਼ਦੇ ਸਿਧਾਂਤਿਕ ਅੰਮ੍ਰਿਤਪਾਨ ਕਰਵਾਇਆ। ਵੈਸਾਖ ਸੰਨ 1699 ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਵੱਡਾ ਇਕੱਠ ਹੋਇਆ। ਗੁਰੂ ਜੀ ਨੇ ਵੱਖ ਵੱਖ ਇਲਾਕੇ ਤੇ ਵੱਖ ਵੱਖ ਜਾਤਾਂ 'ਚੋਂ ਪੰਜਾਂ ਦੀ ਚੋਣ ਕੀਤੀ। ਇਕੱਠ 'ਚ ਵਾਰੀ–ਵਾਰੀ ਭਾ. ਦਇਆ ਰਾਮ, ਭਾ. ਧਰਮ ਚੰਦ, ਭਾ. ਹਿੰਮਤ ਰਾਏ, ਭਾ. ਮੋਹਕਮ ਚੰਦ ਅਤੇ ਭਾ. ਸਾਹਿਬ ਚੰਦ ਹਾਜ਼ਰ ਹੋਏ। ਗੁਰੂ ਜੀ ਨੇ ਪਹਿਲਾਂ ਉਨ੍ਹਾਂ ਨੂੰ ਸ਼ਬਦ ਗਿਆਨ ਦਾ ਨਾਮ ਅੰਮ੍ਰਿਤ ਛਕਾਇਆ। ਸਾਰਿਆਂ ਦੇ ਨਾਮ ਨਾਲ ਸਿੰਘ ਤੇ ਕੌਰ ਲਗਾ ਕੇ ਵਲੱਖਣਤਾ ਬਖਸ਼ੀ। ਅੰਮ੍ਰਿਤ ਛਕਣ ਤੋਂ ਬਾਅਦ ਹਰ ਸਿੱਖ ਨੂੰ ਕੇਵਲ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਸਰਬਸਾਂਝੀ ਗਿਆਨਮਈ ਬਾਣੀ ਪੜ੍ਹਨ, ਵਿਚਾਰਨ ਤੇ ਧਾਰਨ ਦਾ ਤਾਗੀਦੀ ਆਦੇਸ਼ ਦਿੱਤਾ। ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰੇ ਦਾ ਧਾਰਨੀ ਹੋਣਾ ਫੌਜੀ ਰਹਿਤ ਦੱਸੀ। ਵੱਡੀ ਗਿਣਤੀ 'ਚ ਲੋਕਾਂ ਨੇ ਵਿਸਾਖੀ ਨੂੰ ਗੁਰੂ ਪਾਸੋਂ ਨਾਮ ਅੰਮ੍ਰਿਤ ਖੰਡੇ ਦੀ ਪਾਹੁਲ ਲੈ ਕੇ ਇਨਸਾਨੀਅਤ ਵਾਲਾ ਨਵਾਂ ਜੀਵਨ ਸ਼ੁਰੂ ਕੀਤਾ। ਅੰਮ੍ਰਿਤ ਛੱਕਣਾ ਕੋਈ ਕਰਾਮਾਤ, ਕਰਮਕਾਂਡ ਜਾਂ ਹਊਆ ਨਹੀਂ ਸਗੋਂ ਗੁਰੂ ਗਿਆਨ ਦੁਆਰਾ ਸਮਝ ਕੇ ਲਿਆ ਗਿਆ ਗੈਰਤ ਤੇ ਅਣਖ ਨਾਲ ਸੁਚੱਜਾ ਜੀਵਨ ਜੀਣ ਦਾ ਪ੍ਰਣ ਹੈ।

ਅਨੰਦਪੁਰ ਸਾਹਿਬ ਵਿਖੇ ਹੀ ਖਾਲਸਾ ਫੌਜ ਨੂੰ ਮਾਰਸ਼ਲ ਵਿਦਿਆ ਗਤਕਾ ਆਦਿਕ ਸ਼ਸਤ੍ਰ ਵਿਦਿਆ ਸਿਖਲਾਈ ਗਈ। ਹੋਲੀ ਤੇ ਲੋਕ ਨਸ਼ੇ ਪੀ ਇਕ ਦੂਜੇ ਤੇ ਰੰਗ ਪਾਉਂਦੇ ਸਮੇ ਗੰਦ ਸੁਟਦੇ ਤੇ ਗਾਲੀ–ਗਲੋਚ ਵੀ ਕਰਦੇ ਸਨ ਤਾਂ ਗੁਰੂ ਜੀ ਨੇ ਹੋਲਾ–ਮਹੱਲਾ ਸ਼ੁਰੂ ਕੀਤਾ ਅਤੇ ਸਾਰੇ ਪੰਜਾਬ ਭਾਰਤ 'ਚ ਸੁਨੇਹੇ ਭੇਜ ਦਿੱਤੇ ਕਿ ਹੁਣ ਧਨ ਪਦਾਰਥਾਂ ਦੇ ਨਾਲ, ਚੰਗੇ ਘੋੜੇ, ਸ਼ਸ਼ਤਰ ਤੇ ਜਵਾਨ ਲੈ ਕੇ ਆਓ–ਜਬ ਹਮਰੇ ਦਰਸ਼ਨ ਕਉ ਆਵੋ। ਬਨ ਸੁਚੇਤ ਤਨਿ ਸ਼ਸ਼ਤਰ ਸਜਾਵੋ। ਕਮਰ ਕਸਾ ਕਰਿ ਦਿਓ ਦਿਖਾਈ। ਹਮਰੀ ਖੁਸ਼ੀ ਹੋਏ ਅਧਿਕਾਈ। ਇਉਂ ਖਾਲਸੇ ਨੂੰ ਕਿਰਤ ਵਿਰਤ ਕਰਦੇ ਸ਼ਸ਼ਤਰਾਂ ਨਾਲ ਸਨਦਬੱਧ ਹੋ ਸਵੈਮਾਨ ਨਾਲ ਜੀਵਨ ਦਾ ਉਪਦੇਸ਼ ਦਿਤਾ।

ਮਸੰਦ ਸਿਸਟਮ ਖਤਮ ਕਰਨਾ–ਮਸੰਦ ਸਿਸਟਮ ਜੋ ਗੁਰੂ ਰਾਮਦਾਸ ਤੋਂ ਚਲਿਆ ਆ ਰਿਹਾ ਹੁਣ ਏਨਾਂ ਭ੍ਰਿਸ਼ਟ ਹੋ ਚੁੱਕਾ ਸੀ ਕਿ ਉਹ ਸਮਾਕ ਭਲਾਈ ਵਾਲੇ ਗੁਰੂ ਕਾਰਜਾਂ ਲਈ ਦਸਵੰਦ 'ਚ ਹੇਰਫੇਰੀ, ਸਿੱਖਾਂ ਨੂੰ ਬੁਰਾ ਭਲਾ ਬੋਲਣਾ ਤੇ ਇਖਲਾਕ ਤੋਂ ਡਿੱਗ ਚੁੱਕਾ ਹੋਣ ਕਰਕੇ ਬੰਦ ਕਰ ਦਿੱਤਾ ਤੇ ਸਿੱਖ ਖੁਦ ਦਸਵੰਦ ਸਿੱਧਾ ਗੁਰੂ ਭੇਟ ਕਰਨ ਤੇ ਚੰਗੇ ਕੰਮਾਂ ਤੇ ਲਾਉਣ ਲੱਗ ਪਏ।

1704 ਈ. ਵਿੱਚ ਪਹਾੜੀ ਰਾਜਿਆਂ ਨੇ ਦਸ਼ਮੇਸ਼ ਵਿਰੁੱਧ ਔਰੰਗਜ਼ੇਬ ਅੱਗੇ ਫ਼ਰਿਆਦ ਕੀਤੀ ਤਾਂ ਔਰੰਗਜ਼ੇਬ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਲਾਹੌਰ ਅਤੇ ਸਰਹੰਦ ਦੇ ਸੂਬੇਦਾਰਾਂ ਨੂੰ ਫੁਰਮਾਨ ਜਾਰੀ ਕਰ ਦਿੱਤੇ। ਇਸ ਤਰ੍ਹਾਂ ਲਾਹੌਰ, ਸਰਹੰਦ ਅਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਦੀ ਵੱਡੀ ਗਿਣਤੀ ਫੌਜ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਗੁਰੂ ਜੀ ਦੇ ਸੂਰਬੀਰ ਯੋਧਿਆਂ ਨੇ ਕਈ ਮਹੀਨੇ ਡਟ ਕੇ ਬਹਾਦਰੀ ਨਾਲ ਮੁਕਾਬਲਾ ਕੀਤਾ। ਖ਼ਾਲਸਾ ਫੌਜ ਦੇ ਛਾਪਾਮਾਰ ਹਮਲਿਆਂ ਨਾਲ ਦੁਸ਼ਮਣ ਦੇ ਹੌਂਸਲੇ ਪਸਤ ਹੋ ਗਏ ਓਧਰ ਲੰਮੇ ਸਮੇਂ ਤੱਕ ਨਿੱਤ ਦੀ ਲੜਾਈ ਕਾਰਨ ਹੋ ਰਹੀਆਂ ਸ਼ਹੀਦੀਆਂ ਕਾਰਕੇ ਖ਼ਾਲਸਾ ਫੌਜ ਦੀ ਗਿਣਤੀ ਵੀ ਘਟਦੀ ਜਾ ਰਹੀ ਸੀ। ਰਸਤ–ਪਾਣੀ ਵੀ ਮੁੱਕੀ ਜਾ ਰਿਹਾ ਸੀ ਪਰ ਸਿੰਘਾਂ ਨੇ ਆਪਣਾ ਸਾਹਸ ਨਹੀਂ ਛੱਡਿਆ। ਦੁਸ਼ਮਣਾਂ ਵੱਲੋਂ ਖਾਧੀਆਂ ਕਸਮਾਂ ਉਪ੍ਰੰਤ 6–7 ਪੋਹ ਬਿਕ੍ਰਮੀ ਸੰਮਤ 1761 ਦੀ ਰਾਤ ਨੂੰ ਗੁਰੂ ਜੀ ਨੇ ਆਨੰਦਪੁਰ ਸਾਹਿਬ ਨੂੰ ਛੱਡ ਦਿੱਤਾ। ਕਿਲ੍ਹਾ ਖਾਲੀ ਕਰਕੇ ਹਾਲੀ ਗੁਰੂ ਜੀ ਕੀਰਤਪੁਰ ਵੀ ਨਹੀਂ ਪਹੁੰਚੇ ਸਨ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ ਤੋੜ ਕੇ ਪਿਛੋਂ ਹਮਲਾ ਕਰ ਦਿੱਤਾ। ਸੱਤ ਪੋਹ ਦੀ ਸਵੇਰੇ ਸਰਸਾ ਨਦੀ ਦੇ ਕੰਢੇ ਭਿਆਨਕ ਜੰਗ ਹੋਈ ਤੇ ਨਦੀ ਪਾਰ ਕਰਦਿਆਂ ਗੁਰੂ ਜੀ ਦਾ ਪ੍ਰਵਾਰ ਤਿੰਨ ਹਿਸਿਆਂ 'ਚ ਵੰਡਿਆ ਗਿਆ। ਕੁਝ ਸਿੰਘ ਮੁਕਾਬਲਾ ਕਰਦੇ ਸ਼ਹੀਦ ਹੋ ਗਏ ਤੇ ਕੁਝ ਅਲੱਗ–ਥਲੱਗ ਹੋ ਗਏ। ਮਾਤ ਸੁੰਦਰੀ, ਭਾ. ਮਨੀ ਸਿੰਘ ਨਾਲ ਦਿੱਲੀ ਨੂੰ ਆ ਗਏ, ਵੱਡੇ ਮਾਤ ਗੁਜਰੀ ਜੀ ਦੋ ਛੋਟੇ ਸਾਹਿਬਜ਼ਾਦਿਆਂ ਨਾਲ, ਸਰਸਾ ਦੇ ਕੰਡੇ ਚਲਦੇ ਮੋਰਿੰਡੇ ਪਹੁੰਚੇ। ਅਨੰਦਪੁਰ ਸਾਹਿਬ ਤੋਂ ਚੱਲਣ ਸਮੇਂ ਪਾਤਸ਼ਾਹ ਨਾਲ ਡੇਢ ਕੁ ਹਜ਼ਾਰ ਸਿੰਘ ਸਿੰਘਣੀਆਂ ਸਨ ਪਰ ਸਰਸਾ ਦੀ ਜੰਗ ਉਪ੍ਰੰਤ ਨਦੀ ਪਾਰ ਕਰਦਿਆਂ ਗੁਰੂ ਜੀ ਨਾਲ ਕੇਵਲ 40 ਰਹੇ ਗਏ ਜਿਨ੍ਹਾਂ 'ਚ ਪੰਜ ਪਿਆਰੇ ਤੇ ਦੋ ਵੱਡੇ ਸਾਹਿਬਜ਼ਾਦੇ ਸਨ ਜੋ ਚਮਕੌਰ ਪਹੁੰਚੇ ਤੇ ਅਗਲੀ ਰਣਨੀਤੀ ਲਈ ਕੱਚੀ ਗੜ੍ਹੀ 'ਚ ਮੋਰਚੇ ਸੰਭਾਲ ਲਏ। ਅੱਠ ਤੇ ਨੌਂ ਪੋਹ ਨੂੰ ਚਮਕੌਰ ਸਾਹਿਬ ਵਿਖੇ ਘਮਸਾਨ ਦਾ ਯੁੱਧ ਹੋਇਆ ਜਿਸ ਵਿੱਚ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰੇ ਭਾ. ਮੋਹਕਮ ਸਿੰਘ, ਭਾ. ਹਿੰਮਤ ਸਿੰਘ ਅਤੇ ਭਾ. ਸਾਹਿਬ ਸਿੰਘ ਸਮੇਤ 37 ਸਿੰਘ ਸ਼ਹੀਦ ਹੋ ਗਏ ਤੇ ਦਸ਼ਮੇਸ਼ ਜੀ ਤਿੰਨ ਸਿੰਘਾਂ ਭਾ. ਦਇਆ ਸਿੰਘ, ਭਾ. ਧਰਮ ਸਿੰਘ ਤੇ ਭਾ. ਮਾਨ ਸਿੰਘ ਮਾਛੀਵਾੜੇ ਦੇ ਜੰਗਲਾਂ ਵੱਲ ਚੱਲ ਪਏ। ਭਾ. ਸੰਗਤ ਸਿੰਘ ਜੀ ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਨੇ ਗੜ੍ਹੀ ਛੱਡਣ ਤੋਂ ਪਹਿਲਾਂ ਆਪਣੀ ਕਲਗੀ ਤੇ ਬਸਤ੍ਰ ਪਹਿਨਾਏ, ਸੰਗਤ ਸਿੰਘ ਸਮੇਤ ਬਾਕੀ ਦੇ ਸਾਰੇ ਸਿੰਘ ਇੱਥੇ ਸ਼ਹੀਦ ਹੋ ਗਏ।

ਦੋ ਛੋਟੇ ਸਾਹਿਬਜ਼ਾਦਿਆਂ ਸਮੇਤ ਮਾਤਾ ਗੁਜਰੀ ਨੂੰ ਗੰਗੂ ਬ੍ਰਾਹਮਣ ਮੋਰਿੰਡੇ ਨੇੜੇ ਪਿੰਡ ਖੇੜੀ ਲੈ ਗਿਆ। ਘਰ ਜਾ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਮੋਰਿੰਡੇ ਦੇ ਥਾਣੇਦਾਰ ਕੋਲ ਬੱਚਿਆਂ ਨੂੰ ਫੜਾ ਦਿੱਤਾ। ਥਾਣੇਦਾਰ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਕੇ 10 ਪੋਹ ਨੂੰ ਸੂਬਾ ਸਰਹਿੰਦ ਦੇ ਹਵਾਲੇ ਕੀਤਾ। ਪਹਿਲੀ ਰਾਤ ਉਨ੍ਹਾਂ ਨੂੰ ਕਿਲ੍ਹੇ ਦੇ ਠੰਢੇ ਬੁਰਜ ਵਿੱਚ ਰੱਖਿਆ ਗਿਆ। ਦੂਜੇ ਦਿਨ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਕਚਹਿਰੀ ਵਿੱਚ ਬੱਚਿਆਂ ਨੂੰ ਦੀਨ ਕਬੂਲ ਕਰਨ ਲਈ ਕਈ ਲਾਲਚ ਤੇ ਡਰ ਦਿੱਤੇ ਗਏ, ਬੱਚੇ ਨਾ ਘਬਰਾਏ, ਜਿਸ ਉਪ੍ਰੰਤ ਦੀਵਾਨ ਸੁੱਚਾ ਨੰਦ ਨੇ ਵਜੀਰ ਖ਼ਾਂ ਨੂੰ ਭੜਕਾਇਆ ਤੇ ਕਾਜ਼ੀ ਪਾਸੋਂ ਮੌਤ ਦਾ ਫਤਵਾ ਜਾਰੀ ਕਰਵਾ ਦਿੱਤਾ। ਤੇਰਾਂ ਪੋਹ ਨੂੰ ਦੋਵੇਂ ਸਾਹਿਬਜ਼ਾਦਿਆਂ ਨੂੰ ਦੀਵਾਰ ਦੀਆਂ ਨੀਹਾਂ 'ਚ ਚਿਣ ਕੇ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਨ ਉਪ੍ਰੰਤ ਕਈ ਦਿਨਾਂ ਤੋਂ ਭੁੱਖ ਅਤੇ ਕੜਾਕੇ ਦੀ ਠੰਡ ਨਾਲ ਮਾਤ ਗੁੱਜਰ ਕੌਰ ਜੀ ਦਾ ਸਰੀਰ ਵੀ ਨਿਢਾਲ ਹੋ ਗਿਆ ਤੇ ਜ਼ਾਲਮਾਂ ਨੇ ਉਨ੍ਹਾਂ ਨੂੰ ਵੀ ਬੁਰਜ ਤੋਂ ਧੱਕਾ ਦੇ ਦਿੱਤਾ, ਮਾਤਾ ਜੀ ਵੀ ਸ਼ਹੀਦੀ ਜਾਮ ਪੀ ਗਏ।

ਚਮਕੌਰ ਦੀ ਹਵੇਲੀ 'ਚੋਂ ਨਿਕਲਣ ਤੋਂ ਬਾਅਦ ਗੁਰੂ ਜੀ ਗੁਲਾਬੇ ਮਸੰਦ ਦੇ ਘਰ ਮਾਛੀਵਾੜੇ ਠਹਿਰੇ ਜਿੱਥੋਂ ਉਨ੍ਹਾਂ ਦੇ ਮੁਸਲਮਾਨ ਸ਼ਰਧਾਲੂਆਂ ਭਾ. ਨਬੀ ਖ਼ਾਨ, ਗ਼ਨੀ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਨੂੰ ਉੱਚ ਦਾ ਪੀਰ ਬਣਾ ਕੇ ਪਿੰਡ ਹੇਹਰਾਂ ਤੱਕ ਪਹੁੰਚਾਇਆ ਤੇ ਉੱਥੋਂ ਚੱਲ ਪਿੰਡ ਦੀਨੇ ਪਹੁੰਚੇ। ਇੱਥੇ ਹੀ ਗੁਰੂ ਸਾਹਿਬ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤ ਗੁੱਜਰ ਕੌਰ ਜੀ ਦੀ ਸ਼ਹੀਦੀ ਦਾ ਪਤਾ ਲੱਗਾ ਤੇ ਉਨ੍ਹਾਂ ਨੇ ਔਰੰਗਜ਼ੇਬ ਨੂੰ ਫ਼ਾਰਸੀ ਵਿੱਚ ਜਿੱਤ ਦੀ ਚਿੱਠੀ ਲਿਖੀ। ਓਧਰ ਗੁਰੂ ਜੀ ਚਮਕੌਰ, ਮਾਛੀਵਾੜਾ, ਕਨੇਚ, ਆਲਮਗੀਰ, ਹੇਹਰ, ਲੰਮੇ, ਰਾਇਕੋਟ, ਦੀਨਾ ਆਦਿ ਤੋਂ ਹੁੰਦੇ ਹੋਏ ਕੋਟਕਪੂਰਾ ਪੁੱਜੇ ਤਾਂ ਪਤਾ ਲੱਗਾ ਕਿ ਸੂਬਾ ਸਰਹਿੰਦ ਭਾਰੀ ਲਾਓ–ਲਸ਼ਕਰ ਨਾਲ ਆਪ ਜੀ ਦਾ ਪਿੱਛਾ ਕਰਦਾ ਹੋਇਆ ਆ ਰਿਹਾ ਹੈ। ਗੁਰੂ ਜੀ ਨੇ ਯੁੱਧ ਨੀਤੀ ਅਨੁਸਾਰ ਖਿਦਰਾਣੇ ਦੀ ਢਾਬ ਤੇ ਮੋਰਚਾ ਬਣਾ ਉਸ ਨਾਲ ਟਾਕਰਾ ਕਰਨਾ ਵਧੇਰੇ ਯੋਗ ਸਮਝਿਆ। ਮਾਝੇ ਦੇ ਸਿੰਘਾਂ ਦਾ ਜੱਥਾ ਜਦੋਂ ਗੁਰੂ ਪਾਤਸ਼ਾਹ ਦੀ ਭਾਲ ਕਰਦਾ ਹੋਇਆ ਖਿਦਰਾਣੇ ਦੀ ਢਾਬ ਪਾਸ ਪੁੱਜਾ ਤਾਂ ਇਨ੍ਹਾਂ ਨੂੰ ਵੀ ਵਜ਼ੀਦ ਖ਼ਾਨ ਦੀ ਫੌਜ ਦੇ ਪੁੱਜਣ ਦੀ ਖ਼ਬਰ ਮਿਲੀ, ਜਿਸ 'ਤੇ ਸਿੰਘਾਂ ਨੇ ਆਪੋ–ਆਪਣੇ ਮੋਰਚੇ ਸੰਭਾ਼ਲ ਲਏ। ਸਾਰੀ ਮੁਗ਼ਲ ਫੌਜ ਵੀ ਉਸੇ ਪਾਸੇ ਝੁਕ ਗਈ। ਉਧਰ ਮਾਤਾ ਭਾਗ ਕੌਰ ਅਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਦੁਸ਼ਮਣ ਫੌਜ਼ਾਂ 'ਤੇ ਹੱਲਾ ਬੋਲ ਦਿੱਤਾ, ਸੈਂਕੜੇ ਮੁਗ਼ਲ ਫੌਜੀ ਮਾਰੇ ਗਏ। ਦਸਮੇਸ਼ ਜੀ ਨੇ ਵੀ ਟਿੱਬੀ ਤੋਂ ਤੀਰਾਂ ਦੀ ਝੜੀ ਲਾ ਦਿੱਤੀ। ਬਹੁਤ ਸਾਰੇ ਦੁਸ਼ਮਣ ਜਰਨੈਲ ਗੁਰੂ ਜੀ ਦੇ ਤੀਰਾਂ ਦੀ ਭੇਟ ਚੜ੍ਹੇ। ਬਹਾਦਰ ਸਿੰਘ ਤਲਵਾਰਾਂ ਲੈ ਕੇ ਮੁਗ਼ਲਾਂ ਉੱਤੇ ਟੁੱਟ ਪਏ। ਮੁਗ਼ਲਾਂ ਦੇ ਮੈਦਾਨੋਂ ਭੱਜਣ 'ਤੇ ਗੁਰੂ ਜੀ ਨੇ ਰਣਭੂਮੀ 'ਚ ਆ ਕੇ ਵੇਖਿਆ ਕਿ ਢਾਬ ਦੇ ਕੰਢੇ ਜ਼ਖਮੀ ਹਾਲਤ ਵਿੱਚ ਮਾਤਾ ਭਾਗੋ ਬੈਠੀ ਹੋਈ ਸੀ।

ਸਹਿਕਦੇ ਹੋਏ ਭਾਈ ਮਹਾਂ ਸਿੰਘ ਜੀ ਨੂੰ ਕਲਗੀਧਰ ਨੇ ਗੋਦ 'ਚ ਲਿਆ ਤੇ ਅੰਤਮ ਇੱਛਾ ਬਾਰੇ ਪੁੱਛਿਆ ਤਾਂ ਭਰੀਆਂ ਅੱਖਾਂ ਨਾਲ ਮਹਾਂ ਸਿੰਘ ਨੇ ਕਿਹਾ,ਅੰਤ ਸਮੇਂ ਆਪ ਦੇ ਦਰਸ਼ਨ ਹੋ ਗਏ, ਹੋਰ ਕੋਈ ਇਛਾ ਆਸ ਨਹੀਂ ਰਹੀ ਜੇ ਆਪ ਤੁੱਠੇ ਹੋ ਤਾਂ ਕਿਰਪਾ ਕਰੋ ਕਿ ਬਿਖੜੇ ਹਾਲਤਾਂ ਕਾਰਨ ਅਸੀਂ ਆਪ ਜੀ ਤੋਂ ਵਿੱਛੜ ਗਏ ਸਾਂ ਉਸ ਨੂੰ ਨਾ ਚਿਤਾਰਦੇ ਹੋਏ ਸਾਨੂੰ ਬਖ਼ਸ਼ ਲਉ। ਸ਼ਹਿਨਸ਼ਾਹ ਗੁਰੂ ਨੇ ਭਾਈ ਮਹਾਂ ਸਿੰਘ ਦੀ ਭਾਵਨਾ ਪੂਰੀ ਕੀਤੀ ਅਤੇ ਭਾਈ ਮਹਾਂ ਸਿੰਘ ਗੁਰੂ ਗੋਦ ਵਿਖੇ ਹੀ ਅਕਾਲ ਚਲਾਣਾ ਕਰ ਗਏ। ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਵਾ ਕੇ ਗੁਰੂ ਸਾਹਿਬ ਜੀ ਇੱਥੋਂ 20–21 ਜਨਵਰੀ 1706 ਈ. ਦੇ ਨੇੜੇ ਸਾਬੋ ਦੀ ਤਲਵੰਡੀ ਪਹੁੰਚ ਗਏ। ਇੱਥੇ ਦਮਦਮਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੌਂ ਮਹੀਨੇ ਨੌਂ ਦਿਨ ਠਹਿਰੇ, ਜਿਸ ਦੌਰਾਨ ਲਿਖਾਰੀ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕਰਵਾਏ ਤੇ ਗੁਰੂ ਗ੍ਰੰਥ ਦੇ ਅਰਥ ਸਿਖਾਏ। ਕੋਈ ਨਿਰਮਲਾ ਭਗਵਾਰੰਗੀ ਸਾਧੜਿਆਂ ਦੀ ਟਕਸਾਲ ਨਹੀਂ ਚਲਾਈ ਸਗੋਂ ਗੁਰਮਤਿ ਪ੍ਰਚਾਰ ਦੀ ਸੇਵਾ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਨੂੰ ਸੌਂਪੀ ਜੋ ਅੱਗੇ ਸਿਖਾਉਂਦੇ ਰਹੇ। ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਵੀ ਦਿਲੀ ਤੋਂ ਗੁਰੂ ਜੀ ਦੇ ਸੱਦੇ 'ਤੇ ਪਹਿਲੀ ਵਾਰ ਦਮਦਮਾ ਸਾਹਿਬ ਵਿਖੇ 1706 ਦੀ ਵੈਸਾਖੀ ਨੂੰ ਪਹੁੰਚੀਆਂ ਜਦ ਚਾਰੇ ਸਾਹਿਬਜ਼ਾਦੇ ਨਜ਼ਰ ਨਾਂ ਆਏ ਤਾਂ ਪੁੱਛਣ 'ਤੇ ਗੁਰੂ ਪਾਤਸ਼ਾਹ ਨੇ ਭਰੇ ਦੀਵਾਨ ਵਿੱਚ ਬੈਠੇ ਸਿੰਘਾਂ ਵੱਲ ਇਸ਼ਾਰਾ ਕਰਕੇ ਕਿਹਾ–ਇਨ ਪੁਤਰਨ ਕੇ ਸੀਸ ਪਹਿ, ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜਾਰ। ਭਾਵ ਇਹ ਚਾਰ ਹੀ ਨਹੀਂ ਸਗੋਂ ਬਾਕੀ ਹਜਾਰਾਂ ਜੀਵਤ ਮੇਰੇ ਹੀ ਸਾਹਿਬਜ਼ਾਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਇੱਥੋਂ 30 ਅਕਤੂਬਰ 1706 ਈ. ਨੂੰ ਦੱਖਣ ਵੱਲ ਚੱਲ ਪਏ। ਔਰੰਗਜ਼ੇਬ 21 ਫਰਵਰੀ,1707 ਨੂੰ ਸਪੁਰਦੇ–ਖਾਕ ਹੋ ਗਿਆ। ਬਹਾਦਰ ਸ਼ਾਹ ਨੇ ਦਿੱਲੀ ਦੇ ਤਖ਼ਤ 'ਤੇ ਬੈਠਣ ਲਈ ਮਦਦ ਮੰਗੀ ਤਾਂ ਪਾਤਸ਼ਾਹ ਨੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਜੀ ਦੀ ਕਮਾਨ ਹੇਠ ਜੱਥਾ ਭੇਜਿਆ। ਬਹਾਦਰ ਸ਼ਾਹ ਦੀ ਜਿੱਤ ਹੋਈ, ਉਹ ਤਖ਼ਤ 'ਤੇ ਬੈਠ ਗਿਆ। ਆਗਰੇ ਤੋਂ ਗੁਰੂ ਸਾਹਿਬ ਅਤੇ ਬਹਾਦਰ ਸਾਹ ਦੇ ਕਾਫਲੇ 13 ਮਈ, 1708 ਦੇ ਦਿਨ ਬੁਰਹਾਨਪੁਰ ਪੁੱਜੇ। ਵਜੀਰ ਖਾਨ ਦੇ ਨੁਮਾਇੰਦਿਆਂ ਦਾ ਮੇਲ ਬਾਦਸ਼ਾਹ ਨਾਲ ਬੁਰਹਾਨਪੁਰ ਹੋਇਆ ਕਿਉਂਕਿ ਬਹਾਦਰ ਸਾਹ, ਮਈ, 1708 ਦੇ ਦੋ ਹਫਤੇ ਨਰਮਦਾ ਦਰਿਆ ਵਿੱਚ ਹੜ੍ਹ ਆਏ ਹੋਣ ਕਾਰਨ ਬੁਰਹਾਨਪੁਰ ਰੁਕਿਆ ਰਿਹਾ ਸੀ। ਵਜੀਰ ਖਾਨ–ਸੂਬਾ ਸਰਹੰਦ ਦੇ ਏਲਚੀਆਂ ਦੁਆਰਾ ਮਿਲੀ ਰਕਮ ਕਾਰਨ ਬਹਾਦਰ ਸ਼ਾਹ ਦੀ ਨੀਅਤ ਬਦਲ ਗਈ, ਉਸ ਨੇ ਗੁਰੂ ਸਾਹਿਬ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੱਤਾ। ਦਰਅਸਲ, ਹੁਣ ਉਹ ਵਜੀਰ ਖਾਂ ਖ਼ਿਲਾਫ ਕਾਰਵਾਈ ਨਹੀਂ ਕਰਨੀ ਚਾਹੁੰਦਾ ਸੀ। ਗੁਰੂ ਸਾਹਿਬ ਅਤੇ ਬਹਾਦਰ ਸਾਹ ਵਿੱਚ ਆਖਰੀ ਮੁਲਾਕਾਤ, 25 ਜੂਨ, 1708 ਮਗਰੋਂ ਬਾਲਾਪੁਰ ਵਿਖੇ ਅਗਸਤ, 1708 'ਚ ਹੋਈ ਤਾਂ ਗੁਰੂ ਸਾਹਿਬ ਨੇ ਸਮਝ ਲਿਆ ਕਿ ਬਹਾਦਰ ਸਾਹ ਲਾਲਚ ਵੱਸ ਸੂਬਾ ਸਰਹੰਦ ਦੁਆਰਾ ਮਜ਼ਲੂਮਾਂ ਉੱਤੇ ਕੀਤੀ ਗਈ ਕਾਰਵਾਈ ਨੂੰ ਬੁਰਾ ਨਹੀਂ ਮੰਨਦਾ, ਇਸ ਬਦਨੀਤੀ ਕਰਕੇ ਉਸ ਦਾ ਸਾਥ ਛੱਡ, ਗੁਰੂ ਸਾਹਿਬ ਨੰਦੇੜ ਚਲੇ ਗਏ ਤੇ ਫੈਸਲਾ ਕੀਤਾ ਕਿ ਬਾਦਸਾਹ ਤੋਂ ਆਸ ਛੱਡ, ਆਪ ਇਨਸਾਫ ਕਾਇਮ ਕੀਤਾ ਜਾਵੇ। ਜਿੱਥੇ ਉਨ੍ਹਾਂ ਦਾ ਮੇਲ 3 ਸਤੰਬਰ 1708 ਦੇ ਦਿਨ ਮਾਧੋ ਦਾਸ ਬੈਰਾਗੀ ਨਾਲ ਗੋਦਾਵਰੀ 'ਤੇ ਹੋਇਆ ਜਿੱਥੇ ਉਹ ਤਖਤਪੋਸ਼ ਤੇ ਗੱਦੀ ਲਗਾ ਬੈਠ ਆਏ ਗਏ ਲੋਗਾਂ ਨੂੰ ਕਰਾਮਾਤ ਦੇ ਡਰਾਵਿਆਂ ਨਾਲ ਡਰਾਉਂਦਾ ਸੀ। ਲੋਕ ਉਸ ਨੂੰ ਬਲੀਦਾਨ ਲਈ ਬੱਕਰੇ ਭੇਟ ਕਰਦੇ ਸਨ। ਗੁਰੂ ਦੇ ਇਸ਼ਾਰੇ ਤੇ ਸਿੰਘਾਂ ਨੇ ਜਦ ਉਸ ਦੇ ਕੁਝ ਬੱਕਰੇ ਝਟਕਾ ਦਿੱਤੇ ਤਾਂ ਉਹ ਅੱਗ ਬਲੂਲਾ ਹੋ ਕਹਿਣ ਲੱਗਾ ਤੁਸੀਂ ਇਹ ਵੱਡਾ ਪਾਪ ਕੀਤਾ ਹੈ ਤਾਂ ਪਾਤਸ਼ਾਹ ਨੇ ਗਰਜਵੀਂ ਅਵਾਜ਼ 'ਚ ਕਿਹਾ ਕਿ ਪਾਖੰਡੀ ਸਾਧਾ! ਤੈਨੂੰ ਚਾਰ ਬੱਕਰੇ ਝਟਕਾਉਣ ਦਾ ਏਨਾਂ ਦੁੱਖ ਤੇ ਪੰਜਾਬ 'ਚ ਛੱਤਰਿਆਂ ਵਰਗੇ ਜਵਾਨ ਜ਼ਾਲਮ ਨਿਤਾ ਪ੍ਰਤੀ ਝਟਕਾਈ ਜਾ ਰਹੇ ਹਨ ਤੈਨੂੰ ਉਨ੍ਹਾਂ ਦਾ ਕੋਈ ਦੁੱਖ ਨਹੀਂ ਤਾਂ ਮਾਧੋਂ ਦਾਸ ਬੈਰਾਗੀ ਚਰਨੀਂ ਢਹਿ ਪਿਆ। ਗੁਰੂ ਨੇ ਉਸ ਨੂੰ ਸਿੰਘ ਸਜਾ ਪਾਖੰਡੀ ਸਾਧ ਤੋਂ ਬੰਦਾ ਬਹਾਦਰ ਬਣਾ, ਪੰਜਾਬ ਵੱਲ ਤੋਰਿਆ ਤੇ ਉਸ ਨੇ ਜ਼ਾਲਮਾਂ ਨੂੰ ਸੋਧਦੇ ਸਾਹਿਬਜ਼ਾਦਿਆਂ ਦੇ ਕਾਤਲਾਂ ਤੇ ਦੁਸ਼ਟਾਂ ਨੂੰ ਸਖਤ ਸਜਾਵਾਂ ਦਿੱਤੀਆਂ। 5 ਅਕਤੂਬਰ 1708 ਦੇ ਦਿਨ ਬਾਬਾ ਬੰਦਾ ਸਿੰਘ ਬਹਾਦਰ ਜਦ ਨੰਦੇੜ ਤੋਂ ਚੱਲੇ, ਉਸੇ ਦਿਨ ਸ਼ਾਮ ਨੂੰ ਗੁਰੂ ਸਾਹਿਬ ਦੇ ਆਰਾਮ ਕਰਦਿਆਂ, ਗੁਲਖ਼ਾਨ ਦੀ ਮਦਦ ਨਾਲ ਜਮਸ਼ੇਦ ਖਾਨ ਪਠਾਣ ਨੇ ਉਨ੍ਹਾਂ ਉੱਤੇ ਕਟਾਰ ਨਾਲ ਵਾਰ ਕਰ ਦਿੱਤਾ ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਬੁਰੀ ਤਰ੍ਹਾਂ ਜਖ਼ਮੀ ਹੋ ਗਏ ਪਰ ਗੁਰੂ ਜੀ ਨੇ ਮੋੜਵਾਂ ਵਾਰ ਕਰਕੇ ਜਮਸ਼ੇਦ ਖਾਨ ਨੂੰ ਢੇਰੀ ਕਰ ਦਿੱਤਾ। ਗੁਰੂ ਸਾਹਿਬ ਜੀ ਆਪ ਵੀ ਗੰਭੀਰ ਜਖ਼ਮੀ ਹੋਣ ਕਾਰਨ 7 ਅਕਤੂਬਰ ਸੰਨ 1708 ਈਸਵੀ ਨੂੰ ਸਵੇਰ ਵੇਲੇ ਸ਼ਬਦ ਗੁਰੂ ਗ੍ਰੰਥ ਨੂੰ ਸਦੀਵੀ ਗੁਰਗੱਦੀ ਸੌਂਪ ਇਹ ਹੁਕਮ ਕਰਦੇ ਕਿ–ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ ਅਤੇ ਜੋ ਪ੍ਰਭ ਕਉ ਮਿਲਬੋ ਚਹੈ ਖੋਜ ਸ਼ਬਦ ਮੇਂ ਲੇ ਕਹਿ ਜੋਤੀ ਜੋਤਿ ਸਮਾ ਗਏ।

# ਜੱਜ ਦੇ ਸਾਹਮਣੇ ਰਵਿਸ਼ੰਕਰ ਬੋਲੇ, ਫਾਸਟ ਟ੍ਰੈਕ ਕੋਰਟ ਵਿਚ ਸੁਣਿਆ ਜਾਵੇ ਮੰਦਰ ਕੇਸ

**ਲਖਨਊ–** ਕੇਂਦਰੀ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਸੁਪਰੀਮ ਕੋਰਟ ਦੇ ਜੱਜ ਐਮ. ਆਰ. ਸ਼ਾਹ ਦੀ ਮੌਜੂਦਗੀ ਵਿਚ ਫਾਸਟ ਟਰੈਕ ਕੋਰਟ ਬਣਵਾ ਕੇ ਰਾਮ ਮੰਦਰ ਦੀ ਸੁਣਵਾਈ ਜਲਦੀ ਪੂਰੀ ਕਰਨ ਦੀ ਅਪੀਲ ਕੀਤੀ ਹੈ। ਉਹਨਾਂ ਦੀ ਇਸ ਅਪੀਲ ਨੂੰ ਸੁਣਦਿਆਂ ਮੰਚ ਦੇ ਹੇਠਾਂ ਬੈਠੇ ਵਕੀਲਾਂ ਨੇ ਜੈ ਸ੍ਰੀਰਾਮ ਦੇ ਨਾਅਰੇ ਲਗਾਉਣੇ ਆਰੰਭ ਕਰ ਦਿੱਤੇ। ਕਾਨੂੰਨ ਮੰਤਰੀ ਨੇ ਇਸਨੂੰ ਕਰੋੜਾਂ ਹਿੰਦੂਆਂ ਦੀ ਸ਼ਰਧਾ ਦਾ ਸਵਾਲ ਦੱਸਦੇ ਹੋਏ ਮੰਦਰ ਵਿਵਾਦ ਨੂੰ ਜਲਦੀ ਸੁਲਝਾਉਣ ਦੀ ਬੇਨਤੀ ਕੀਤੀ।

ਲਖਨਊ ਵਿਚ ਸੋਮਵਾਰ ਨੂੰ ਸਰਵ ਭਾਰਤੀ ਬੁਲਾਰਾ ਪਰਿਸ਼ਦ ਦੇ 15ਵੇਂ ਕੌਮੀ ਸੰਮੇਲਨ ਦੀ ਸ਼ੁਰੂਆਤ ਹੋਈ। ਤਿੰਨ ਦਿਨਾਂ ਇਸ ਪ੍ਰੋਗਰਾਮ ਦੇ ਪਹਿਲੇ ਦਿਨ ਕੇਂਦਰੀ ਕਾਨੂੰਨ ਮੰਤਰੀ ਰਵਿਸ਼ੰਕਰ ਪ੍ਰਸਾਦ ਮੁੱਖ ਮਹਿਮਾਨ ਸਨ। ਸੰਮੇਲਨ ਵਿਚ ਸੁਪਰੀਮ ਕੋਰਟ ਦੇ ਜਸਟਿਸ ਐਮ. ਆਰ. ਸ਼ਾਹ ਅਤੇ ਇਲਾਹਾਬਾਦ ਹਾਈ ਕੋਰਟ ਦੇ ਚੀਫ਼ ਜਸਟਿਸ ਗੋਬਿੰਦ ਮਾਥੁਰ ਅਤੇ ਜਸਟਿਸ ਏ. ਆਰ. ਮਸੂਦੀ ਨੇ ਵੀ ਸ਼ਿਰਕਤ ਕੀਤੀ।



ਆਪਣੇ ਭਾਸ਼ਣ ਦੌਰਾਨ ਕਾਨੂੰਨ ਮੰਤਰੀ ਰਵਿਸ਼ੰਕਰ ਪ੍ਰਸਾਦ ਨੇ ਮੰਚ ਤੋਂ ਸੈਂਕੜੇ ਬੁਲਾਰਿਆਂ ਦੇ ਸਾਹਮਣੇ ਰਾਮ ਮੰਦਰ ਦਾ ਮੁੱਦਾ ਉਠਾਇਆ। ਸੁਪਰੀਮ ਕੋਰਟ ਦੇ ਜੱਜ ਵੱਲ ਦੇਖਦੇ ਹੋਏ ਉਹਨਾਂ ਨੇ ਸੰਵਿਧਾਨ ਅਤੇ ਵਿਰਾਸਤ ਵਿਚਕਾਰ ਫਸੇ ਰਾਮ ਮੰਦਰ ਦੇ ਮਸਲੇ ਨੂੰ ਹੱਲ ਕਰਨ ਦੀ ਅਪੀਲ ਕੀਤੀ। ਉਹਨਾਂ ਨੇ ਸੁਪਰੀਮ ਕੋਰਟ ਦੇ ਜੱਜ ਅਤੇ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਨੰਦਲਾਲ ਬੋਸ ਦੁਆਰਾ ਲਿਖੀ ਗਈ ਸੰਵਿਧਾਨ ਦੀ 'ਮੂਲ ਕਾਪੀ' ਭੇਂਟ ਕੀਤੀ। ਕਿਤਾਬ ਦੇ ਪਹਿਲੇ ਪੰਨੇ ਦਾ ਜ਼ਿਕਰ ਕਰਦਿਆਂ ਕਾਨੂੰਨ ਮੰਤਰੀ ਨੇ ਕਿਹਾ ਕਿ ਮੌਜੂਦਾ ਸੰਵਿਧਾਨ ਤੋਂ ਪਹਿਲਾਂ ਹੀ ਪੱਛਮੀ ਬੰਗਾਲ ਦੇ ਨੰਦਲਾਲ ਬੋਸ ਨੇ ਇਸ ਸੰਵਿਧਾਨ ਨੂੰ ਲਿਖ ਦਿੱਤਾ ਸੀ।

ਇਸ 'ਤੇ ਮਹਾਤਮਾ ਗਾਂਧੀ ਤੋਂ ਲੈ ਕੇ ਡਾ. ਰਜਿੰਦਰ ਪ੍ਰਸਾਦ ਤੱਕ ਦੇ ਹਸਤਾਖਰ ਹਨ। ਉਹਨਾਂ ਦੱਸਿਆ ਕਿ ਕਿਤਾਬ ਦ ਪਹਿਲੇ ਪੰਨੇ 'ਤੇ ਰਾਮ-ਸੀਤਾ ਨੂੰ ਅਯੁਧਿਆ ਜਾਂਦੇ ਦਿਖਾਇਆ ਗਿਆ ਹੈ। ਰਵਿਸ਼ੰਕਰ ਨੇ ਕਿਹਾ ਕਿ ਇਸ ਸੰਵਿਧਾਨ ਵਿਚ ਅਕਬਰ ਨੂੰ ਸਵੀਕਾਰਿਆ ਹੈ ਪਰ ਬਾਬਰ ਦੀਆਂ ਨੀਤੀਆਂ ਨੂੰ ਨਹੀਂ। ਅੰਤ ਵਿਚ ਕਾਨੂੰਨ ਮੰਤਰੀ ਨੇ ਪ੍ਰੋਗਰਾਮ ਵਿਚ ਸ਼ਾਮਲ ਸਾਰੇ ਬੁਲਾਰਿਆਂ ਅਤੇ ਵਰਕਰਾਂ ਨੂੰ ਮੰਦਰ ਦੇ ਮੁੱਦੇ ਤੇ ਸੰਜਮ ਵਰਤਣ ਦੀ ਅਪੀਲ ਕੀਤੀ।

# ਸਟੂਡੈਂਟ ਰੋਆਇਲ ਫੈਡਰੇਸ਼ਨ ਪੰਜਾਬੀ ਕਲੱਬ ਵੱਲੋਂ ਕੋਟੀਆਂ ਦੀ ਵੰਡ



**ਭਵਾਨੀਗੜ੍ਹ–** ਅਜੋਕੇ ਸਮਾਜ ਅੰਦਰ ਜਿੱਥੇ ਮਨੁੱਖਤਾ ਵਿੱਚ ਈਰਖਾ, ਸਵਾਰਥਪੁਣਾ ਭਾਰੂ ਹੈ ਉੱਥੇ ਅਜਿਹੇ ਨੇਕ ਇਨਸਾਨ ਵੀ ਹੁੰਦੇ ਹਨ ਜੋ ਹਰ ਵੇਲੇ ਜਰੂਰਤਮੰਦਾਂ ਦੀ ਮੱਦਦ ਕਰਨ ਲਈ ਤਿਆਰ ਰਹਿੰਦੇ ਹਨ। ਅਜਿਹੀ ਸੋਚ ਦੀ ਧਾਰਨਾ ਤਹਿਤ ਸਟੂਡੈਂਟ ਰੋਆਇਲ ਫੈਂਡਰੇਸ਼ਨ ਪੰਜਾਬੀ ਕਲੱਬ ਵੱਲੋਂ ਸਸਸਸ ਚੰਨੋਂ ਵਿਖੇ ਪ੍ਰਿੰਸੀਪਲ ਗੁਰਜੀਤ ਸਿੰਘ ਦੀ ਦੇਖ ਰੇਖ ਵਿੱਚ ਲੋੜਵੰਦ ਵਿਦਿਆਰਥੀਆਂ ਦੇ ਵਿੱਚ ਕੋਟੀਆਂ ਦੀ ਵੰਡ ਕੀਤੀ ਗਈ। ਕਲੱਬ ਦੇ ਪ੍ਰਧਾਨ ਦੀਪਕ ਸ਼ਰਮਾ ਨੇ ਕਿਹਾ ਕਿ ਇਨਸਾਨੀਅਤ ਤੋਂ ਵੱਡਾ ਹੋਰ ਕੋਈ ਮਜ਼ਹਬ ਨਹੀਂ ਹੈ। ਲੋਕ ਭਲਾਈ ਦੇ ਕੰਮ ਕਰਨੇ ਇਸ ਕਲੱਬ ਦਾ ਮਿਸ਼ਨ ਹੈ। ਸਕੂਲ ਦੇ ਪ੍ਰਿੰਸੀਪਲ ਵੱਲੋਂ ਇਸ ਚੰਗੇ ਕਾਰਜ ਦੀ ਸ਼ਲਾਘਾ ਕੀਤੀ ਗਈ ਅਤੇ ਸਭਨਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਤਨਾਮ ਕੈਲੇ ਮੀਤ ਪ੍ਰਧਾਨ, ਅਮਨ ਦਾਂਦੇਆਣ ਚੇਅਰਮੈਨ, ਅਮਰਿੰਦਰ ਘੁਮਾਣ, ਲਵਪ੍ਰੀਤ ਕੈਲੇ, ਦਿਲਪ੍ਰੀਤ ਸਿੰਘ, ਨਰਿੰਦਰ ਕੌਰ, ਜਗਜੀਤ ਸਿੰਘ ਬਦੇਸ਼ਾਂ, ਪਰਮੀਤ ਕੌਰ, ਬਲਜਿੰਦਰ ਕੌਰ ਆਦਿ ਵਿਸ਼ੇਸ ਤੌਰ ਤੇ ਹਾਜ਼ਰ ਸਨ।

# ਸੁਰਿੰਦਰ ਸੀਰਤ ਦੇ ਨਾਵਲ ਭਰਮ ਭੁਲਈਆਂ ਦਾ ਲੋਕ ਅਰਪਨ

**ਜੰਮੂ–** 28 ਦਸੰਬਰ ਨੂੰ ਸਹਿਗਲ ਮੈਮੋਰੀਅਲ ਹਾਲ ਵਿਖੇ, ਪੰਜਾਬੀ ਲੇਖਕ ਸਭਾ ਜੰਮੂ ਦੇ ਅਹਿਤਮਾਮ ਨਾਲ, ਪ੍ਰੋ. ਸੁਰਿੰਦਰ ਸਿੰਘ ਸੀਰਤ ਦੀ ਤਰਮੀਮ ਸ਼ੁਦਾ ਨਾਵਲ 'ਭਰਮ ਭੁਲਈਆਂ ਦਾ ਲੋਕ ਅਰਪਨ, ਬੜੀ ਹੀ ਪ੍ਰਭਾਵ ਪੂਰਵਕ ਇਕੱਤਰਤਾ ਵਿਚ ਸਿਰੇ ਚਾੜਿਆ ਗਿਆ। ਇਸ ਦੀ ਪ੍ਰਧਾਨਤਾ ਰਿਆਸਤ ਜੰਮੂ-ਕਸ਼ਮੀਰ ਅਤੇ ਸਮੁੱਚੇ ਪੰਜਾਬੀ ਸਾਹਿਤਕ ਜਗਤ ਦੁਆਰਾ ਸਤਕਾਰਿਤ ਆਰਦਨੀਏ ਜਨਾਬ ਕੰਵਲ ਕਸ਼ਮੀਰੀ ਨੇ ਕੀਤੀ। ਪਟਿਆਲਾ ਯੂਨੀਵਰਸਿਟੀ ਤੋਂ ਪਧਾਰੇ ਪ੍ਰੋਫੈਸਰ, ਡਾਕਟਰ ਮੋਹਨ ਸਿੰਘ ਤਿਆਗੀ ਨੇ ਇਸ ਬੈਠਕ ਦੇ ਮੁੱਖ ਮਹਿਮਾਨ ਵਜੋਂ ਪਦ ਸੰਭਾਲਿਆ ਜਦ ਕਿ ਜੰਮੂ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਮੁਖੀ, ਡਾ.ਬਲਜੀਤ ਕੌਰ ਇਸ ਬੈਠਕ ਦੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਪਲਸਜ ਦੇ ਪ੍ਰਧਾਨ ਡਾ. ਮੋਨੋਜੀਤ ਨੇ ਵੀ ਪ੍ਰਧਾਨਗੀ ਮੰਚ ਦੀ ਸ਼ੋਭਾ ਵਧਾਈ।ਪਲਸਜ ਦੇ ਜਨਰਲ ਸਕੱਤਰ ਡਾ.ਬਲਜੀਤ ਰੈਨਾ ਨੇ ਸੰਚਾਲਕ ਵਜੋਂ ਇਕ ਨਿਰੋਲ ਸਾਹਿਤਕ ਕਾਰਜ ਬਖੂਬੀ ਨਿਭਾਇਆ।




ਇਸ ਵਿਚ ਡਾ. ਮੱਮਤਾ ਰਾਣੀ ਦਾ ਪਰਚਾ ਉਹਨਾਂ ਦੀ ਗੈਰ ਹਾਜ਼ਰੀ ਵਿਚ ਡਾ ਬਲਜੀਤ ਰੈਨਾ ਵਲੋਂ ਪੜਿਆ ਗਿਆ ਜਿਸ ਨੇ ਸੀਰਤ ਦੀ ਅੰਤਰ-ਮਨ ਬਚਨੀ ਦੀ ਵਿਦਾ ਨੂੰ ਪੰਜਾਬੀ ਦਾ ਇਕੋ ਇਕ ਅਤੇ ਇੱਕੋ ਇਕ ਪਾਤਰ ਦੁਆਰਾ ਸਿਰਜੇ ਗਏ ਨਾਵਲ ਦਾ ਦਾਅਵਾ ਕੀਤਾ। ਡਾ ਮੋਹਨ ਤਿਆਗੀ ਨੇ ਨਾਵਲ ਨੂੰ ਸਟਰੀਮ ਆਫ ਕਾਨਸ਼ਸਨੈਸ ਦਾ ਸਫਲ ਪ੍ਰਯੋਗ ਕਰਨ ਲਈ ਵਧਾਈ ਦਿੱਤੀ ਅਤੇ ਦਰਸਾਇਆ ਕਿ ਨਾਵਲ ਦੀ ਇਕ ਇਕ ਸੱਤਰ ਰੌਚਕਤਾ ਪ੍ਰਧਾਨ ਕਰਦੀ ਹੈ। ਪੰਜਾਬੀ ਗ਼ਜ਼ਲ ਦੇ ਪ੍ਰੋੜ ਕਵੀ ਅਤੇ ਬੱਧੀਜੀਵੀ ਸ. ਅਜੀਤ ਸਿੰਘ ਮਸਤਾਨਾ ਨੇ ਸੀਰਤ ਪ੍ਰਤੀ ਵਿਚਾਰ ਰਖਦਿਆਂ ਉਸ ਨੂੰ ਆਪਣੇ ਆਪ ਵਿਚ ਇਕ ਸੰਸਥਾ ਤਸਲੀਮ ਕੀਤਾ ਅਤੇ ਸੀਰਤ ਦੇ ਵਿਸ਼ਾਲ ਸਾਹਿਤਕ ਸਫਰ ਦੀ ਸ਼ਲਾਗਾ ਕੀਤੀ ਜੋ ਕਸ਼ਮੀਰ ਦੇ ਇਕ ਸਾਧਾਰਨ ਪਿੰਡ ਸੈਦਾ ਪੁਰਾ ਤੋਂ ਯੂਨਾਇਟਿਡ ਸਟੇਟ ਆਫ ਅਮਰੀਕਾ ਤੀਕ ਸਾਹਿਤਕ ਜਦੋਜਹਿਦ ਵਿਚ ਸਾਹਿਤਕ ਅਲੰਬਰਦਾਰੀ ਦਾ ਝੰਡਾ ਬੁਲੰਦ ਕਰਨ ਵਿਚ ਸਫਲ ਰਿਹਾ ਹੈ ਅਤੇ ਰਿਆਸਤੀ ਸਾਹਿਤਕ ਪਰਨਾਲੀ ਵਿਚ ਮਾਣਯੋਗ ਥਾਂ ਪ੍ਰਾਪਤ ਕਰ ਚੁਕਿਆ ਹੈ। ਆਪਣੇ ਪ੍ਰਧਾਨਗੀ ਭਾਸ਼ਨ ਵਿਚ ਜਨਾਬ ਕੰਵਲ ਕਸ਼ਮੀਰੀ ਨੇ ਦਰਸਾਇਆ ਕਿ ਜਿੱਥੇ ਰਿਆਸਤੀ ਸਾਹਿਤਕਾਰੀ ਨੇ ਸਮੁੱਚੀ ਪੰਜਾਬੀ ਸਾਹਿਤਕਾਰੀ ਵਿਚ ਇਕ ਵਖਰਾ ਅਤੇ ਵਿਸ਼ੇਸ਼ ਯੋਗਦਾਨ ਦਿੱਤਾ ਹੈ ਉੱਥੇ ਹੀ ਸੀਰਤ ਨੂੰ ਰਿਆਸਤ ਦਾ ਇਕ ਮੀਲ ਪੱਥਰ ਦਰਸਾਇਆ ਹੈ। ਜਿੱਥੋਂ ਤੀਕ ਉਹਨਾਂ ਦੁਆਰਾ ਇਸ ਨਾਵਲ ਦੀ ਗਲ ਤੁਰੀ ਤਾਂ ਆਪ ਨੇ ਭਰਮ ਭੁਲਈਆਂ ਨੂੰ ਰਿਆਸਤ ਵਿਚ ਵਿਚਰ ਰਹੇ ਸਰੋਕਾਰਾਂ ਨਾਲ ਜੁੜੇ ਹੋਏ ਹੋਣ ਦਾ ਨਾਵਲ ਤਸਲੀਮ ਕੀਤਾ। ਇਹ ਨਾਵਲ ਤਕਨੀਕੀ ਵਿਲੱਖਣਤਾ ਦੀ ਜ਼ੋਰਦਾਰ ਕਿਰਤ ਹੈ, ਜਿਸ ਵਿਚ ਇਕ ਨਿੱਕੀ ਜਹੀ ਕਹਾਣੀ ਨੂੰ ਸਤਰ ਬਾ ਸਤਰ ਰੌਚਕ ਵਿਸਥਾਰ ਦਿੱਤਾ ਗਿਆ ਹੈ। ਸਟਰੀਮ ਆਫ ਕਾਨਸ਼ਸਨੈਸ ਜਿਹੇ ਪਰਵਾਹ ਵਿਚ ਪੂਰੇ ਦਾ ਪੂਰਾ ਨਾਵਲ ਪ੍ਰਸਤੁਤ ਕਰਨ ਲਈ ਸੀਰਤ ਵਧਾਈ ਦਾ ਪਾਤਰ ਹੈ। **– ਅਦਾਰਾ ਪੰਜਾਬੀ ਲੇਖਕ ਸਭਾ ਜੰਮੂ**

# ਪ੍ਰਸਿੱਧ ਪੰਜਾਬੀ ਲੇਖਕ ਤੇ ਮੀਡੀਆ ਐਕਸਪਰਟ ਪ੍ਰੋ.(ਡਾ.) ਕ੍ਰਿਸ਼ਨ ਕੁਮਾਰ ਰੱਤੂ ਨੋਬਲ ਸਟਾਰ ਫਾਰ ਲਿਟਰੇਚਰ ਐਵਾਰਡ 2018 ਨਾਲ ਸਨਮਾਨਿਤ ਹੋਣਗੇ

**ਕਾਹਿਰਾ–** ਪੰਜਾਬੀ ਤੇ ਹਿੰਦੀ ਦੇ ਜਾਣੇ-ਪਹਿਚਾਣੇ ਲੇਖਕ ਤੇ ਮੀਡੀਆ ਐਕਸਪਰਟ ਡਾ. ਕ੍ਰਿਸ਼ਨ ਕੁਮਾਰ ਰੱਤੂ ਨੂੰ 2018 ਦੇ ਲਈ ਨੋਬਲ ਸਟਾਰ ਫਾਰ ਲਿਟਰੇਚਰ ਐਵਾਰਡ 2018 ਨਾਲ ਸਨਮਾਨਿਤ ਕੀਤਾ ਜਾਵੇਗਾ। ਇਹ ਵੱਕਾਰੀ ਪੁਰਸਕਾਰ ਨਾਲ ਰੱਤੂ ਨੂੰ ਉਹਨਾਂ ਦੀਆਂ ਸਾਹਿਤ ਤੇ ਮੀਡੀਆ ਖੇਤਰ ਵਿਚ ਕੀਤੀਆਂ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਦਿੱਤਾ ਗਿਆ। ਲਾਈਫ ਟਾਈਮ ਅਚੀਵਮੈਂਟ ਇਹ ਪੁਰਸਕਾਰ ਇਸ ਤੋਂ ਪਹਿਲਾਂ ਨੋਬਲ ਪੁਰਸਕਾਰ ਵਿਜੇਤਾ ਇਜ਼ਰਾਈਲ ਦੇ ਪ੍ਰੋਫੈਸਰ ਅਰਨੇਸਟੋ ਕਾਰਾਨ ਨੂੰ ਦਿੱਤਾ ਗਿਆ ਸੀ।



ਲਿਟਰੇਰੀ ਕਾਉਂਸਲ ਦੇ ਸੈਕਟਰੀ ਡਾ. ਜਾਰਜ ਔਂਸੇ ਤੇ ਮਿਸਰ ਦੀ ਰਾਜਧਾਨੀ ਕਾਹਿਰਾ ਵਿਚ ਜਿਊਰੀ ਦੇ ਪੁਰਸਕਾਰ ਦਾ ਐਲਾਨ ਕੀਤਾ। ਉਹਨਾਂ ਨੇ ਕਿਹਾ ਕਿ ਪੰਜਾਬ (ਭਾਰਤ) ਦੇ ਰਹਿਣ ਵਾਲੇ ਡਾ. ਰੱਤੂ ਨੇ ਹਿੰਦੀ ਤੇ ਪੰਜਾਬੀ ਸਾਹਿਤ ਵਿਚ ਸਮਾਜਿਕ ਵਿਸ਼ਿਆਂ ਬਾਰੇ ਮਾਨਵੀ ਸਰੋਕਾਰਾਂ ਨਾਲ ਇਕਸੁਰਤਾ ਤੇ ਸਾਂਝ ਦਾ ਉਲੇਖ ਕੀਤਾ ਹੈ। ਉਹਨਾਂ ਦੀਆਂ ਸਾਹਿਤਕ ਗਤੀਵਿਧੀਆਂ ਤੇ ਮੀਡੀਆ ਦੇ ਖੇਤਰ ਵਿਚ ਕੀਤੀ ਵਿਸ਼ੇਸ਼ ਖੋਜ ਇਸ ਐਵਾਰਡ ਦਾ ਆਧਾਰ ਬਣੀ ਹੈ। ਉਹਨਾਂ ਨੇ ਮੌਲਿਕ ਰੂਪ ਵਿਚ ਟੈਲੀਵਿਜ਼ਨ ਦੀ ਭਾਸ਼ਾ ਦੀ ਖੋਜ ਕੀਤੀ ਹੈ, ਜੋ ਦੁਨੀਆਂ ਵਿਚ ਪਹਿਲਾ ਅਜਿਹਾ ਕੰਮ ਹੈ ਜਿਸ 'ਤੇ ਕੋਈ ਕੰਮ ਨਹੀਂ ਹੋਇਆ।

ਇੱਥੇ ਇਹ ਵਿਸ਼ੇਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕਿ ਪ੍ਰੋ. ਰੱਤੂ ਨੂੰ ਇਸ ਤੋਂ ਪਹਿਲਾਂ ਵੀ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਭਾਰਤੀ ਪ੍ਰਸਾਰਣ ਸੇਵਾ ਦੇ ਸਬਕਾ ਅਧਿਕਾਰੀ ਡਾ. ਰੱਤੂ ਭਾਰਤ ਦੇ ਕਈ ਰਾਜਾਂ ਵਿਚ ਕਈ ਦੂਰਦਰਸ਼ਨ ਕੇਂਦਰਾਂ (ਟੀ. ਵੀ. ਸਟੇਸ਼ਨ) ਤੇ ਡਾਇਰੈਕਟਰ ਤੇ ਡਿਪਟੀ ਜਨਰਲ ਰਹਿ ਚੁੱਕੇ ਹਨ ਅਤੇ 70 ਤੋਂ ਵੱਧ ਪੁਸਤਕਾਂ ਦੇ ਲੇਖਕ ਹਨ।

ਇੱਥੇ ਇਹ ਵੀ ਵਿਸ਼ੇਸ਼ ਵਰਣਨਯੋਗ ਹੈ ਕਿ ਡਾ. ਰੱਤੂ ਦੇ ਕਈ ਕਾਲਮ ਦੇਸ਼-ਵਿਦੇਸ਼ ਦੀਆਂ ਅਖਬਾਰਾਂ 'ਚ ਛਪ ਰਹੇ ਹਨ ਤੇ ਪੂਰੇ ਵਿਸ਼ਵ 'ਚ ਉਹਨਾਂ ਦੀ ਇਕ ਅਲੱਗ ਪਹਿਚਾਣ ਹੈ।

kkrattu@gmail.com
ਸੰਪਰਕ:91-94787-30156



ਡਾ. ਅੰਬੇਡਕਰ ਯੂਥ ਸੈਨਾ ਦੇ ਜਨਰਲ ਸਕੱਤਰ ਵਿਜੈ ਸਹਿਜਲ ਨੇ ਚਰਨ ਛੋਹ ਗੰਗਾ ਅੰਮ੍ਰਿਤ ਕੁੰਡ ਖੁਰਾਲਗੜ੍ਹ ਸਾਹਿਬ ਵਿਚ ਬਿਨਾਂ ਦਹੇਜ ਅਤੇ ਝੂਠੀ ਸ਼ਾਨੋ ਸ਼ੌਕਤ ਨੂੰ ਛੱਡ ਕੇ ਸਾਦੇ ਢੰਗ ਨਾਲ ਅਤੇ ਸੰਤਾਂ ਦੇ ਆਸ਼ੀਰਵਾਦ ਨਾਲ ਵਿਆਹ ਕਰਕੇ ਨੌਜਵਾਨਾਂ ਦੇ ਲਈ ਇਕ ਨਵੀਂ ਮਿਸਾਲ ਕਾਇਮ ਕੀਤੀ ਹੈ। ਪੂਰੀ ਟੀਮ ਵੱਲੋਂ ਹਾਰਦਿਕ ਮੁਬਾਰਕਬਾਦ।




# ਦੇਸ਼ ਭਗਤ ਯਾਦਗਾਰ ਹਾਲ ਹਰ ਮਹੀਨੇ ਹੋਣਗੇ ਜਲ੍ਹਿਆਂਵਾਲਾ ਕਾਂਡ ਦੀ ਸ਼ਤਾਬਦੀ ਨੂੰ ਸਮਰਪਤ ਸਮਾਗਮ

**ਜਲੰਧਰ–** ਨਵੇਂ ਵਰ੍ਹੇ ਨੂੰ ਨਵੇਂ ਵਿਚਾਰਾਂ, ਨਵੇਂ ਸੁਪਨਿਆਂ ਅਤੇ ਨਵੇਂ ਰਾਹਾਂ ਵੱਲ ਤੁਰਨ ਦਾ ਅਹਿਦ ਕਰਦਿਆਂ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੁਲਾਵੇ 'ਤੇ ਜੁੜੇ ਸਾਹਿਤਕ/ ਸਭਿਆਚਾਰਕ ਖੇਤਰ ਦੇ ਕਾਮਿਆਂ ਨੇ ਖੁਸ਼-ਆਮਦੀਦ ਕਿਹਾ।

ਨਵੇਂ ਵਰ੍ਹੇ ਦੀਆਂ ਸਰਗਰਮੀਆਂ ਦੇ ਖਾਕੇ ਦੀ ਤਿਆਰੀ 'ਚ ਜੁੜੀਆਂ ਸਖਸ਼ੀਅਤਾਂ ਨੇ ਚੜ੍ਹਦੇ ਵਰ੍ਹੇ ਤੋਂ ਸ਼ੁਰੂ ਕਰਕੇ ਸਮਾਗਮਾਂ ਦੀ ਲੜੀ ਇੱਕ ਨਵੰਬਰ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਸਿਖਰਾਂ ਵੱਲ ਲਿਜਾਣ ਦੀਆਂ ਵਿਉਂਤਾਂ ਘੜੀਆਂ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ ਹੇਠ ਹੋਈ ਇਸ ਵਿਸ਼ੇਸ਼ ਮੀਟਿੰਗ 'ਚ ਗੰਭੀਰ ਵਿਚਾਰਾਂ ਦੇ ਆਦਾਨ-ਪ੍ਰਦਾਨ ਉਪਰੰਤ ਫੈਸਲਾ ਕੀਤਾ ਗਿਆ 2019 ਦੇ ਪੂਰੇ ਵਰ੍ਹੇ ਦੀਆਂ ਸਰਗਰਮੀਆਂ, ਆਜ਼ਾਦੀ ਤਵਾਰੀਖ਼ ਵਿੱਚ ਇਤਿਹਾਸਕ, ਇਨਕਲਾਬੀ ਚਾਨਣ ਮੁਨਾਰੇ ਦਾ ਕੰਮ ਕਰਨ ਵਾਲੇ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਕਾਂਡ ਦੀ ਪਹਿਲੀ ਸ਼ਤਾਬਦੀ ਨੂੰ ਸਮਰਪਤ ਕੀਤੀਆਂ ਜਾਣਗੀਆਂ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ



ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਸੀਤਲ ਸਿੰਘ ਸੰਘਾ, ਸੁਰਿੰਦਰ ਕੁਮਾਰੀ ਕੋਛੜ, ਹਰਵਿੰਦਰ ਭੰਡਾਲ, ਰਾਮਿੰਦਰ ਸਿੰਘ ਪਟਿਆਲਾ, ਚਰੰਜੀ ਲਾਲ ਕੰਗਣੀਵਾਲ ਨੇ ਆਪਣੇ ਵਿਚਾਰ ਰੱਖਦਿਆਂ ਸਾਂਝੇ ਨੁਕਤੇ ਉਭਾਰਦੇ ਹੋਏ ਜ਼ੋਰ ਦਿੱਤਾ ਕਿ ਦੇਸ਼ ਭਗਤ ਕਮੇਟੀ ਸਮੂਹ ਸਾਹਿਤਕ/ ਸਭਿਆਚਾਰਕ, ਜਮਹੂਰੀ ਸੰਸਥਾਵਾਂ ਨੂੰ ਵਿਸ਼ੇਸ਼ ਅਪੀਲ ਕਰਦੀ ਹੈ ਕਿ ਅਗਲਾ ਪੂਰਾ ਵਰ੍ਹਾ ਦੇਸ਼ ਭਗਤ ਯਾਦਗਾਰ ਹਾਲ ਦੇ ਕੰਪਲੈਕਸ ਦੇ ਅੰਦਰ ਅਤੇ ਦੇਸ਼-ਬਦੇਸ਼ 'ਚ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਕਰਦੇ ਹੋਏ ਜਲ੍ਹਿਆਂਵਾਲਾ ਬਾਗ਼ ਦੀ ਮਹਾਨ ਘਟਨਾ ਦੀ ਅਜੋਕੇ ਸੰਦਰਭ ਵਿੱਚ ਪਰਸੰਗਕਤਾ ਉਭਾਰਨ ਉਪਰ ਪ੍ਰਮੁੱਖ ਜ਼ੋਰ ਦਿੱਤਾ ਜਾਵੇ।

ਵਿਚਾਰ-ਚਰਚਾ ਵਿੱਚ ਜੁੜੇ ਪ੍ਰੋ. ਸੁਖਵਿੰਦਰ ਸਿੰਘ ਸੰਘਾ, ਪ੍ਰੋ. ਹਰਜਿੰਦਰ ਅਟਵਾਲ, ਪ੍ਰੋ. ਹਰਜੀਤ ਸਿੰਘ, ਪ੍ਰੋ. ਗੋਪਾਲ ਸਿੰਘ ਬੁੱਟਰ, ਸਵਿਤਾ, ਕੁਲਵਿੰਦਰ, ਡਾ. ਸੈਲੇਸ਼, ਹਰਮੇਸ਼ ਮਾਲੜੀ, ਸ਼ਬਦੀਸ਼, ਕੇਸਰ, ਪਰਮਜੀਤ ਸਿੰਘ ਆਦਮਪੁਰ ਆਦਿ ਨੇ ਅਮੁੱਲੇ ਵਿਚਾਰ ਰੱਖਦਿਆਂ ਦੇਸ਼ ਭਗਤ ਯਾਦਗਾਰ ਹਾਲ ਨੂੰ ਨਿਰੰਤਰ ਸਰਗਰਮੀਆਂ ਦੇ ਕੇਂਦਰ ਵਜੋਂ ਹੋਰ ਅੱਗੇ ਲਿਆਉਣ ਉਪਰ ਜ਼ੋਰ ਦਿੱਤਾ।

ਹਰ ਮਹੀਨੇ ਗ਼ਦਰੀ, ਦੇਸ਼ ਭਗਤਾਂ ਦੇ ਜਨਮਦਿਨ, ਪੁਸਤਕਾਂ 'ਤੇ ਵਿਚਾਰ-ਚਰਚਾ, ਗੋਸ਼ਟੀਆਂ, ਫ਼ਿਲਮ ਸ਼ੋਅ, ਗੀਤ-ਸੰਗੀਤ, ਨਾਟਕ, ਹੋਰ ਵੰਨ-ਸੁਵੰਨੀਆਂ ਕਲਾ ਕਿਰਤਾਂ, ਰੂਬਰੂ, ਵਿਸ਼ੇਸ਼ ਕਰਕੇ ਭਖ਼ਵੇਂ ਲੋਕ-ਮਸਲਿਆਂ ਉਪਰ ਗੋਸ਼ਟੀਆਂ ਆਦਿ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਉੱਘੇ ਕਲਾਕਾਰ ਨਸ਼ਰੂਦੀਨ ਸ਼ਾਹ ਦੇ ਸਮਾਗਮ ਰੋਕਣ ਅਤੇ ਉਸ ਉਪਰ ਜਾਨ ਲੇਵਾ ਹਮਲੇ ਕਰਨ ਦੀਆਂ ਧਮਕੀਆਂ ਦੀ ਇਸ ਇਕੱਤਰਤਾ ਵੱਲੋਂ ਸਖ਼ਤ ਨਿੰਦਾ ਕੀਤੀ ਗਈ ਅਤੇ ਫ਼ਿਰਕੂ ਦਹਿਸ਼ਤਗਰਦੀ ਖਿਲਾਫ਼ ਲੋਕ ਲਹਿਰ ਉਸਾਰਨ ਦਾ ਲੋਕਾਂ ਨੂੰ ਸੱਦਾ ਦਿੱਤਾ ਗਿਆ।

## 'ਪੰਥ, ਧਰਮ ਤੇ ਰਾਜਨੀਤੀ' ਅਤੇ 'ਪੈਂਤੀ ਹਾੜ੍ਹ' ਪੁਸਤਕਾਂ ਉਪਰ ਵਿਚਾਰ-ਚਰਚਾ 12 ਅਤੇ 19 ਜਨਵਰੀ ਨੂੰ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਨਵੇਂ ਵਰ੍ਹੇ ਦਾ ਆਗਾਜ਼ ਦੋ ਪੁਸਤਕਾਂ ਉਪਰ ਗੰਭੀਰ ਵਿਚਾਰ-ਚਰਚਾ ਨਾਲ ਕਰੇਗੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅਗਲੇ ਵਰ੍ਹੇ ਹਰ ਮਹੀਨੇ ਹੋਣ ਵਾਲੀਆਂ ਸਰਗਰਮੀਆਂ ਦੀ ਸ਼ੁਰੂਆਤ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ 12 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ 2 ਵਜੇ ਗਿਆਨੀ ਹੀਰਾ ਸਿੰਘ 'ਦਰਦ' ਦੀ ਪੁਸਤਕ 'ਪੰਥ, ਧਰਮ ਅਤੇ ਰਾਜਨੀਤੀ' (ਸੰਪਾਦਕ ਡਾ. ਹਰਜੀਤ ਸਿੰਘ) ਉਪਰ ਵਿਚਾਰ-ਚਰਚਾ ਨਾਲ ਹੋਏਗੀ।

ਉਹਨਾਂ ਦੱਸਿਆ ਕਿ ਇਸ ਪੁਸਤਕ ਉਪਰ ਪ੍ਰਮੁੱਖ ਚਰਚਾ ਡਾ. ਸੁਮੇਲ ਸਿੰਘ ਸਿੱਧੂ (ਪ੍ਰੋ., ਜੇ.ਐਨ.ਯੂ. ਨਵੀਂ ਦਿੱਲੀ) ਕਰਨਗੇ ਅਤੇ ਹਾਜ਼ਰ ਵਿਦਵਾਨ, ਲੇਖਕ, ਆਲੋਚਕ ਇਸ ਚਰਚਾ ਵਿੱਚ ਹਿੱਸਾ ਲੈਣਗੇ। ਦੂਜੀ ਪੁਸਤਕ ਕਹਾਣੀ ਸੰਗ੍ਰਹਿ 'ਪੈਂਤੀ ਹਾੜ੍ਹ' (ਲੇਖਕ: ਹਰਮੇਸ਼ ਮਾਲੜੀ) ਉਪਰ 19 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ 2 ਵਜੇ ਸਥਾਨਕ ਹਾਲ ਵਿਚ ਹੀ ਵਿਚਾਰ-ਚਰਚਾ ਹੋਏਗੀ।

ਇਸ ਪੁਸਤਕ ਉਪਰ ਵਿਚਾਰ-ਚਰਚਾ ਦੇ ਮੁੱਖ ਬੁਲਾਰੇ ਪ੍ਰੋ. ਰਜਨੀਸ਼ ਬਹਾਦਰ ਹੋਣਗੇ। ਉਹਨਾਂ ਤੋਂ ਇਲਾਵਾ ਡਾ. ਸੁਰਜੀਤ ਜ਼ਲੀ ਅਤੇ ਡਾ. ਪਰਮਿੰਦਰ ਹੋਰਨਾਂ ਬੁੱਧੀਜੀਵੀਆਂ ਸਮੇਤ ਵਿਚਾਰ-ਚਰਚਾ ਨੂੰ ਹੋਰ ਸਾਰਥਕ ਬਣਾਉਣ ਲਈ ਆਪਣੇ ਵਿਚਾਰ ਰੱਖਣਗੇ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੇਖਕਾਂ, ਸਾਹਿਤਕਾਰਾਂ, ਬੁੱਧੀਮਾਨਾਂ, ਆਲੋਚਕਾਂ ਨੂੰ ਵਿਚਾਰ-ਗੋਸ਼ਟੀਆਂ ਦੀ ਲੜੀ 'ਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ।

# ਰਾਸ਼ਟਰਪਤੀ ਦੇ ਸੁਰੱਖਿਆ ਗਾਰਡ ਤਿੰਨ ਜਾਤੀਆਂ ਦੇ ਹੀ ਕਿਉਂ: ਹਾਈ ਕੋਰਟ

**ਨਵੀਂ ਦਿੱਲੀ–** ਰਾਸ਼ਟਰਪਤੀ ਦੇ ਸੁਰੱਖਿਆ ਗਾਰਡਾਂ ਦੀ ਭਰਤੀ ਵਿਚ ਤਿੰਨ ਜਾਤੀਆਂ 'ਤੇ ਹੀ ਵਿਚਾਰ ਕੀਤੇ ਜਾਣ 'ਤੇ ਦਿੱਲੀ ਹਾਈ ਕੋਰਟ ਵਿਚ ਜਨਹਿਤ ਰਿੱਟ ਦਾਇਰ ਕੀਤੀ ਗਈ ਹੈ। ਮਾਣਯੋਗ ਜੱਜ ਐਸ. ਮੁਰਲੀਧਰ ਅਤੇ ਮਾਣਯੋਗ ਸੰਜੀਵ ਨਰੂਲਾ ਦੇ ਬੈਂਚ ਨੇ ਰਿੱਟ 'ਤੇ ਸੁਣਵਾਈ ਕਰਦੇ ਹੋਏ ਕੇਂਦਰ ਸਰਕਾਰ, ਰੱਖਿਆ ਮੰਤਰਾਲਾ ਅਤੇ ਚੀਫ਼ ਆਫ਼ ਆਰਮੀ ਸਟਾਫ਼ ਨੂੰ ਨੋਟਿਸ ਜਾਰੀ ਕਰਕੇ ਚਾਰ ਹਫਤੇ ਵਿਚ ਜਵਾਬ ਮੰਗਿਆ ਹੈ। ਮਾਮਲੇ ਵਿਚ ਅਗਲੀ ਸੁਣਵਾਈ 8 ਮਈ 2019 ਨੂੰ ਹੋਵੇਗੀ। ਹਰਿਆਣਾ ਨਿਵਾਸੀ ਗੌਰਵ ਯਾਦਵ ਨੇ ਰਿੱਟ ਦਾਇਰ ਕਰਕੇ ਚਾਰ ਸਤੰਬਰ 2017 ਨੂੰ ਹੋਈ ਭਰਤੀ ਪ੍ਰਕਿਰਿਆ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭਰਤੀ ਦੇ ਵਕਤ ਸਿਰਫ਼ ਜਾਟ, ਰਾਜਪੂਤ ਅਤੇ ਜੱਟ ਸਿੱਖ ਜਾਤੀ ਦੇ ਉਮੀਦਵਾਰਾਂ 'ਤੇ ਵਿਚਾਰ ਕੀਤਾ ਗਿਆ। ਉਹ ਯਾਦਵ ਵਰਗ ਤੋਂ ਆਉਂਦੇ ਹਨ, ਇਸ ਕਰਕੇ ਉਹਨਾਂ ਦੀ ਅਣਦੇਖੀ ਕੀਤੀ ਗਈ ਹੈ। ਹਾਲਾਂਕਿ ਉਹ ਤਿੰਨ ਵਿਸ਼ੇਸ਼ ਜਾਤੀਆਂ ਦੀ ਲਿਸਟ ਤੋਂ ਇਲਾਵਾ ਰਾਸ਼ਟਰਪਤੀ ਦੇ ਸੁਰੱਖਿਆ ਗਾਰਡ ਦੀ ਭਰਤੀ ਦੀਆਂ ਸਾਰੀਆਂ ਯੋਗਤਾਵਾਂ ਰੱਖਦੇ ਹਨ।

ਰਿੱਟ ਵਿਚ ਉਹਨਾਂ ਨੇ ਕਿਹਾ ਕਿ ਇਸ ਨਾਲ ਹੁਣ ਯੋਗ ਨੌਜਵਾਨ ਭਰਤੀ ਦਾ ਲਾਭ ਲੈਣ ਤੋਂ ਵਾਂਝੇ ਹੋ ਰਹੇ ਹਨ, ਜੋ ਕਿ ਇਸ ਅਹੁਦੇ ਦੇ ਲਈ ਯੋਗ ਹਨ। ਜਾਤੀ ਦੇ ਆਧਾਰ ਤੇ ਬਣਾਈ ਗਈ ਇਹ ਪ੍ਰਕਿਰਿਆ ਮਨਮਾਨੀ ਹੈ ਅਤੇ ਸੰਵਿਧਾਨ ਦੀ ਉਲੰਘਣਾ ਹੈ। ਜਾਤੀ ਦੇ ਆਧਾਰ 'ਤੇ ਭਰਤੀ ਪ੍ਰਕਿਰਿਆ ਵਿਚ ਵਿਤਕਰਾ ਉਚਿਤ ਨਹੀਂ ਹੈ।

# ਦਿੱਲੀ ਦੇ ਚੀਫ਼ ਸੈਕਟਰ ਬਣੇ ਮਾਸਟਰ ਆਫ਼ ਲਾਅ ਵਿਚ ਟਾਪਰ

ਨਵੀਂ ਦਿੱਲੀ- ਦਿੱਲੀ, ਅਰੁਣਾਚਲ ਪ੍ਰਦੇਸ਼, ਗੋਆ, ਮਿਜ਼ੋਰਮ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਯਾਨਿ ਏ. ਜੀ. ਐਮ. ਯੂ. ਟੀ. ਕੈਡਰ ਦੇ 1987 ਬੈਂਚ ਦੇ ਸੀਨੀਅਰ ਆਈ. ਏ. ਐਸ. ਅਫਸਰ ਵਿਜੇ ਕੁਮਾਰ ਦੇਵ ਨੇ ਕਰੀਬ ਇਕ ਮਹੀਨੇ ਪਹਿਲਾਂ ਜਿੱਥੇ ਚੀਫ਼ ਸੈਕਟਰੀ ਦੀ ਦੌੜ ਵਿਚ ਸ਼ਾਮਲ ਟੌਪ ਬਿਊਰੋਕ੍ਰੇਟਸ ਨੂੰ ਪਿੱਛੇ ਛੱਡ ਕੇ ਚੀਫ਼ ਸੈਕਟਰੀ ਦਾ ਅਹੁਦਾ ਪ੍ਰਾਪਤ ਕਰਨ ਵਿਚ 'ਟੌਪ ਰੈਂਕ' ਹਾਸਲ ਕੀਤਾ ਸੀ। ਉਥੇ ਹੀ ਵਿਜੇ ਕੁਮਾਰ ਦੇਵ ਹੁਣ ਆਪਣੀ ਕਾਰਜ ਕੁਸ਼ਲਤਾ ਅਤੇ ਮਿਹਨਤ ਦਾ ਲੋਹਾ ਮਨਵਾਉਂਦੇ ਹੋਏ ਦੇਸ਼ ਦੀ ਟੌਪ ਲਾਅ ਯੂਨੀਵਰਸਿਟੀਜ਼ ਵਿਚ ਸ਼ਾਮਲ ਨੈਸ਼ਨਲ ਲਾਅ ਯੂਨੀਵਰਸਿਟੀਆਂ ਵਿਚ ਸ਼ਾਮਲ ਨੈਸ਼ਨਲ ਲਾਅ ਯੂਨੀਵਰਸਿਟੀ ਦਿੱਲੀ ਤੋਂ ਐਲ. ਐਲ. ਐਮ. ਯਾਨਿ ਮਾਸਟਰ ਆਫ਼ ਲਾਅ ਵਿਚ ਟੌਪ ਕੀਤਾ ਹੈ।



ਇਸੇ ਵਿਚਕਾਰ ਦੇਖਿਆ ਜਾਵੇ ਤਾਂ ਸੀਨੀਅਰ ਆਈ. ਏ. ਐਸ. ਦੇਵ ਨੇ ਉਚੇਰੀ ਸਿੱਖਿਆ ਦੇ ਤਹਿਤ ਮਾਸਟਰ ਆਫ਼ ਲਾਅ (ਪ੍ਰੋਫੈਸ਼ਨਲ) ਦਾ ਏਰੀਆ ਸਪੈਸ਼ਲਾਈਜੈਸ਼ 'ਇੰਟੈਲਐਕਯੂਅਲ ਪ੍ਰਾਪਰਟੀ' ਨੂੰ ਚੁਣਿਆ ਸੀ। ਦੋ ਸਮੈਸਟਰਾਂ ਵਾਲੇ ਐਲ. ਐਲ. ਐਮ. ਕੋਰਸ ਵਿਚ ਦੇਵ ਨੇ ਫਸਟ ਪੁਜੀਸ਼ਨ ਦ ਨਾਲ ਸੀ. ਜੀ. ਪੀ ਏ. 6.67/7.00 ਹਾਸਲ ਕੀਤੇ ਹਨ। 22 ਦਸੰਬਰ 2018 ਨੂੰ ਇਸ ਬਾਰੇ ਕੌਮੀ ਲਾਅ ਯੂਨੀਵਰਸਿਟੀ ਵਿਚ ਆਯੋਜਿਤ ਕਨਵੋਕੇਸ਼ਨ ਵਿਚ ਡਿਗਰੀ ਪ੍ਰਦਾਨ ਕੀਤੀ ਗਈ।

ਦਿਲਚਸਪ ਗੱਲ ਇਹ ਹੈ ਕਿ ਮੌਜੂਦਾ ਚੀਫ਼ ਸੈਕਟਰੀ ਵਿਜੇ ਕੁਮਾਰ ਦੇਵ ਨੇ ਸਾਲ 2017 ਵਿਚ ਲਾਅ ਯੂਨੀਵਰਸਿਟੀ ਵਿਚ ਰਜਿਸਟਰਡ ਕਰਵਾਇਆ ਸੀ। ਸਟੱਡੀ ਦੇ ਦੌਰਾਨ ਚੀਫ਼ ਸੈਕਟਰੀ ਦੇਵ ਭਾਰਤ ਦੇ ਚੋਣ ਕਮਿਸ਼ਨ ਵਿਚ ਡਿਪਟੀ ਇਲੈਕਸ਼ਨ ਕਮਿਸ਼ਨਰ ਰਹੇ। ਉਹ 19 ਜੁਲਾਈ 2016 ਤੋਂ ਲੈ ਕੇ 20 ਜੁਲਾਈ 2017 ਤੱਕ ਡਿਪਟੀ ਇਲੈਕਸ਼ਨ ਕਮਿਸ਼ਨ ਰਹੇ। ਵਰਣਨਯੋਗ ਹੈ ਕਿ ਐਲ. ਐਲ. ਐਮ. ਵਿਚ ਟੌਪ ਕਰਨ ਵਾਲੇ ਦੇਵ ਅੰਮ੍ਰਿਤਸਰ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਚ ਗ੍ਰੈਜੂਏਟ ਟਾਪਰ ਰਹੇ ਹਨ। ਉਹਨਾਂ ਨੇ ਆਈ. ਆਈ. ਟੀ. ਦਿੱਲੀ ਤੋਂ ਬੀ. ਟੈਕ ਵਿਚ ਵੀ ਫਸਟ ਪੁਜੀਸ਼ਨ ਹਾਸਲ ਕੀਤੀ ਹੈ।




# 23 ਪੋਹ ਬਨਾਮ ਪੋਹ ਸੁਦੀ 7



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਇਹ ਦੋਵੇਂ ਤਾਰੀਖ਼ਾਂ, ਭਾਵੇਂ ਅੱਜ ਤੋਂ 353 ਸਾਲ ਪਹਿਲਾ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ 23 ਪੋਹ, ਸੂਰਜੀ ਬ੍ਰਿਕਮੀ (Solar) ਕੈਲੰਡਰ ਦੀ ਹੈ ਅਤੇ ਦੂਜੀ ਪੋਹ ਸੁਦੀ 7, ਚੰਦਰ ਸੂਰਜੀ (Lunisolar) ਬ੍ਰਿਕਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖ਼ਾਂ 'ਚ ਇਕ ਤਾਰੀਖ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾਂ ਰਹੀ। ਇਹ ਚੁਣੌਤੀ, ਕਿਸੇ ਹੋਰ ਨੇ ਨਹੀ ਦਿੱਤੀ ਸਗੋਂ ਸਾਡੇ ਧਾਰਮਿਕ ਮੁੱਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀ ਕਿ ਸਭ ਤੋਂ ਪਹਿਲਾ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਓ-ਜਿਓ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚੱਲਤ ਹੈ। ਹਿੰਦੂ ਧਰਮ ਵਿਚ ਚੰਦਰ ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿਖ ਧਰਮ ਚੰਦਰ ਸੂਰਜੀ ਬ੍ਰਿਕਮੀ, ਸੂਰਜੀ ਬ੍ਰਿਕਮੀ ਅਤੇ ਸੀ: ਈ: ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀਂ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ।

ਧਰਤੀ ਆਪਣੇ ਧੁਰੇ ਤੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੇ ਦੁਵਾਲੇ ਵੀ ਘੁੰਮਦੀ ਹੈ, ਇਹ ਚੱਕਰ 365.242196 ਦਿਨ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (ਠਰੋਪਚਿਅਲ ੇਇਅਰ) ਕਿਹਾ ਜਾਂਦਾ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ ਇਹ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ ਹੀ ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਹੁੰਦੀ ਹੈ। ਚੰਦ ਦਾ ਇਕ ਸਾਲ ਮੌਸਮੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾ ਆ ਜਾਵੇਗਾ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਮੁਤਾਬਕ, 2017 ਸੀ: ਈ: ਵਿਚ 5 ਜਨਵਰੀ ਨੂੰ ਆਇਆ ਸੀ ਅਤੇ ਉਸ ਤੋਂ ਅੱਗਲਾ ਪੁਰਬ ਇਸ ਤੋਂ 11 ਦਿਨ ਪਹਿਲਾ ਭਾਵ 25 ਦਸੰਬਰ 2017ਸੀ: ਈ: ਨੂੰ ਆਇਆ ਸੀ। ਇਸ ਹਿਸਾਬ ਨਾਲ ਤਾਂ 2018 ਵਿਚ ਇਹ 14 ਦਸੰਬਰ ਨੂੰ ਆਉਣਾ ਚਾਹੀਦਾ ਸੀ। ਪਰ ਨਹੀ! ਹੁਣ ਇਹ 13 ਜਨਵਰੀ ਨੂੰ ਆਵੇਗਾ।

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਪਿਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ।ਇਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹਨ। ਇਸ ਸਾਲ ਜੇਠ ਦਾ ਮਹੀਨਾ ਦੋ ਵਾਰੀ ਆਇਆ ਸੀ।(19 ਸਾਲਾਂ ਵਿਚ ਚੰਦ ਦੇ 7 ਸਾਲ, 13 ਮਹੀਨਿਆਂ ਦੇ ਹੁੰਦੇ ਹਨ) ਇਹ ਤੇਰਵਾਂ ਮਹੀਨਾ ਜਿਸ ਨੂੰ ਲੌਂਦ ਦਾ ਮਹੀਨਾ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾ ਸਕਦਾ।ਮਲ ਸਾਸ ਦੇ ਪਿਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਆਉਣ ਦੀ ਬਿਜਾਏ 18ਕ19 ਦਿਨ ਪੱਛੜ ਕੇ ਆਉਂਦੇ ਹਨ। ਜਿਹੜਾਦਿਹਾੜਾ14 ਦਸੰਬਰ 2018 ਨੂੰ ਆਉਣਾ ਚਾਹੀਦਾ ਸੀ ਹੁਣ ਉਹ 2019 ਵਿਚ 13 ਜਨਵਰੀ ਨੂੰ ਆਵੇਗਾ। ਹੁਣ ਚੰਦ ਦੇ ਸਾਲ ਲੰਬਾਈ ਮੁਤਾਬਕ ਗੁਰਪੁਰਬ 11 ਦਿਨ ਪਹਿਲਾ ਭਾਵ 2 ਜਨਵਰੀ 2020 ਨੂੰ ਆਵੇਗਾ। ਹੁਣ ਫੇਰ ਚੰਦ ਦੇ ਸਾਲ ਵਿਚ ਇਕ ਮਲ ਮਾਸ ਆ ਜਾਵੇਗਾ (ਅੱਸੂ ਦੇ ਦੋ ਮਹੀਨੇ ਹੋਣਗੇ) ਅਤੇ ਉਸ ਤੋਂ ਅੱਗਲਾ 20 ਜਨਵਰੀ 2021 ਨੂੰ ਆਵੇਗਾ। ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚਲਦਾ ਰਹੇਗਾ।

ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਦਿਨ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਦੀ ਪੋਹ ਸੁਦੀ 7 ਦੇ ਨਾਲ-ਨਾਲ ਸੂਰਜੀ ਬਿਕ੍ਰਮੀ ਕੈਲੰਡਰ ਦੀ 23 ਪੋਹ ਵੀ ਸੀ। ਜਦੋਂ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿੱਚ ਲਿਖਿਆ ਗਿਆ ਤਾਂ ਇਹ 22 ਦਸੰਬਰ 1666 ਈ: ਲਿਖੀ ਗਈ ਸੀ। ਯਾਦ ਰਹੇ 2017 ਈ: ਵਿਚ 23 ਪੋਹ ਨਾਨਕਸ਼ਾਹੀ ਅਤੇ ਪੋਹ ਸੁਦੀ 7 ਦੋਵੇਂ ਹੀ ਇਕੋ ਦਿਨ, 5 ਜਨਵਰੀ ਨੂੰ ਇਕੱਠੀਆਂ ਆਈਆਂ ਸਨ।ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਿਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਸਾਡਾ ਕੀ ਨੁਕਸਾਨ ਹੁੰਦਾ ਹੈ? ਨਹੀ! ਇਸ ਨਾਲ ਸਾਡਾ ਕੋਈ ਨੁਕਸਾਨ ਨਹੀ ਹੁੰਦਾ। ਇਸ ਨਾਲ ਤਾਂ ਸਾਨੂੰ ਲਾਭ ਹੀ ਲਾਭ ਹੈ। ਅਸੀਂ ਵਦੀ-ਸੁਦੀ ਦੇ ਮੱਕੜ ਜਾਲ 'ਚ ਨਿਕਲ ਜਾਂਦੇ ਹਾਂ। ਸਾਡਾ ਇਹ ਲਾਭ ਸ਼ਾਇਦ ਕਿਸੇ (?) ਹੋਰ ਲਈ ਨੁਕਸਾਨ ਦਾਇਕ ਹੋ ਸਕਦਾ ਹੋਵੇ। ਹੈਰਾਨੀ ਦੀ ਗੱਲ ਹੈ ਕਿ ਸਾਡੇ ਧਾਰਮਿਕ ਮੁੱਖੀਆਂ ਨੂੰ ਸਾਡੇ ਲਾਭ ਨਾਲੋਂ ਕਿਸੇ (?) ਹੋਰ ਦੇ ਹੋਣ ਵਾਲੇ ਸੰਭਾਵੀ ਨੁਕਸਾਨ ਦਾ ਜਿਆਦਾ ਫਿਕਰ ਹੈ।

ਹੁਣ ਜਦੋਂ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਜਾਏ, ਨਾਨਕਸ਼ਾਹੀ ਕੈਲੰਡਰ ਮੁਤਾਬਕ 23 ਪੋਹ ਨੂੰ ਮਨਾਉਂਦੇ ਹਾਂ ਤਾਂ ਇਹ ਦਿਹਾੜਾਹਰ ਸਾਲ5 ਜਨਵਰੀ ਨੂੰ ਹੀ ਆਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਜੋ ਕੈਲੰਡਰ ਛਾਪਿਆ ਜਾਂਦਾ ਹੈ। ਉਹ ਸੂਰਜੀ ਬਿਕ੍ਰਮੀ ਕੈਲੰਡਰ ਹੈ। ਜਿਸ ਦਾ ਆਰੰਭ 1 ਚੇਤ ਤੋਂ ਹੁੰਦਾ ਹੈ ਅਤੇ 30 ਫੱਗਣ ਸਾਲ ਦਾ ਆਖਰੀ ਦਿਨ ਹੁੰਦਾ ਹੈ। ਇਸ ਕੈਲੰਡਰ ਮੁਤਾਬਕ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਨੂੰ ਹੀ ਆਉਂਦਾ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ (ਪ੍ਰਵਿਸ਼ਟਾ) ਹਰ ਸਾਲ ਬਦਲ ਜਾਂਦਾ ਹੈ। ਜਿਵੇ ਸੰਮਤ 546 ਨਾਨਕਸ਼ਾਹੀ ਵਿੱਚ (2014-15 ਈ:)13 ਪੋਹ, 547 ਨਾਨਕਸ਼ਾਹੀ ਵਿੱਚ 3 ਮਾਘ, ਸੰਮਤ 548 ਵਿੱਚ 22 ਪੋਹ, 549 ਵਿੱਚ 11 ਪੋਹ, 550 ਵਿੱਚ 29 ਪੋਹ,551, 18 ਪੋਹਅਤੇ 552 (2020-2021) ਵਿਚ 7 ਮਾਘ ਨੂੰ ਆਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਕਈ ਸਾਲਾਂ ਤੋਂ ਛਾਪੇ ਜਾਂਦੇ ਕੈਲੰਡਰ ਵਿੱਚ ਕੁਝ ਦਿਹਾੜੇ ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਮੁਤਾਬਕ ਜਿਸ ਦੇ ਸਾਲ ਦੀ ਲੰਬਾਈ 365.2536 ਦਿਨ ਹੈ, ਕੁਝ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ ਜਿਸ ਦੇ ਸਾਲ ਦੀ ਲੰਬਾਈ 354.53 ਦਿਨ ਹੈ ਅਤੇ ਕੁਝ ਦਿਹਾੜੇ ਸੀ: ਈ: ਕੈਲੰਡਰ, ਜਿਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ, ਮੁਤਾਬਕ ਦਰਜ ਕੀਤੇ ਜਾਂਦੇ ਹਨ।

ਨਾਨਕਸ਼ਾਹੀ ਕੈਲੰਡਰ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਸੰਮਤ 535 ਨਾਨਕਸ਼ਾਹੀ (2003-2004 ਈ:) ਵਿਚ ਲਾਗੂ ਕੀਤਾ ਸੀ। ਪਰ ਅਚਾਨਕ ਹੀ ਇਸ ਨੂੰ ਰੱਦ ਕਰਕੇ, ਮਾਰਚ 2010 ਈ: ਵਿਚ ਦੋ ਮਾਹਿਰਾਂ ਦੀ ਕਮੇਟੀ, ਜਿਸ ਵਿਚ ਭਾਈ ਅਵਤਾਰ ਸਿੰਘ ਮੱਕੜ ਅਤੇ ਭਾਈ ਹਰਨਾਮ ਸਿੰਘ ਧੁੰਮਾ ਸ਼ਾਮਿਲ ਸਨ, ਦੀ ਸਿਫ਼ਾਰਿਸ਼ ਤੇ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ, ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਗਿਆ। ਨਾਨਕਸ਼ਾਹੀ ਕੈਲੰਡਰ ਜਿਸ ਦੇ ਸਾਲ ਦੀ ਲੰਬਾਈ, ਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" ਤੇ ਅਧਾਰਿਤ ਹੈ। ਭਾਵ 365.2425 ਦਿਨ ਹੈ। ਇਸ ਦੇ ਮਹੀਨੇ ਦਾ ਆਰੰਭ ਹਰ ਸਾਲ ਇਕੋ ਸਮੇਂ ਹੀ ਹੁੰਦਾ ਹੈ। ਅਤੇ ਮਹੀਨੇ ਦੇ ਦਿਨ ਵੀ ਧੁਮੱਕੜ ਸ਼ਾਹੀ ਕੈਲੰਡਰ ਵਾਂਗੂ, ਹਰ ਸਾਲ ਨਹੀਂ ਬਦਲਦੇ, ਇਸ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ (5 ਜਨਵਰੀ) ਨੂੰ ਹੀ ਆਉਂਦਾ ਹੈ। ਪਿਛਲੇ ਸਾਲਾਂ ਵਿੱਚ ਸ਼੍ਰੋਮਣੀ ਕਮੇਟੀ ਨੂੰ ਕਈ ਵਾਰ ਲਿਖਤੀ ਬੇਨਤੀਆਂ ਕੀਤੀਆਂ ਹਨ ਪਰ ਉਨ੍ਹਾਂ ਨੇ ਕਦੇ ਹੁੰਗਾਰਾ ਨਹੀ ਭਰਿਆ। ਮੈਂ ਆਪਣੇ ਨਿੱਜੀ ਤਜਰਬੇ ਦੇ ਅਧਾਰ ਤੇ ਕਹਿ ਸਕਦਾ ਹਾਂ ਕਿ ਮੌਜੂਦਾ ਸਮੇਂ ਸ਼੍ਰੋਮਣੀ ਕਮੇਟੀ ਤੋਂ ਕਿਸੇ ਵੀ ਮਸਲੇ ਦੇ ਹਲ ਦੀ ਆਸ ਨਹੀਂ ਕਰਨੀ ਚਾਹੀਦੀ। ਸ਼੍ਰੋਮਣੀ ਕਮੇਟੀ ਦੇ ਉੱਚ ਸਿੱਖਿਆ ਪ੍ਰਾਪਤ ਵਿਦਵਾਨ/ਅਧਿਕਾਰੀ ਤਾਂ "ਉਪਰੋਂ ਆਏ ਹੁਕਮ" ਦੇ ਗੁਲਾਮ ਹਨ। ਹੁਣ ਇਹ ਫੈਸਲਾ ਪੂਰੇ ਵਿਸ਼ਵ 'ਚ ਫੈਲ ਚੁੱਕੀ ਸਿੱਖ ਕੌਮ ਨੇ ਕਰਨਾ ਹੈ, ਕੀ ਸਾਨੂੰ ਰੁੱਤੀ ਸਾਲ (Tropical year) ਤੇ ਅਧਾਰਿਤ ਵਿਗਿਆਨਕ ਕੈਲੰਡਰ, ਭਾਵ ਨਾਨਕਸ਼ਾਹੀ ਕੈਲੰਡਰ, ਜਿਸ ਦੀਆਂ ਤਾਰੀਖ਼ਾਂ(ਪ੍ਰਵਿਸ਼ਟੇ) ਸਦਾ ਵਾਸਤੇ ਇਕੋ ਹੀ ਰਹਿਣਗੀਆਂ, ਦੀ ਲੋੜ ਹੈ ਜਾਂ ਧੁਮੱਕਸ਼ਾਹੀ ਕੈਲੰਡਰ ਦੀ? ਜਿਸ ਦੀਆਂ ਤਾਰੀਖ਼ਾਂ ਹਰ ਸਾਲ ਬਦਲ ਜਾਂਦੀਆਂ ਹਨ ਅਤੇ ਤਾਰੀਖ਼ਾਂ ਦਾ ਪਤਾ ਕਰਨ ਲਈ ਵੀ ਕਿਸੇ ਨੂੰ ਪੁੱਛਣਾ ਹੀ ਪਵੇਗਾ।

| ਦਿਹਾੜਾ | ਸੰਮਤ 546 ਨ: | ਸੰਮਤ 547 ਨ: | ਸੰਮਤ548 ਨ: | ਸੰਮਤ 549 ਨ: | ਸੰਮਤ 550 ਨ: | ਸੰਮਤ 551 ਨ: | ਸੰਮਤ 552 ਨ: |
|---|---|---|---|---|---|---|---|
| ਵੈਸਾਖੀ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ |
| ਸ਼ਹੀਦੀ ਵੱਡੇ ਸਾਹਿਬਜ਼ਾਦੇ | 8 ਪੋਹ | 8 ਪੋਹ | 8 ਪੋਹ | 8 ਪੋਹ | 8 ਪੋਹ | 8 ਪੋਹ | 8 ਪੋਹ |
| ਸ਼ਹੀਦੀ ਛੋਟੇ ਸਾਹਿਬਜ਼ਾਦੇ | 13 ਪੋਹ | 13 ਪੋਹ | 13 ਪੋਹ | 13 ਪੋਹ | 13 ਪੋਹ | 13 ਪੋਹ | 13 ਪੋਹ |
| ਪ੍ਰਕਾਸ਼ ਦਿਹਾੜਾ ਪਾਤਸ਼ਾਹੀ 10 | 13 ਪੋਹ | 3 ਮਾਘ | 22 ਪੋਹ | 11 ਪੋਹ | 29 ਪੋਹ | 18 ਪੋਹ | 3 ਮਾਘ |

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਸਰਵ ਭਾਰਤੀ ਜੁਡੀਸ਼ੀਅਲ ਸਰਵਿਸ



ਐਸ ਆਰ ਲੱਧੜ
ਆਈ ਐੱਸ
91-94175-00610

ਭਾਰਤ ਦੇ ਕਨੂੰਨ ਮੰਤਰੀ ਸ੍ਰੀ ਰਵਿ ਸੰਕਰ ਪ੍ਰਸਾਦ ਵੱਲੋਂ ਕੱਲ ਇੱਕ ਇਤਿਹਾਸਿਕ ਘੋਸ਼ਣਾ ਕੀਤੀ ਗਈ ਕਿ ਸਰਵ ਭਾਰਤੀ ਸੇਵਾਵਾਂ ਜਿਵੇਂ ਕਿ ਆਈ ਏ ਐੱਸ, ਆਈ ਪੀ ਐੱਸ, ਵਿਦੇਸ਼ ਸੇਵਾਵਾਂ ਅਤੇ ਜੰਗਲਾਤ ਸੇਵਾਵਾਂ ਦੇ ਪੈਟਰਨ ਤੇ ਸਰਵ ਭਾਰਤੀ ਜੁਡੀਸ਼ੀਅਲ ਸਰਵਿਸ ਵੀ ਸ਼ੁਰੂ ਕੀਤੀ ਜਾਵੇ। ਸ੍ਰੀ ਰਾਮ ਵਿਲਾਸ ਪਾਸਵਾਨ, ਕੇਂਦਰੀ ਕੈਬਨਿਟ ਮੰਤਰੀ ਵੱਲੋਂ ਇਸ ਘੋਸ਼ਣਾ ਦਾ ਸਵਾਗਤ ਕੀਤਾ ਗਿਆ ਹੈ। ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਲੋਕਾਂ ਵਿੱਚ ਇਸ ਘੋਸ਼ਣਾ ਨਾਲ ਖੁਸ਼ੀ ਦੀ ਲਹਿਰ ਦੌੜ ਗਈ ਹੈ। ਭਾਵੇਂ ਦੇਸ਼ ਅਜ਼ਾਦ ਹੋਣ ਤੋਂ ਬਾਅਦ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਵਿਅਕਤੀ ਦੇਸ਼ ਦੇ ਅਹਿਮ ਅਹੁਦਿਆਂ ਤੇ ਪਹੁੰਚੇ ਹਨ ਪਰ ਜੁਡੀਸ਼ਰੀ ਅਤੇ ਵਕਾਲਤ ਅਜਿਹਾ ਫੀਲਡ ਰਿਹਾ ਹੈ ਜਿਥੇ ਅੱਜ ਵੀ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੀ ਨੁਮਾਇੰਦਗੀ ਨਾ ਮਾਤਰ ਹੈ। ਭਾਰਤ ਦੀਆਂ 28 ਹਾਈਕੋਰਟਾਂ ਅਤੇ ਸਰਵਉੱਚ ਅਦਾਲਤ ਵਿੱਚ ਇੱਕ ਵੀ ਜੱਜ ਅਨੁਸੂਚਿਤ ਜਾਤੀ ਅਤੇ ਜਨਜਾਤੀ ਦਾ ਨਹੀਂ ਹੈ ਜਦੋਂ ਕਿ ਇੱਕ ਅਨੁਮਾਨ ਅਨੁਸਾਰ ਭਾਰਤ ਵਿੱਚ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਲੋਕਾਂ ਦੀ ਅਬਾਦੀ 34 ਕਰੋੜ ਦੇ ਲਗਭਗ ਹੈ ਜੋ ਅਮਰੀਕਾ ਦੀ ਪੂਰੀ ਅਬਾਦੀ ਤੋਂ ਵੱਧ ਹੈ ਅਤੇ ਯੂਰਪ ਦੇ 20 ਦੇਸ਼ਾਂ ਦੀ ਅਬਾਦੀ ਤੋਂ ਵੀ ਵੱਧ ਹੈ( ਯੂਰਪ ਦੀ ਕੁੱਲ ਅਬਾਦੀ 74 ਕਰੋੜ ਹੈ)। ਦੇਸ਼ ਵਿੱਚ ਜਾਤ ਪਾਤ ਦਾ ਅਜਿਹਾ ਬੋਲ ਬਾਲਾ ਹੈ ਕਿ ਕਮਜ਼ੋਰ ਵਰਗਾਂ ਨੂੰ ਵੱਖ ਵੱਖ ਕਾਰਣਾਂ ਕਰਕੇ ਇਨਸਾਫ ਨਹੀਂ ਮਿਲਦਾ। ਪੜ੍ਹਾਈ, ਆਰਥਿਕ ਅਤੇ ਸਮਾਜਿਕ ਪੱਖੋਂ ਕਮਜ਼ੋਰ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਵਿਅਕਤੀ ਨਾ ਤਾਂ ਮਹਿੰਗੇ ਲਾਅ ਕਾਲਜ਼ਾਂ ਵਿੱਚ ਪੜ੍ਹ ਸਕਦੇ ਹਨ ਅਤੇ ਨਾ ਹੀ ਉੱਚ ਅਦਾਲਤਾਂ ਵਿੱਚ ਉਹਨਾਂ ਨੂੰ ਪ੍ਰੈਕਟਿਸ ਕਰਨ ਲਈ ਕੇਸ ਹੀ ਮਿਲਦੇ ਹਨ। ਮਾਰਚ 2018 ਵਿੱਚ ਭਾਰਤ ਦੀ ਸਰਵ ਉੱਚ ਅਦਾਲਤ ਨੇ ਅਨੁਸੂਚਿਤ ਜਾਤੀ ਅਤੇ ਜਨਜਾਤੀ ਐਕਟ ਨੂੰ ਕਮਜ਼ੋਰ ਕਰਨ ਸਬੰਧੀ ਅਜਿਹਾ ਫੈਸਲਾ ਦਿੱਤਾ ਜਿਸ ਨਾਲ ਅਨੁਸੂਚਿਤ ਜਾਤੀ ਅਤੇ ਜਨਜਾਤੀ ਐਕਟ ਦਾ ਹੋਣਾ ਜਾ ਨਾ ਹੋਣਾ ਇੱਕ ਬਰਾਬਰ ਹੋ ਗਿਆ। 2 ਅਪ੍ਰੈਲ 2018 ਨੂੰ ਦੇਸ਼ ਅਜ਼ਾਦ ਹੋਣ ਤੋਂ ਬਾਅਦ ਪਹਿਲੀ ਵਾਰ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਲੋਕਾਂ ਵੱਲੋਂ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ। ਇਹ ਬੰਦ ਪੂਰੀ ਤਰਾਂ ਕਾਮਯਾਬ ਰਿਹਾ। ਬਦਕਿਸਮਤੀ ਨਾਲ ਇੱਕ ਦਰਜਨ ਦੇ ਕਰੀਬ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਲੋਕ ਮਾਰੇ ਗਏ। ਇਸ ਬੰਦ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਸਰਕਾਰ ਨੂੰ ਮਜ਼ਬੂਰਨ ਸੁਪਰੀਮ ਕੋਰਟ ਦਾ ਹੁਕਮ ਰੱਦ ਕਰਦੇ ਹੋਏ ਭਾਰਤੀ ਸੰਵਿਧਾਨ ਵਿੱਚ ਸੰਸ਼ੋਧਨ ਕਰਨਾ ਪਿਆ। ਇਹਨਾਂ ਹਾਲਾਤਾਂ ਵਿੱਚ ਭਾਰਤ ਦੇ ਕਨੂੰਨ ਮੰਤਰੀ ਵੱਲੋਂ ਅਜਿਹੀ ਘੋਸ਼ਣਾ ਸੰਜੀਵਨੀ ਬੂਟੀ ਤੋਂ ਘੱਟ ਨਹੀਂ ਬਸ਼ਰਤੇ ਕਿ ਇਹ ਘੋਸ਼ਣਾ ਸੁਹਿਰਦਤਾ ਨਾਲ ਅਮਲੀ ਰੂਪ ਵਿੱਚ ਲਾਗੂ ਹੋ ਜਾਵੇ।

ਕਈ ਵਾਰ ਸੁਣਨ ਵਿੱਚ ਆਉਂਦਾ ਹੈ ਕਿ ਮੈਂ ਤੈਨੂੰ ਹੁਣ ਅਦਾਲਤ ਵਿਚ ਹੀ ਵੇਖਾਂਗਾ। ਜਦੋਂ ਪੋਲੀਟੀਕਲ ਰਾਜਨੇਤਾ, ਸਰਕਾਰੀ ਪ੍ਰਸ਼ਾਸਨ, ਪੁਲਿਸ ਆਦਿ ਤੋਂ ਆਮ ਆਦਮੀ ਨਿਰਾਸ਼ ਹੋ ਜਾਂਦਾ ਹੈ ਤਾਂ ਉਸ ਦੀ ਟੇਕ ਸਿਰਫ਼ ਅਦਾਲਤ ਤੇ ਰਹਿ ਜਾਂਦੀ ਹੈ। ਹੇਠਲੀਆਂ ਅਦਾਲਤਾਂ ਤੇ ਕੇਸਾਂ ਦਾ ਬੋਝ ਇਤਨਾਂ ਹੈ ਕਿ ਜਲਦੀ-ਜਲਦੀ ਕੇਸ ਦਾ ਫੈਸਲਾ ਸੰਭਵ ਨਹੀਂ ਹੋ ਪਾਂਦਾ ਫਿਰ ਨੋਟਿਸ ਅਤੇ ਉਸ ਦੀ ਸਰਵਿਸ ਆਪਣੇ ਆਪ ਵਿੱਚ ਹੀ ਇੱਕ ਗੰਭੀਰ ਮਸਲਾ ਹੈ। ਪਹਿਲਾਂ ਨੋਟਿਸ ਡਾਕ ਰਾਹੀਂ ਜਾਂਦਾ ਹੈ ਜਾਂ ਕੋਰਟ ਦਾ ਪਿਆਦਾ ਲੈ ਕੇ ਜਾਂਦਾ ਹੇ, ਫਿਰ ਰਜਿਸਟਰਡ ਪੋਸਟ ਰਾਹੀਂ ਭੇਜਿਆ ਜਾਂਦਾ ਹੈ, ਜੇਕਰ ਫਿਰ ਵੀ ਦੂਸਰੀ ਧਿਰ ਨਾ ਆਵੇ ਤਾਂ ਫਿਰ ਮਸ਼ਤਰੀ ਮੁਨਾਦੀ ਕਰਵਾਈ ਜਾਂਦੀ ਹੈ ਤੇ ਅਖੀਰ ਵਿੱਚ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤੇ ਜਾਂਦੇ ਹਨ ਤਾਂ ਕਿ ਕੋਈ ਵੀ ਵਿਅਕਤੀ ਅਣਸੁਣਿਆ ਨਾ ਰਹਿ ਜਾਵੇ ਅਤੇ ਕਿਸੇ ਨੂੰ ਗੈਰ ਮੌਜੂਦਗੀ ਵਿੱਚ ਬਿਨ੍ਹਾਂ ਸੁਣਵਾਈ ਬੇ-ਇਨਸਾਫੀ ਸਹਿਣੀ ਨਾ ਪੈ ਜਾਵੇ। ਇਸ ਪਾਰਦਰਸ਼ੀ ਪ੍ਰੋਸੀਜ਼ਰ ਦੇ ਬਾਵਜੂਦ ਵੀ ਕਈ ਲੋਕੀ ਕਈ ਤਰੀਕੇ ਕੱਢ ਲੈਦੇਂ ਹਨ ਜਿਸ ਕਾਰਣ ਨੋਟਿਸ ਦੂਸਰੀ ਧਿਰ ਤੱਕ ਪਹੁੰਚੇ ਹੀ ਨਾ। ਜੱਜ ਦੇ ਦਫਤਰਾਂ ਵਿੱਚ ਮਿਲੀ ਭੁਗਤ, ਡਾਕ ਵਿਭਾਗ ਦੇ ਕ੍ਰਮਚਾਰੀਆਂ ਨਾਲ ਮਿਲੀ ਭੁਗਤ, ਪਿੰਡ, ਗਲੀ, ਮੁਹੱਲੇ ਦੇ ਚੌਕੀਂਦਾਰ ਤੋਂ ਫਰਜ਼ੀ ਮੁਨਾਦੀ ਅਤੇ ਅਖ਼ਬਾਰਾ ਵਿੱਚ ਫਰਜੀ ਇਸ਼ਤਹਾਰ ਜਿਵੇਂ ਕਿ ਉਸ ਅਖਬਾਰ ਵਿੱਚ ਇਸ਼ਤਹਾਰ ਦੇਣਾ ਜਿਸ ਦੇ ਨਾਂ ਵਾਰੇ ਵੀ ਲੋਕਾਂ ਨੂੰ ਪਤਾ ਨਾ ਹੋਵੇ। ਇਸ ਸਾਰੇ ਦੇ ਬਾਵਜੂਦ ਵੀ ਅਦਾਲਤਾਂ ਵਲੋਂ ਜੋਰ ਲਾਇਆ ਜਾਂਦਾ ਹੈ ਕਿ ਛੇਤੀ ਤੋਂ ਛੇਤੀ ਕੇਸ ਦਾ ਨਿਪਟਾਰਾ ਹੋ ਜਾਵੇ। ਕਈ ਵਾਰ ਵਕੀਲ ਹੀ ਕੇਸ ਨੂੰ ਸਿਰੇ ਨਹੀਂ ਲਗਣ ਦਿੰਦੇ ਕਿਉਂਕਿ ਉਸ ਕੇਸ ਦਾ ਫੈਸਲਾ ਹੋ ਜਾਣਾ ਉਹਨਾਂ ਨੂੰ ਕਈ ਕਾਰਣਾ ਕਰਕੇ ਸੁਖਾਂਦਾ ਨਹੀਂ । ਖੈਰ ਆਮ ਆਦਮੀ ਦੀ ਟੇਕ ਜਿਲਾ ਅਦਾਲਤਾਂ ਤੋਂ ਉੱਪਰ ਹਾਈ ਕੋਰਟ ਜਾਂ ਸੁਪਰੀਮ ਕੋਰਟ ਤੱਕ ਰਹਿੰਦੀ ਹੈ। ਆਮ ਆਦਮੀ ਇਸ ਆਸ ਤੇ ਜਿਉਂਦਾ ਰਹਿੰਦਾ ਹੈ ਕਿ ਹਾਲੇ ਦੋ ਉੱਚ ਅਦਾਲਤਾਂ ਹੋਰ ਪਈਆਂ ਹਨ। ਜੇਕਰ ਇੰਨਸਾਫ ਨਾ ਮਿਲਿਆ ਤਾਂ ਰਾਸਤਾ ਅਜੇ ਬੰਦ ਨਹੀਂ ਹੋਇਆ। ਅਪੀਲ ਕੀਤੀ ਜਾਵੇਗੀ, ਹਾਈਕੋਰਟ ਜਾਂ ਸੁਪਰੀਮ ਕੋਰਟ 'ਚ ਬੈਠੇ ਜੱਜ ਜਿਹਨਾਂ ਨੂੰ ਵਕੀਲ "ਮਾਈ ਲਾਰਡ" ਕਹਿ ਕੇ ਸੰਬੋਧਨ ਕਰਦੇ ਹਨ ਭਾਵ ਕਿ ਤੁਸੀਂ ਭਗਵਾਨ ਹੋ, ਈਸ਼ਵਰ ਹੋ, ਅੱਲ੍ਹਾ ਹੋ, ਵਾਹਿਗੁਰੂ ਹੋ ਅਤੇ ਸਾਡੀ ਜਿੰਦਗੀ ਦੀ ਡੋਰ ਹੁਣ ਤੁਹਾਡੇ ਹੱਥ ਵਿੱਚ ਹੈ। ਭਾਵੇਂ ਕਈ ਵਾਰ ਸੁਣਨ ਵਿੱਚ ਆਇਆ ਹੈ ਕਿ ਉੱਚ ਅਦਾਲਤਾਂ ਨੇ ਅਜਿਹੇ ਸੰਬੋਧਨ ਲਈ ਵਕੀਲਾਂ ਨੂੰ ਮਨਾ ਵੀ ਕੀਤਾ ਹੈ ਪਰ ਚਾਪਲੂਸੀ ਦੀ ਆੜ ਕਾਰਣ ਜਾਂ ਜੱਜ ਸਾਹਿਬ ਨੂੰ ਖੁਸ਼ ਕਰਨ ਕਾਰਣ ਵਕੀਲ ਜੱਜਾਂ ਨੂੰ 'ਮਾਈ ਲਾਰਡ' ਕਹਿੰਦੇ ਨਹੀਂ



ਥੱਕਦੇ। ਕਈ ਵਾਰ ਤਾਂ 'ਪਲੀਜ਼ ਮਾਈ ਲਾਰਡ' ਕਹਿੰਦੇ ਸੁਣੇ ਜਾਂਦੇ ਹਨ ਭਾਵੇਂ ਫੈਸਲਾ ਉਹਨਾਂ ਦੇ ਖਿਲਾਫ ਹੀ ਦੇ ਦਿੱਤਾ ਜਾਵੇ। ਅਦਾਲਤ ਦੀ ਇੱਜ਼ਤ ਕੀਤੀ ਜਾਣੀ ਵਾਜਿਬ ਹੈ। ਪਰ ਇਹ ਇੱਜਤ ਦਿੱਲੋਂ ਹੋਣੀ ਚਾਹੀਦੀ ਹੈ ਨਾ ਕਿ ਕਿਸੇ ਭੈਅ ਜਾਂ ਹੋਰ ਕਾਰਣ ਕਾਰਨ। ਭਾਰਤ ਦੇਸ਼ ਦੁਨੀਆਂ ਦੇ ਖਿਤੇ ਵਿੱਚ ਅਜ਼ੀਬ ਦੇਸ਼ ਹੈ। ਦੁਨੀਆਂ ਦੀਆਂ ਪੁਰਾਣੀਆਂ ਸਭਿਆਤਾਵਾਂ ਵਿੱਚੋਂ ਇੱਕ ਹੋਣ ਕਾਰਣ ਤੇ ਵੀ ਭਾਰਤ ਵਾਸੀ ਸਦੀਆਂ ਗੁਲਾਮ ਰਹੇ। ਇਸ ਦਾ ਕਾਰਣ ਵਿਦੇਸ਼ੀਆਂ ਦਾ ਤਾਕਤਵਰ ਹੋਣਾ ਨਹੀਂ ਸੀ, ਭਾਰਤੀਆਂ ਦੀ ਬੇ-ਤੁਕੀ ਅਤੇ ਮਾੜੀ ਸਮਾਜਿਕ ਵਿਵਸਥਾ ਸੀ। ਬਹੁ-ਗਿਣਤੀ ਲੋਕਾਂ ਨੂੰ ਅਨਪੜ੍ਹ-ਜਾਹਲ ਅਤੇ ਮਾਨਸਿਕ ਗੁਲਾਮ ਬਣਨ ਲਈ ਸਦੀਆਂ ਤੋਂ ਮਜਬੂਰ ਕਰੀ ਰੱਖਿਆ। ਜਿਸ ਕਾਰਣ ਭਾਰਤੀ ਲੋਕ ਵਿਦੇਸ਼ੀ ਹਮਲਾਵਰਾਂ ਦਾ ਸਾਹਮਣਾ ਨਾ ਕਰ ਪਾਏ, ਹਾਰ ਗਏ ਅਤੇ ਗੁਲਾਮ ਬਣਦੇ ਗਏ। ਤ੍ਰਾਸਦੀ ਇਹ ਰਹੀ ਕਿ ਸਮਾਜਿਕ ਤੌਰ ਤੇ ਲੋਕਾਂ ਨੂੰ ਗੁਲਾਮ ਬਣਾਈ ਰੱਖਣ ਦੀ ਭਾਵਨਾ ਨੇ ਉਹਨਾਂ ਨੂੰ ਆਪ ਵੀ ਗੁਲਾਮ ਰਹਿਣ ਲਈ ਮਜਬੂਰ ਕਰ ਦਿੱਤਾ। ਜਦੋਂ ਅੰਗਰੇਜ਼ ਡੇੜ ਦੋ ਸਾਲ ਰਾਜ ਕਰ ਕੇ ਮੁਲਕ ਨੂੰ ਅਜ਼ਾਦ ਕਰ ਕੇ ਵਾਪਸ ਚਲੇ ਗਏ ਤਾਂ ਵੀ ਇਹਨਾਂ ਲੋਕਾਂ ਨੇ ਆਨੇ-ਬਹਾਨੇ ਸਾਰੇ ਤੰਤਰ ਨੂੰ ਮਨੂੰਵਾਦੀ ਲੀਹਾਂ ਤੇ ਤੋਰਨ ਵਿੱਚ ਕੋਈ ਕਸਰ ਨਹੀਂ ਛੱਡੀ।

ਭਾਰਤ ਦੀਆਂ ਉੱਚ ਅਦਾਲਤਾ ਅੱਜ ਦੁਨੀਆਂ ਭਰ ਵਿੱਚ ਹਾਸੇ ਮਜ਼ਾਕ ਦਾ ਸਬੱਬ ਬਣੀਆਂ ਹੋਈਆਂ ਹਨ। ਇਸ ਲਈ ਕੌਣ ਜੁੰਮੇਵਾਰ ਹੈ? ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਜੱਜਾਂ ਖਿਲਾਫ ਰਿਸ਼ਵਤ ਦੇ ਦੋਸ਼, ਭਾਈ-ਭਤੀਜਾ ਵਾਦ ਨੂੰ ਪ੍ਰੋਮੋਟ ਕਰਨਾ, ਅੰਕਲ ਜੱਜ ਦਾ ਕਲਚਰ, ਕਈ ਵਾਰੀ ਮੀਡੀਆਂ ਵਿੱਚ ਦੇਖਣ ਸੁਣਨ ਨੂੰ ਮਿਲਦਾ ਹੈ। ਇੱਕ ਉਤਰ-ਪੂਰਬ ਰਾਜ ਦੇ ਮੁੱਖ ਮੰਤਰੀ ਵਲੋਂ ਸੁਪਰੀਮ ਕੋਰਟ ਦੇ ਜੱਜ ਨੂੰ ਖੁਦਕੁਸ਼ੀ ਲਈ ਉਤਰਦਾਈ ਠਹਿਰਾਉਣਾ, ਜ਼ਸਟਿਸ ਕਾਰਨਨ ਵੱਲੋਂ ਜੱਜਾਂ ਦੇ ਖਿਲਾਫ ਭ੍ਰਿਸ਼ਟਾਚਾਰ ਸਬੰਧੀ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖਣੀ, ਸੁਪਰੀਮ ਕੋਰਟ ਜੱਜਾਂ ਦਾ ਜਯਾ-ਲਲਿਤਾ(ਸਵਰਗੀ ਮੁੱਖ ਮੰਤਰੀ) ਵਰਗੇ ਅਹਿਮ ਕੇਸਾਂ ਦੀ ਸਾਲ ਤੋਂ ਵੀ ਵੱਧ ਸਮੇਂ ਲਈ ਫੈਸਲਾ ਦੱਬ ਕੇ ਬੈਠੇ ਰਹਿਣਾ ਆਦਿ ਆਮ ਆਦਮੀ ਦੇ ਮਨ ਵਿੱਚ ਕਈ ਪ੍ਰਸ਼ਨ ਪੈਦਾ ਕਰਦਾ ਹੈ। ਭਾਰਤੀ ਸੰਵਿਧਾਨ ਵਿੱਚ ਬਹੁਤ ਸਾਫ ਲਿਖਿਆ ਹੈ ਕਿ ਕਨੂੰਨ ਬਣਾਉਣਾ ਵਿਧਾਨ ਸਭਾਵਾਂ ਅਤੇ ਪਰਲੀਮੈਂਟ ਦਾ ਕੰਮ ਹੈ। 20 ਮਾਰਚ 2018 ਨੂੰ ਮਾਨਯੋਗ ਸੁਪਰੀਮ ਕੋਰਟ ਨੇ ਐਸ ਸ਼ਸੀਅਐੱਸ ਸ਼ਟੀਨੈਕਟ ਸਬੰਧੀ ਗਾਈਡ ਲਾਈਨਾਂ ਜਾਰੀ ਕਰ ਕੇ ਨਵਾਂ ਐਕਟ ਬਣਾ ਦਿੱਤਾ। ਕੀ ਸੁਪਰੀਮ ਕੋਰਟ ਕੋਲ ਕੋਈ ਅਜਿਹਾ ਅਧਿਕਾਰ ਹੈ? 2 ਅਪ੍ਰੈਲ, 2018 ਨੂੰ ਭਾਰਤ ਦਲਿਤ ਬੰਦ ਵਿੱਚ ਜੋ ਗਿਆਰਾਂ ਮੌਤਾਂ ਹੋਈਆਂ, ਕੀ ਉਸ ਦੀ ਜੁਮੇਵਾਰੀ ਕੋਈ ਤਹਿ ਕਰੇਗਾ ? ਕੀ ਮਾਨਯੋਗ ਸੁਪਰੀਮ ਕੋਰਟ ਨੇ ਇਸ ਘਟਨਾ ਦਾ ਨੋਟਿਸ ਲਿਆ ਹੈ? ਕੀ ਦਲਿਤਾਂ ਦੀ ਜਾਨ ਦਾ ਕੋਈ ਮੁੱਲ ਨਹੀਂ ਹੈ? ਦਲਿਤਾਂ ਦੀ ਅਬਾਦੀ ਲਗਭਗ 34 ਕਰੋੜ ਹੈ। ਕੀ ਦਲਿਤਾਂ ਵਿੱਚ ਇੱਕ ਵੀ ਯੋਗ ਵਿਅਕਤੀ ਨਹੀਂ ਜੋ ਕਿਸੇ ਵੀ ਰਾਜ ਦੀ ਹਾਈ ਕੋਰਟ ਦਾ ਮੁੱਖ ਜੱਜ ਬਣਨ ਦੇ ਕਾਬਲ ਹੋਵੇ? ਕੀ ਅਜਿਹਾ ਕੋਈ ਦਲਿਤ ਵਕੀਲ ਨਹੀਂ ਜੋ ਸਿੱਧਾ ਸੁਪਰੀਮ ਕੋਰਟ ਦਾ ਜੱਜ ਥਾਪਿਆ ਜਾ ਸਕੇ? ਜਦੋਂ 2010 ਵਿੱਚ ਜੀ ਬਾਲਾਕ੍ਰਿਸ਼ਨਨ ਚੀਫ ਜ਼ਸਟਿਸ ਸੁਪਰੀਮ ਕੋਰਟ ਨੇ ਸ੍ਰੀ ਦਿਨਾਕਰਨ ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕਰਨਾ ਚਾਹਿਆ ਤਾਂ ਸਾਰੇ ਮਾਨਯੋਗ ਜੱਜ ਉਸ ਦੇ ਮਗਰ ਹੱਥ ਧੋ ਕੇ ਪੈ ਗਏ। ਡਾ: ਅੰਬੇਡਕਰ ਨੇ ਇੱਕ ਵਾਰੀ ਸ੍ਰੀ ਮੋਹਨ ਦਾਸ ਕਰਮਚੰਦ ਗਾਂਧੀ ਨੂੰ ਭਰੇ ਮਨ ਨਾਲ ਉਲਾਂਭਾ ਦਿੱਤਾ ਸੀ ਕਿ, "ਮੈਂ ਉਸ ਦੇਸ਼ ਨੂੰ ਆਪਣਾ ਦੇਸ਼ ਕਿਵੇਂ ਕਹਾਂ ਜਿੱਥੇ ਮੇਰੇ ਸਮਾਜ ਨਾਲ ਕੁੱਤੇ ਬਿੱਲੀਆਂ ਤੋਂ ਵੀ ਭੈੜਾ ਵਿਵਹਾਰ ਕੀਤਾ ਜਾਂਦਾ ਹੈ? ਜਿਥੇ ਮੇਰੇ ਸਮਾਜ ਨੂੰ ਭੁੱਖਾ ਪੇਟ ਭਰਨ ਲਈ ਮੁਰਦਾ ਪਸ਼ੂਆਂ ਦਾ ਮਾਸ ਖਾਣ ਲਈ ਕੁੱਤਿਆਂ ਨਾਲ ਲੜਨਾ ਪੈਂਦਾ ਹੈ?" ਜ਼ਸਟਿਸ ਕਾਰਨਨ ਨੂੰ ਖੁੱਡੇ ਲਾਇਨ ਲਾਉਣ ਲਈ ਜਦੋਂ ਸੁਪਰੀਮ ਕੋਰਟ ਨੇ ਕਲਕੱਤਾ ਹਾਈ ਕੋਰਟ ਦੇ ਮੁੱਖ ਜੱਜ ਦੀਆਂ ਪਾਵਰਾਂ ਇਸਤੇਮਾਲ ਕਰਦਿਆਂ ਉਸ ਦਾ ਕੰਮ ਵਾਪਸ ਲੈ ਲਿਆ ਤਾਂ ਪੂਰੇ ਭਾਰਤ ਵਿੱਚ ਕਿਸੇ ਨੇ ਵੀ ਇਸ ਦਾ ਵਿਰੋਧ ਨਹੀਂ ਕੀਤਾ। 2014 ਵਿੱਚ ਭਾਰਤ ਸਰਕਾਰ ਨੇ ਆਲ ਇੰਡੀਆ ਜੁਡੀਸ਼ੀਅਲ ਕਮਿਸ਼ਨ ਬਣਾਉਣ ਲਈ ਐਕਟ ਪਾਸ ਕੀਤਾ ਤਾਂ ਮਾਨਯੋਗ ਸੁਪਰੀਮ ਕੋਰਟ ਨੇ ਉਸ ਨੂੰ ਜੁਡੀਸ਼ਰੀ ਦੀ ਅਜ਼ਾਦੀ ਤੇ ਹਮਲਾ ਕਰਾਰ ਦਿੱਤਾ ਅਤੇ ਰੱਦ ਕਰ ਦਿੱਤਾ। ਹੁਣ ਸਵਾਲ ਇਹ ਉਠਦਾ ਹੈ ਕਿ ਕੀ ਸੰਵਿਧਾਨ ਵਿੱਚ ਕਿਧਰੇ ਵੀ ਕੋਲੀਜ਼ੀਅਮ ਸਿਸਟਮ ਦੀ ਵਿਵਸਥਾ ਹੈ? ਕੀ ਅਨੁਸੂਚਿਤ ਜਾਤੀ ਅਤੇ ਜਨਜਾਤੀ ਤੇ ਵਿਅਕਤੀਆਂ ਨੂੰ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਜੱਜਾਂ ਦੇ ਅਹੁੱਦਿਆਂ ਤੇ ਬੈਠਣ ਲਈ ਕਦੀ ਜਗਾ ਮਿਲੇਗੀ? ਕੀ ਬੈਕਵਾਰਡ ਕਲਾਸ ਦੇ ਵਿਅਕਤੀ ਇਹਨਾਂ ਅਹੁੱਦਿਆਂ ਤੇ ਬਿਰਾਜਮਾਨ ਹੋ ਸਕਣਗੇ? ਕੀ ਸਾਡਾ ਦੇਸ਼ ਉਸ ਸਪਿਰਟ ਵਿੱਚ ਕੰਮ ਕਰ ਸਕੇਗਾ, ਜਿਸ ਸਪਿਰਟ ਵਿੱਚ ਭਾਰਤ ਦਾ ਸੰਵਿਧਾਨ ਬਣਿਆ ਸੀ? ਕੀ ਸੰਵਿਧਾਨ ਦੇ ਆਰਟੀਕਲ 16 ਦੀ ਪਾਲਣਾ ਹੋ ਪਾਵੇਗੀ ਜਿਸ ਵਿੱਚ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਦੇ ਲੋਕਾਂ ਲਈ ਕਨੂੰਨ ਪਾਸ ਕੀਤਾ ਜਾ ਸਕਦਾ ਹੈ ਜਿੱਥੇ ਇਹਨਾਂ ਲੋਕਾਂ ਦੀ ਨੁਮਾਇੰਦਗੀ ਘੱਟ ਹੋਵੇ ? ਕੀ ਦਲਿਤਾਂ ਦੀ ਨੁਮਾਇੰਦਗੀ ਨੂੰ ਕੋਈ ਸਰਕਾਰ ਸੁਨਿਸਚਤ ਕਰੇਗੀ? ਕੀ ਭਾਰਤੀ ਸੰਵਿਧਾਨ ਨੂੰ ਲਾਗੂ ਨਾ ਕਰਨ ਕਰ ਕੇ ਅਸੀਂ ਸੰਵਿਧਾਨ ਦਾ ਮਖੌਲ ਤਾਂ ਨਹੀਂ ਉਡਾ ਰਹੇ? ਜੇਕਰ ਇਹਨਾਂ ਸਵਾਲਾਂ ਦਾ ਉੱਤਰ ਸਾਡੇ ਕੋਲ ਨਹੀਂ ਹੈ ਤਾਂ ਆਉ ਰਲ-ਬੈਠ ਕੇ ਇਹਨਾਂ ਸਵਾਲਾਂ ਦਾ ਉੱਤਰ ਲੱਭੀਏ। ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ: ਅੰਬੇਡਕਰ ਨੇ ਕਿਹਾ ਸੀ, "ਸੰਵਿਧਾਨ ਭਾਵੇਂ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਜੇਕਰ ਉਸ ਨੂੰ ਲਾਗੂ ਕਰਨ ਵਾਲੇ ਲੋਕ ਬਦਨੀਅਤ ਹੋਣ ਤਾਂ ਨਿਸਚਤ ਹੀ ਸੰਵਿਧਾਨ ਮਾੜਾ ਸਾਬਿਤ ਹੋਵੇਗਾ"। ਜੇਕਰ ਸੰਵਿਧਾਨ ਲਾਗੂ ਕਰਨ ਵਾਲੇ ਲੋਕ ਚੰਗੇ ਹੋਣਗੇ ਤਾਂ, ਮਾੜਾ ਸੰਵਿਧਾਨ ਵੀ ਚੰਗਾ ਸਾਬਿਤ ਹੋਵੇਗਾ।"

ਭਾਰਤੀ ਲੋਕ ਤੰਤਰ 'ਚੈੱਕ ਐਂਡ ਬੈਂਲਸ' ਦੀ ਪਾਲਿਸੀ ਤੇ ਅਧਾਰਤ ਕੰਮ ਕਰਦਾ ਹੈ। ਕਿਸੇ ਵੀ ਇੱਕ ਸੰਸਥਾ ਨੂੰ ਖੁਦ-ਮੁਖਤਾਰੀ ਅਤੇ ਮਨ-ਮਰਜ਼ੀ ਦੇ ਫੈਸਲੇ ਕਰਨ ਦੀ ਇਜ਼ਾਜ਼ਤ ਨਹੀਂ ਹੈ। ਮਰਿਆਦਾ ਵਿੱਚ ਰਹਿ ਕੇ ਕੰਮ ਕਰਨਾ ਸੱਭ ਦੀ ਜੁੰਮੇਵਾਰੀ ਹੈ। ਭਾਰਤੀ ਪ੍ਰਸ਼ਾਸਨ ਨੂੰ ਚਲਾਉਣ ਲਈ ਆਲ ਇੰਡੀਆ ਸਰਵਿਸ ਦਾ ਸਿਸਟਮ ਬਾ-ਖ਼ੂਬੀ ਪਿਛਲੇ 70 ਸਾਲਾਂ ਤੋਂ ਚਲਦਾ ਆ ਰਿਹਾ ਹੈ, ਆਈ ਐੱਸ, ਆਈ ਆਈ ਐੱਫ ਐੱਸ ਅਤੇ ਹੋਰ ਕਲਾਸ ' ਅਤੇ ਕਲਾਸ ਨ ਦੀਆਂ ਭਰਤੀਆਂ ਕਰ ਕੇ ਕੇਂਦਰ ਰਾਜ ਅਤੇ ਰਾਜ ਸਰਕਾਰਾਂ ਪ੍ਰਸ਼ਾਸਨ ਚਲਾ ਰਹੀਆਂ ਹਨ। ਸੰਵਿਧਾਨ ਰਾਹੀਂ ਸਥਾਪਤ ਯੂਡੀਸ਼ਰੀ ਅਦਾਰੇ ਨੇ ਆਪਣੀ ਕਾਰਜ ਕੁਸ਼ਲਤਾ, ਗੋਪਨੀਅਤਾ ਅਤੇ ਨਿਪੁੰਨਤਾ ਆਦਿ ਦਾ ਮੁਜ਼ਾਹਰਾ ਕੀਤਾ ਹੈ ਅਤੇ ਪਿਛਲੇ 71 ਸਾਲਾਂ ਵਿੱਚ ਅਫਸਰਾਂ ਦੀ ਚੋਣ ਸਬੰਧੀ ਇੱਕ ਬੇ-ਦਾਗ ਸੰਸਥਾ ਹੋਣ ਦਾ ਸਬੂਤ ਦਿੱਤਾ ਹੈ। ਕਿਉਂ ਨਾ 'ਆਲ ਇੰਡੀਆ ਜੁਡੀਅਲ ਸਰਵਿਸ' ਸ਼ੁਰੂ ਕੀਤੀ ਜਾਵੇ ਜਿਸ ਵਿੱਚ ਭਾਰਤ ਦੇ ਸਮੂਹ ਲੋਕਾਂ ਦੀ ਨੁਮਾਇੰਦਗੀ ਸੁਨਿਸਚਤ ਹੋ ਸਕੇ। ਮੈਂ ਇੱਥੇ ਇੱਕ ਅਮਰੀਕੀ ਸੰਸਥਾ ਦੁਆਰਾ ਕੀਤੇ ਤਾਜ਼ੇ ਸਰਵੇ ਦਾ ਜਿਕਰ ਕਰਨਾ ਉੱਚਿਤ ਸਮਝਦਾ ਹਾਂ ਜਿਸ ਨੇ ਭਾਰਤ ਬਰਿਉਕਰੇਸੀ ਦੇ ਕੰਮ-ਕਾਰ ਦਾ ਨਿਰੀਖਣ ਕਰਨ ਤੋਂ ਬਾਅਦ ਇਹ ਰਿਪੋਰਟ ਦਿੱਤੀ ਹੈ ਕਿ ਰਾਖਵਾਂਕਰਣ ਹੋਣ ਨਾਲ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ 'ਤੇ ਰੱਤੀ ਭਰ ਵੀ ਕਾਰਗੁਜ਼ਾਰੀ ਵਿੱਚ ਫ਼ਰਕ ਨਹੀਂ ਪਿਆ ਹੈ। "ਸਰਵ ਭਾਰਤੀ ਜੁਡੀਸ਼ਅਰੀ ਸਰਵਿਸ" ਸਥਾਪਤ ਕਰਨ ਦੀ ਘੋਸ਼ਣਾ ਸਵਾਗਤਯੋਗ ਹੈ। ਇਸ ਸਬੰਧੀ ਮਾਨਯੋਗ ਕਨੂੰਨ ਮੰਤਰੀ ਨੇ ਬਿਆਨ ਦਿੱਤਾ ਹੈ ਕਿ ਰਾਖਵਾਂਕਰਣ ਨਾਲ ਸੀਨੀਅਰ ਜੁਡੀਸ਼ੀਅਲ ਅਹੁਦਿਆਂ ਤੇ ਕਮਜ਼ੋਰ ਵਰਗਾਂ ਦੇ ਲੋਕ ਪੂਰੀ ਟ੍ਰੇਨਿੰਗ ਲੈਣ ਉਪਰੰਤ ਕੰਮ ਕਰ ਸਕਣਗੇ।

ਜਿੱਥੇ ਇਸ ਦਾ ਲਾਭ ਅਨੁਸੂਚਿਤ ਜਾਤੀ ਅਤੇ ਜਨਜਾਤੀ ਵਰਗ ਦੇ ਲੋਕਾਂ ਨੂੰ ਹੋਵੇਗਾ ਉੱਥੇ ਆਪਣੇ ਆਪ ਹੀ ਪਛੜੇ ਵਰਗ ਦੇ ਲੋਕਾਂ ਨੂੰ ਵੀ ਨੁਮਾਇੰਦਗੀ ਮਿਲੇਗੀ। ਇਸ ਤਰਾਂ ਸਮਾਜ ਵਿੱਚ ਇੱਕਸੁਰਤਾ ਅਤੇ ਸਮਤਾ ਦੀਆਂ ਸੰਭਾਵਨਾਵਾਂ ਹੋਰ ਵਧਣਗੀਆਂ।

ਇਹ ਫੈਸਲਾ ਭਾਰਤੀ ਸੰਵਿਧਾਨ ਦੀ ਰੂਹ ਵਿੱਚ ਹੋਵੇਗਾ। ਚੰਗਾ ਹੁੰਦਾ ਜੇ ਇਹ ਫੈਸਲਾ ਮੌਜੂਦਾ ਸਰਕਾਰ ਦੇ ਕਾਰਜਕਾਲ ਪਹਿਲੇ ਸਾਲ ਵਿੱਚ ਹੋਇਆ ਹੁੰਦਾ। ਅਜਿਹਾ ਨਾ ਹੋਵੇ ਕਿ ਇਹ ਘੋਸ਼ਣਾ 2019 ਦੀਆਂ ਚੋਣਾ ਤੋਂ ਪਹਿਲਾਂ ਇੱਕ ਚੋਣ ਵਾਅਦਾ ਹੀ ਹੋ ਨਿਬੜੇ। ਇਹ ਉਮੀਦ ਕੀਤੀ ਜਾਂਦੀ ਹੈ ਕਿ ਭਾਰਤੀ ਸੰਵਿਧਾਨ ਵਿੱਚ ਦਿੱਤੇ ਸਮਾਜਿਕ ਨਿਆਂ ਨੂੰ ਪੂਰਾ ਕਰਨ ਵੱਲ ਇਹ ਇੱਕ ਸਾਰਥਿਕ ਕਦਮ ਸਾਬਿਤ ਹੋਵੇਗਾ।

# ਸਾਵਧਾਨ ਅੱਗੇ ਟੈਕਸ ਸੀਜ਼ਨ ਹੈ?



ਗੁਰਦੀਪ ਕੌਰ
916-695-0035

**ਟੈਕਸ ਦੀ ਪਰਿਭਾਸ਼ਾ–** ਕਿਸੇ ਵੀ ਦੇਸ਼ ਜਾਂ ਰਾਜ ਦੇ ਮਾਲੀਆ ਖਾਤੇ ਵਿਚ ਬਣਦਾ ਜ਼ਰੂਰੀ ਕਰ ਭੁਗਤਾਨ ਕਰਨਾ ਟੈਕਸ ਅਖਵਾਉਂਦਾ ਹੈ। ਇਹ ਇਕ ਕੰਮਕਾਜੀ ਵਿਅਕਤੀਆਂ ਲਈ ਜਾਂ ਹਰ ਉਸ ਆਮਦਨ ਵਸੀਲਾ ਪ੍ਰਾਪਤੀ ਤੇ ਹੁੰਦਾ ਹੈ, ਜੋ ਮੁਨਾਫ਼ਾ ਉਪਜਾਉਂਦਾ ਹੈ। ਇਹ ਵਪਾਰ ਦੇ ਵਾਧ ਦੇ ਸੰਦਰਭ ਵਿਚ, ਚੀਜ਼ਾਂ ਦੇ ਭੁਗਤਾਨ, ਸੇਵਾਵਾਂ ਤੇ ਆਦਾਨ-ਪ੍ਰਦਾਨ ਤੇ ਬਣਦੀ ਰਕਮ ਹੁੰਦੀ ਹੈ। ਭਾਵੇਂ ਕਿ ਗ੍ਰਾਹਕ ਮੁਤਾਬਕ ਇਹ ਇਕ ਗੈਰ ਜ਼ਰੂਰੀ, ਵਾਧੂ ਬੋਝ ਵਾਲੀ, ਪ੍ਰੇਸ਼ਾਨ ਤੇ ਕਿਸੇ ਹੱਦ ਤੱਕ ਇਕ ਦੁਖਦਾਇਕ ਪ੍ਰਕਿਰਿਆ ਵੀ ਹੈ। ਪਰ ਸਰਕਾਰੀ ਕੰਮਕਾਜ ਨੂੰ ਨਿਯੰਤਰਿਤ ਤੇ ਪੂਰਨ ਰੂਪ ਵਿਚ ਤੇ ਸੁਚਾਰੂ ਢੰਗ ਨਾਲ ਚਲਾਉਣ ਲਈ, ਇਸ ਦੀ ਹੋਂਦ ਅਤੀ ਜ਼ਰੂਰੀ ਮੰਨੀ ਜਾਂਦੀ ਹੈ ਤੇ ਮੰਨੀ ਗਈ ਹੈ। ਇਹ ਸਾਡੇ ਆਰਥਿਕ ਵਸੀਲੇ ਦਾ ਉਹ ਸੰਵਿਧਾਨਕ ਪੱਖ ਹੈ, ਜੋ ਹਰ ਕੰਮਕਾਜੀ ਵਿਅਕਤੀ ਲਈ ਜ਼ਰੂਰੀ ਹੈ। ਆਪਣੀ ਆਮਦਨ ਦਾ ਬਣਦਾ ਹਿੱਸਾ ਸਰਕਾਰੀ, ਗੈਰ ਸਰਕਾਰੀ, ਨਿਯੰਤਰਿਤ ਸੰਸਥਾਵਾਂ ਵਿਚ ਜਮ੍ਹਾ ਕਰਾਉਣਾ ਸਾਡਾ ਮੌਲਿਕ ਫਰਜ਼ ਹੈ। ਸਮੇਂ ਸਿਰ ਇਸ ਕਰ ਦੀ ਪੂਰਤੀ ਨਾ ਕਰਨਾ, ਕਾਨੂੰਨੀ ਅਪਰਾਧ ਹੈ, ਜਿਸਦੇ ਫੇਲ੍ਹ ਹੋਣ ਦੀ ਸੂਰਤ ਵਿਚ ਸਾਨੂੰ ਸਜ਼ਾ, ਫੀਸ, ਜੁਰਮਾਨਾ ਆਦਿਕ ਦੇਣਾ/ਭੁਗਤਾਨ ਕਰਨਾ ਪੈਂਦਾ ਹੈ। ਮੂਲ ਰੂਪ ਵਿਚ ਟੈਕਸ ਭਾਵ ਕਰ ਇਕੱਠਾ ਕਰਨਾ ਬਨਾਮ ਸਰਕਾਰੀ ਮਸ਼ੀਨਰੀ ਜਾਂ ਸਰਕਾਰੀ ਤੰਤਰ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਫੰਡ ਇਕੱਠਾ ਕਰਨਾ ਹੁੰਦਾ ਹੈ। ਜਿਸਦਾ ਉਦੇਸ਼ ਹੁੰਦਾ ਹੈ, ਲੋਕਾਂ ਦੀ ਭਲਾਈ ਕਰਨੀ, ਲੋਕ ਭਲਾਈ ਕੰਮਾਂ ਵਿਚ ਪੈਸੇ ਖਰਚਣੇ, ਸਰਕਾਰੀ ਵਸੀਲੇ ਤੇ ਉਹ ਸਰੋਤ ਪੈਦਾ ਕਰਨੇ ਜੋ ਆਮ ਜਨਤਾ ਦੀ ਜੀਵਨ ਸ਼ੈਲੀ ਨੂੰ ਸਰਲ ਤੇ ਸੁਖਾਲਾ ਬਣਾ ਸਕਣ। ਸਿੱਧੇ ਢੰਗ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਸਾਡੀ ਉਹ ਦੇਣਦਾਰੀ ਹੁੰਦੀ ਹੈ, ਜੋ ਅਸੀਂ ਸਰਕਾਰ ਤੋਂ ਲੈਣਦਾਰੀ ਦੇ ਸੰਦਰਭ ਵਿਚ ਹੱਕਦਾਰ ਹੁੰਦੇ ਹਾਂ। ਇਹ ਸਾਡਾ ਦੋ ਤਰਫਾ ਨਿੱਜੀ ਵਪਾਰ ਹੈ, ਜੋ ਇਕ ਪਾਸੇ ਸਾਡੇ ਕੋਲੋਂ ਜਾ ਰਿਹਾ ਹੁੰਦਾ ਹੈ ਅਤੇ ਦੂਜੇ ਪਾਸੇ ਸਹੂਲਤਾਂ ਤੇ ਵਿਕਾਸ ਦੇ ਰੂਪ ਵਿਚ ਸਾਡੇ ਵੱਲ ਆ ਰਿਹਾ ਹੁੰਦਾ ਹੈ।

ਕਿਸੇ ਵੀ ਵਿਅਕਤੀ ਲਈ ਨਿਮਨ ਲਿਖਤ ਆਮਦਨ ਦੇ ਸਾਧਨ ਹੁੰਦੇ ਹਨ, ਜਿਹਨਾਂ ਉਪਰ ਉਸਦੀ ਜ਼ਿੰਮੇਵਾਰੀ ਕਰ ਦੇਣ ਲਈ ਹੁੰਦੀ ਹੈ। ਇਹ ਆਮਦਨ ਦੇ ਸਾਧਨ ਇੰਝ ਤੇ ਇਸ ਪ੍ਰਕਾਰ ਦੇ ਹੋ ਸਕਦੇ ਹਨ: ਇਕ ਨਿਰਧਾਰਿਤ ਕੀਤੀ ਗਈ ਪ੍ਰਤੀ ਘੰਟਾ ਦੇ ਹਿਸਾਬ ਦੀ ਦਰ ਦੀ ਤਨਖਾਹ, ਉਕੀ-ਪੁੱਕੀ ਮਹੀਨਾਵਾਰ ਤਨਖਾਹ, ਆਪਣੀ ਮਰਜ਼ੀ ਤੇ ਹਿਸਾਬ ਨਾਲ ਕੀਤੇ ਗਏ ਕੰਮ ਦੀ ਉਜਰਤ, ਸਰਕਾਰੀ ਮਦਦ, ਐਸ. ਐਸ. ਆਈ., ਅਪੰਗਹੀਣਤਾ ਵਿਚ ਮਿਲੀ ਰਕਮ, ਡਾਈਵੋਰਸ ਤੋਂ ਬਾਅਦ ਮਿਲਣ ਵਾਲੀ ਮਾਇਕ ਮਦਦ, ਕੋਰਟ ਦੇ ਹੁਕਮਾਂ ਨਾਲ ਮਿਲ ਰਹੀ ਬੱਚਿਆਂ ਨੂੰ ਮਦਦ, ਪੈਨਸ਼ਨ, ਉਕੀ-ਪੁੱਕੀ ਆਮਦਨ ਜੋ ਕਿਸੇ ਕੋਲੋਂ ਮਿਲ ਰਹੀ ਹੋਵੇ, ਬੇਰੁਜ਼ਗਾਰੀ ਭੱਤਾ, ਆਪਣੇ ਜਾਂ ਪਰਿਵਾਰ ਦੇ ਹੋਰ ਵਸੀਲਿਆਂ ਤੋਂ ਮਿਲ ਰਹੀ ਮਾਇਆ ਜਾਂ ਸਾਧਨ। ਇਹਨਾਂ ਵਿਚ ਬੈਂਕਾਂ ਦੇ ਖਾਤੇ ਤੋਂ ਹੋਣ ਵਾਲੀ ਆਮਦਨ, ਸ਼ੇਅਰ ਬਾਜ਼ਾਰ ਦੀ ਆਮਦਨ, ਲੰਮੇ ਸਮਾਂ ਲਈ ਕਰਵਾਈ ਗਈ ਜਮ੍ਹਾ ਰਾਸ਼ੀ, ਸ਼ੇਅਰ, ਪੈਨਸ਼ਨ, ਇੰਸ਼ੋਰੈਂਸ ਆਦਿ ਸਾਰੇ ਆਮਦਨ ਦੇ ਵਸੀਲੇ ਜੋ ਸਾਡੇ ਲਈ ਆਮਦਨ ਉਪਜਾਉਂਦੇ ਹਨ। ਇਹ ਸਾਰੇ ਕਰ ਅਧਿਕਾਰ ਖੇਤਰ ਦੇ ਘੇਰ ਵਿਚ ਸ਼ਾਮਲ ਹਨ। ਉਪਰ ਦਿੱਤੇ ਗਏ ਵਸੀਲਿਆਂ ਦੀ ਅਗਾਂਹ ਇਕ ਹੋਰ ਸ਼੍ਰੇਣੀ ਤੱਕ, ਆਮਦਨ ਦੀ ਸੀਮਾ ਨਿਰਧਾਰਿਤ ਕੀਤੀ ਗਈ ਹੈ, ਜਿਸਦੀ ਪੜਚੋਲ ਤੋਂ ਬਾਅਦ ਹੀ ਪਤਾ ਲੱਗਦਾ ਹੈ ਕਿ ਇਸ ਆਮਦਨ ਤੇ ਕਰ ਅਦਾ ਕਰਨਾ ਹੈ ਜਾਂ ਨਹੀਂ।

ਹਰ ਕੈਲੇਫੋਰਨੀਆ ਨਿਵਾਸੀ ਆਪਣੀ ਕਿਸੇ ਵੀ ਨਿਰਧਾਰਿਤ ਕੀਤੀ ਗਈ ਰਕਮ ਤੋਂ ਜ਼ਿਆਦਾ ਦੀ ਰਕਮ 'ਤੇ ਟੈਕਸ ਭਰਨ ਲਈ ਸੰਵਿਧਾਨਕ ਤੌਰ 'ਤੇ ਜ਼ਿੰਮੇਵਾਰ ਹੁੰਦਾ ਹੈ। ਅਸੀਂ ਇਸਨੂੰ ਦੋ ਖੇਤਰਾਂ ਵਿਚ ਵੰਡ ਸਕਦੇ ਹਾਂ- ਫੈਡਰਲ ਟੈਕਸ ਅਤੇ ਸਟੇਟ ਟੈਕਸ। ਭਾਵ ਦੇਸ਼ ਦਾ ਸਾਂਝਾ ਕਰ ਤੇ ਰਾਜਾਂ ਦਾ ਆਪਣਾ ਕਰ। ਅਮਰੀਕਾ ਦੇ ਕਈ ਰਾਜਾਂ ਵਿਚ ਰਾਜ ਟੈਕਸ ਨਹੀਂ ਹੈ। ਸਿਰਫ਼ ਫੈਡਰਲ ਟੈਕਸ ਹੀ ਹੈ, ਪਰ ਕੈਲੇਫੋਰਨੀਆ ਵਿਚ ਅਸੀਂ ਸਟੇਟ ਟੈਕਸ ਵੀ ਦਿੰਦੇ ਹਾਂ।

ਟੈਕਸ ਭਰਨਾ ਸਾਡਾ ਸਭ ਦਾ ਸੰਵਿਧਾਨਕ ਫਰਜ਼ ਹੈ। ਕਿਸੇ ਖਾਸ ਸੀਮਾ ਸ਼੍ਰੇਣੀ ਦੇ ਅੰਤਰਗਤ, ਕੁਝ ਖਾਸ ਵਿਸ਼ਿਆਂ ਵਿਚ ਕੁਝ ਖਾਸ ਵਰਗਾਂ ਨੂੰ ਕਰ ਭਰਨ ਤੋਂ ਛੋਟ ਹੈ, ਬਾਕੀ ਸਭਨਾਂ ਦੀ ਟੈਕਸ ਭਰਨ ਦੀ ਜ਼ਿੰਮੇਵਾਰੀ ਹੈ।

ਇਹ ਗੱਲ ਵਾਚਣ ਲਈ ਕਿ ਅਸੀਂ ਟੈਕਸ ਦੇਣ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਾਂ, ਯਕੀਨਨ ਹੀ ਸਾਨੂੰ ਟੈਕਸ ਭਰਨ ਵਾਲੇ ਜ਼ਿੰਮੇਵਾਰ ਵਿਅਕਤੀਆਂ ਤੱਕ ਪਹੁੰਚ ਕਰਨੀ ਪਵੇਗੀ, ਜਿਵੇਂ ਕਿ ਵਕੀਲ, ਅਕਾਊਟੈਂਟ ਜਾਂ ਕੋਈ ਹੋਰ ਜ਼ਿੰਮੇਵਾਰ ਵਿਅਕਤੀ ਵਿਸ਼ੇਸ਼, ਕੋਈ ਵੱਡੀ ਕੰਪਨੀ ਜਾਂ ਟੈਕਸ ਪ੍ਰੀਪੇਅਰਰ ਵਿਅਕਤੀ। ਜਿਹਨਾਂ ਵਿਚ ਮੈਂ ਵੀ ਸ਼ਾਮਲ ਹਾਂ। ਮੈਂ ਤੁਹਾਡੀ ਆਮਦਨ ਦੇ ਸਾਰੇ ਸਰੋਤ, ਤੁਹਾਡੀ ਉਮਰ, ਤੁਹਾਡੇ ਲਈ ਨਿਰਧਾਰਿਤ ਆਮਦਨ ਰਾਸ਼ੀ ਦੇਖ ਕੇ ਦੱਸ ਸਕਦੀ ਹਾਂ ਕਿ ਤੁਸੀਂ ਟੈਕਸ ਦੇਣ ਲਈ ਜ਼ਿੰਮੇਵਾਰ ਹੋ ਜਾਂ ਕਿ ਤੁਹਾਨੂੰ ਕਰ ਦੇਣ ਤੋਂ ਛੋਟ ਹੈ। ਬਹੁਤੀ ਵਾਰ ਤੁਹਾਨੂੰ ਸਰਕਾਰ ਤੋਂ ਆਪਣੇ ਕੰਮ ਦੌਰਾਨ ਦਿੱਤੇ ਗਏ ਟੈਕਸ ਵਿਚ ਵਾਪਸੀ ਕਰ ਵੀ ਮੁੜਦਾ ਹੈ। ਜਿਸਨੂੰ ਬਹੁਤੀ ਵਾਰ ਅਸੀਂ ਡਬਲਿਊ2 ਰਿਟਰਨ ਤੇ ਲੋਅ ਇਨਕਮ ਕ੍ਰੈਡਿਟ ਵੀ ਕਹਿੰਦੇ ਹਾਂ।

ਟੈਕਸ ਭਰਨ ਲਈ ਹਰ ਕਰਦਾਤਾ ਫਾਰਮ 1040 ਭਰਦਾ ਹੈ। ਇਹ ਫਾਰਮ, ਤੁਹਾਡੀ ਜ਼ਿੰਦਗੀ ਦਾ ਪੜਚੋਲਨਾਮਾ ਹੁੰਦਾ ਹੈ। ਜਿਸ ਵਿਚ ਸਾਰੀ ਜਾਣਕਾਰੀ ਤਰਤੀਬਵਾਰ, ਬਿਨਾਂ ਕੋਈ ਗਲਤੀ ਕੀਤੇ ਭਰਨੀ ਹੁੰਦੀ ਹੈ। ਪਹਿਲਾਂ ਤੁਹਾਡੀ ਸਾਰੀ ਵਿਅਕਤੀਗਤ ਜਾਣਕਾਰੀ, ਆਮਦਨ, ਖਰਚੇ, ਕਟੌਤੀਆਂ ਤੇ ਹੋਰ ਸਰਕਾਰੀ ਮਾਪਦੰਡ ਵਰਤਦੇ ਹੋਏ ਤੇ ਗੁਣਾਂ-ਘਟਾਓ ਕਰਦੇ ਹੋਏ, ਉਸ ਹੀ ਵਕਤ ਤੁਹਾਨੂੰ ਦੱਸ ਦਿੱਤਾ ਜਾਂਦਾ ਹੈ ਕਿ ਤੁਹਾਨੂੰ ਇੰਨੀ ਰਕਮ ਸਰਕਾਰ ਵੱਲੋਂ ਵਾਪਸ ਆ ਰਹੀ ਹੈ ਜਾਂ ਇੰਨੀ ਰਕਮ ਟੈਕਸ ਦੇ ਰੂਪ ਵਿਚ ਤੁਸੀਂ ਸਰਕਾਰ ਨੂੰ ਦੇਣੀ ਹੈ। ਇਹ ਸਾਰੀ ਗਿਣਤੀ-ਮਿਣਤੀ, ਇਕ ਮੁਲਾਂਕਣ ਦੀ ਖਾਸ ਵਿਧੀ ਤੇ ਗੁਣਾਂ ਤੇ ਉਸਦੇ ਮਾਪਦੰਡ ਦੇ ਆਧਾਰ 'ਤੇ ਕੀਤੀ ਗਈ ਹੁੰਦੀ ਹੈ। ਕੁਝ ਖਾਸ ਸ਼੍ਰੇਣੀਆਂ ਦੇ ਤਹਿਤ ਤੇ ਕੁਝ ਖਾਸ ਵਿਅਕਤੀ ਵਿਸ਼ੇਸ਼ ਵਰਗ ਨੂੰ ਇਸ ਵਿਚ ਛੋਟ ਵੀ ਮਿਲਦੀ ਹੈ। **(ਵਧੇਰੇ ਤੇ ਸਹੀ ਜਾਣਕਾਰੀ ਲਈ ਕਰ ਵਿਭਾਗ ਦੇ ਪ੍ਰਕਾਸ਼ਨ ਦੇਖੋ)**

### ਜਨਮ ਦਿਨ 'ਤੇ ਵਿਸ਼ੇਸ

# ਕੌਮੀ ਅਣਖ ਦਾ ਸੱਤ ਸਮੁੰਦਰੋਂ ਪਾਰ ਲੋਹਾ ਮਨਵਾਉਣ ਵਾਲਾ ਸੂਰਬੀਰ ਯੋਧਾ ਸ਼ਹੀਦ ਊਧਮ ਸਿੰਘ



ਹਰਬੰਸ ਵਿਰਦੀ, ਲੰਡਨ

ਹਿੰਦੂ ਧਰਮ ਨੇ ਇੰਡੀਆ ਦੇ ਲੋਕਾਂ ਦੀ ਬਹੁਤ ਜ਼ਿਆਦਾ ਗੰਦੀ ਸੋਚ ਬਣਾ ਦਿੱਤੀ ਹੈ।ਇੰਡੀਆ ਵਿੱਚ ਰਹਿਣ ਜਾਂ ਹਜਾਰਾਂ ਮੀਲ ਦੂਰ ਆਕੇ ਵਿਦੇਸ਼ਾਂ ਵਿੱਚ ਪੱਕੇ ਤੌਰ ਤੇ ਰਹਿਣ, ਫਿਰ ਵੀ ਜਾਤ-ਪਾਤ ਵਾਲੀ ਗੰਦੀ ਸੋਚ ਨੂੰ ਨਹੀਂ ਛੱਡਦੇ।ਬਾਬਾ ਸਾਹਿਬ ਨੇ ਬਿਲਕੁਲ ਠੀਕ ਕਿਹਾ ਹੈ ਕਿ "ਇੰਡੀਅਨ ਆਪਣੀ ਰੋਟੀ ਰੋਜ਼ੀ ਲਈ ਕਿਸੇ ਵੀ ਦੇਸ਼ ਵਿੱਚ ਚਲੇ ਜਾਣ ਅਗਰ ਇਹ ਆਪਣੀਆਂ ਬੁਰਾਈਆਂ ਦਾ ਜਹਾਜ਼ ਭਰਕੇ ਨਹੀਂ ਲੈ ਜਾ ਸਕਦੇ ਤਾਂ ਸੂਟਕੇਸ ਭਰਕੇ ਜ਼ਰੂਰ ਲੈ ਜਾਂਦੇ ਹਨ"। ਇਹ ਹਰ ਇਨਸਾਨ ਦੇ ਕੰਮ ਨੂੰ ਨਹੀਂ, ਉਸਦੀ ਜਾਤ ਨੂੰ ਦੇਖਦੇ ਹਨ। ਇਤਹਾਸ ਵਿੱਚ ਦੇਖੀਏ ਤਾਂ ਜੋ ਮਾਣ-ਸਨਮਾਨ ਸ਼ਹੀਦ ਊਧਮ ਸਿੰਘ ਨੂੰ ਮਿਲਣਾ ਚਾਹੀਦਾ ਸੀ ਉਹ ਨਹੀਂ ਮਿਲਿਆ। ਇਸ ਦਾ ਇੱਕ ਹੀ ਕਾਰਨ ਹੈ ਕਿ ਉਹ ਹਿੰਦੂ ਧਰਮ ਅਨੁਸਾਰ ਛੋਟੀ ਵਿੱਚੋਂ ਸਨ। ਦਰਅਸਲ ਇਸ ਵਿੱਚ ਹਿੰਦੂਆਂ ਦਾ ਦੋਸ਼ ਨਹੀਂ ਹੈ, ਉਹ ਤਾਂ ਆਪਣੇ ਧਰਮ ਗਰੰਥਾਂ ਦੀ ਸਿੱਖਿਆ ਉੱਤੇ ਅਮਲ ਕਰਕੇ ਆਪਣੇ ਆਪਨੂੰ ਇੱਕ ਪੱਕੇ ਹਿੰਦੂ ਸਾਬਤ ਕਰ ਰਹੇ ਹਨ। ਹਿੰਦੂਆਂ ਦੇ ਵੀਸਵੀਂ ਸਦੀ ਦੇ ਅਵਤਾਰ ਕਰਮ ਚੰਦ ਗਾਂਧੀ ਨੇ ਲਿਖਿਆ ਹੈ "ਅਗਰ ਕੋਈ ਇਨਸਾਨ ਕੁਰਾਨ ਨੂੰ ਨਹੀਂ ਮੰਨਦਾ ਤਾਂ ਉਹ ਕਿਵੇਂ ਕਹਿ ਸਕਦਾ ਹੈ ਕਿ ਉਹ ਮੁਸਲਮਾਨ ਹੈ ? ਅਗਰ ਕੋਈ ਇਨਸਾਨ ਬਾਈਬਲ ਨੂੰ ਨਹੀਂ ਮੰਨਦਾ ਤਾਂ ਉਹ ਕਿਵੇਂ ਕਹਿ ਸਕਦਾ ਹੈ ਕਿ ਉਹ ਈਸਾਈ ਹੈ? ਅਗਰ ਕੋਈ ਜਾਤ-ਪਾਤ ਨੂੰ ਨਹੀਂ ਮੰਨਦਾ ਤਾਂ ਉਹ ਕਿਵੇਂ ਕਹਿ ਸਕਦਾ ਹੈ ਕਿ ਉਹ ਹਿੰਦੂ ਹੈ"! (ਬਾਬਾ ਸਾਹਿਬ ਡਾ: ਅੰਬੇਡਕਰ ਦੀ ਕਿਤਾਬ ਉਜਾਤ ਪਾਤ ਦਾ ਬੀਜ ਨਾਸ਼" ਵਿੱਚੋਂ) ਬਹੁਤ ਸਾਰੇ ਯੋਧਿਆਂ, ਵਿਦਵਾਨਾਂ, ਲਿਖਾਰੀਆਂ, ਬੁੱਧੀਜੀਵੀਆਂ ਆਦਿ ਨਾਲ ਇਹ ਹੀ ਹੋਇਆ। ਇੱਕ ਪ੍ਰੋਫੈਸਰ ਜਾਂ ਮਾਸਟਰ 26 ਜਨਵਰੀ ਨੂੰ ਭਾਰਤ ਦੇ ਸੰਵਿਧਾਨ ਵਾਰੇ ਵਿਦਆਰਥੀਆਂ ਨੂੰ ਪੌਣਾ ਘੰਟਾ ਲੈਕਚਰ ਦੇਵੇਗਾ ਪਰ ਇੱਕ ਵਾਰ ਵੀ ਇਹ ਕਹਿਣ ਦੀ ਹਿੰਮਤ ਨਹੀਂ ਕਰੇਗਾ ਕਿ ਇਸ ਸੰਵਿਧਾਨ ਨੂੰ ਲਿਖਣ ਲਈ ਆਪਣੀ ਸਿਹਤ ਦੀ ਵੀ ਪ੍ਰਵਾਹ ਨਾ ਕਰਦੇ ਹੋਏ ਡਾ: ਅੰਬੇਡਕਰ ਨੇ ਲਿਖਿਆ ਸੀ, ਕਿਉਂਕਿ ਹਿੰਦੂ ਧਰਮ ਅਨੁਸਾਰ ਡਾ: ਅੰਬੇਡਕਰ ਇੱਕ ਛੋਟੀ ਜਾਤੀ ਨਾਲ ਸੰਬੰਧ ਰੱਖਦੇ ਸਨ।

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਪਿੰਡ ਸੁਨਾਮ, ਜਿਲ੍ਹਾ ਸੰਗਰੂਰ, ਪੰਜਾਬ ਵਿੱਚ ਹੋਇਆ ਸੀ।ਬਾਬਾ ਸਾਹਿਬ ਦੀ ਕਿਤਾਬ "ਜਾਤ ਪਾਤ ਦਾ ਬੀਜ ਨਾਸ਼" ਅਨੁਸਾਰ ਹਰ ਅੰਬੇਡਕਰੀ ਜਾਤ ਪਾਤ ਦਾ ਨਾਸ਼ ਹੀ ਨਹੀਂ ਸਗੋਂ ਬੀਜ ਨਾਸ਼ ਕਰਨ ਦਾ ਹਾਮੀ ਹੈ। ਸਾਨੂੰ ਮਜਬੂਰੀ ਨਾਲ ਲਿਖਣਾ ਪੈ ਰਿਹਾ ਹੈ ਕਿ ਊਧਮ ਸਿੰਘ ਚਮਾਰ ਜਾਤੀ ਵਿੱਚ ਪੈਦਾ ਹੋਏ।ਅੱਜ ਕੱਲ ਦੀ ਤਰ੍ਹਾਂ ਜਿਵੇਂ ਯੂ ਪੀ ਤੋਂ ਨੀਵੀਆਂ ਜਾਤਾਂ ਦੇ ਗਰੀਬ ਲੋਕ ਦਿਹਾੜੀਆਂ ਕਰਨ ਪੰਜਾਬ ਵਿੱਚ ਆਉਂਦੇ ਹਨ ਇਸ ਤਰ੍ਹਾਂ ਹੀ ਊਧਮ ਸਿੰਘ ਦੇ ਪਿਤਾ ਚੂਹੜ ਰਾਮ ਅਤੇ ਮਾਤਾ ਨਰਾਇਣਾ ਦੇਵੀ ਪਿੰਡ ਪਟਿਆਲੀ, ਜਿਲ੍ਹਾ ਅਟਾ, ਯੂ ਪੀ ਤੋਂ 1857 ਦੇ ਗਦਰ ਤੋਂ ਬਾਦ ਸੁਨਾਮ ਪਿੰਡ ਵਿੱਚ ਸਰਦਾਰ ਧੰਨਾ ਸਿੰਘ ਅਤੇ ਸਰਦਾਰਨੀ ਮਾਇਅ ਕੌਰ ਦੇ ਖੇਤਾਂ 'ਚ ਕੰਮ ਕਰਦੇ ਸਨ।ਧੰਨਾ ਸਿੰਘ ਕੰਬੋਜ ਸਨ। ਚੂਹੜ ਰਾਮ ਅਤੇ ਨਰਾਇਣਾ ਦੇਵੀ ਬਹੁਤ ਹੀ ਮਿਹਨਤੀ ਅਤੇ ਇਮਾਨਦਾਰ ਸਨ। ਹੌਲੀ ਹੌਲੀ ਧੰਨਾ ਸਿੰਘ ਅਤੇ ਮਾਇਆ ਕੌਰ ਨੇ ਇਨ੍ਹਾਂ ਨੂੰ ਸਿੱਖ ਧਰਮ ਵਿੱਚ ਪ੍ਰੀਵਰਤਤ ਕਰਕੇ ਚੂਹੜ ਰਾਮਦਾ ਨਾਂਅ ਟਹਲ ਸਿੰਘ ਅਤੇ ਉਸਦੀ ਪਤਨੀ ਦਾ ਨਾਂਅ ਹਰਨਾਮ ਕੌਰ ਰੱਖ ਦਿੱਤਾ, ਧੰਨਾ ਸਿੰਘ ਦੇ ਨਾਲ ਹਰ ਵਕਤ ਰਹਿਣ ਕਰਕੇ ਲੋਕ ਟਹਲ ਸਿੰਘ ਨੂੰ ਵੀ ਕੰਬੋਜ ਹੀ ਸਮਝਣ ਲੱਗ ਪਏ। ਧੰਨਾ ਸਿੰਘ ਨੇ ਆਪਣੇ ਇੱਕ ਸਕੇ ਸੰਬੰਧੀ ਨੂੰ ਕਹਿਕੇ ਟਹਿਲ ਸਿੰਘ ਨੂੰ ਇੱਕ ਰੇਲਵੇ ਫਾਟਕ ਤੇ ਗੇਟਮੈਨ ਦੀ ਨੌਕਰੀ ਤੇ ਲਗਾ ਦਿੱਤਾ, ਇਸ ਲਈ ਟਹਲ ਸਿੰਘ ਆਪਣੇ ਪ੍ਰੀਵਾਰ ਨਾਲ ਰੇਲਵੇ ਫਾਟਕ ਨੇ ਨਜਦੀਕ ਹੀ ਘਰ ਬਣਾਕੇ ਰਹਿਣ ਲੱਗਾ। ਇੱਕ ਦਿਨ ਟਹਲ ਸਿੰਘ ਬਾਹਰ ਗਏ ਹੋਏ ਸਨ ਤਾਂ ਇੱਕ ਸ਼ੇਰ ਆ ਗਿਆ ਜਿਸਨੇ ਕਈ ਜਾਨਵਰਾਂ ਨੂੰ ਖਾਣ ਦੀ ਕੋਸ਼ਿਸ਼ ਵਿੱਚ ਜ਼ਖਮੀ ਵੀ ਕਰ ਦਿੱਤਾ ਜਦੋਂ ਊਧਮ ਸਿੰਘ ਨੇ ਸ਼ੇਰ ਨੂੰ ਦੇਖਿਆ ਸ਼ੇਰ ਦੌੜਨ ਲੱਗਾ ਤਾਂ ਇਸ ਦੌਰਾਨ ਸ਼ੇਰ ਇੱਕ ਲੱਕੜੀ ਦੇ ਜੰਗਲੇ ਵਿੱਚ ਫਸ ਗਿਆ ਬਾਲਕ ਊਧਮ ਸਿੰਘ ਨੇ ਕੁਹਾੜੀ ਨਾਲ ਸ਼ੇਰ ਤੇ ਕਈ ਵਾਰ ਕੀਤੇ ਜਿਸ ਨਾਲ ਸ਼ੇਰ ਮਰ ਗਿਆ। ਇਹ ਊਧਮ ਸਿੰਘ ਦੀ ਪਹਿਲੀ ਬਹਾਦਰੀ ਅਤੇ ਨਿਡਰਤਾ ਸੀ। ਜਦੋਂ ਟਹਲ ਸਿੰਘ ਨੇ ਇਹ ਸਭ ਦੇਖਿਆ ਤਾਂ ਡਰ ਗਿਆ, ਇਹ ਸੋਚਕੇ ਕਿ ਕੋਈ ਹੋਰ ਜੰਗਲੀ ਜਾਨਵਰ ਫਿਰ ਆ ਸਕਦਾ ਹੈ ਟਹਲ ਸਿੰਘ ਨੇ ਗੇਟਮੈਨ ਦੀ ਨੌਕਰੀ ਛੱਡ ਦਿੱਤੀ।ਟਹਲ ਸਿੰਘ ਦੇ ਦੋ ਬੇਟੇ ਹੀ ਸਨ, ਊਧਮ ਸਿੰਘ ਦੇ ਵੱਡੇ ਭਰਾ ਦਾ ਨਾਂਅ ਸਾਧੂ ਸਿੰਘ ਸੀ ਜੋ ਉਸ ਤੋਂ ਉਮਰ ਵਿੱਚ ਪੰਜ ਸਾਲ ਬੜਾ ਸੀ। ਊਧਮ ਸਿੰਘ ਪੰਜ ਸਾਲ ਦੀ ਉਮਰ ਦੇ ਹੀ ਸਨ ਜਦੋਂ ਉਨ੍ਹਾਂ ਦੀ ਮਾਤਾ ਜੀ ਦੀ ਮੌਤ ਹੋ ਗਈ ਓਤੇ ਇੱਕ ਸਾਲ ਬਾਦ ਹੀ ਟਹਲ ਸਿੰਘ ਵੀ ਚਲ ਵਸੇ।ਕਿਸੇ ਹਮਦਰਦੀ ਨੇ ਦੋਨਾਂ ਬੱਚਿਆਂ ਨੂੰ ਰਾਮਬਾਗ, ਅੰਮ੍ਰਿਤਸਰ ਦੇ ਪੁਤਲੀਘਰ ਸੈਂਟਰਲ ਆਸ਼ਰਮ ਵਿੱਚ ਦਾਖਲ ਕਰਾ ਦਿੱਤਾ। ਅਨਾਥ ਆਸ਼ਰਮ ਵਿੱਚੋਂ ਹੀ ਸਾਧੂ ਸਿੰਘ ਸਾਧੂਆਂ ਦੇ ਪ੍ਰਭਾਵ ਹੇਠ ਆਕੇ ਇੱਕ ਸਾਧੂਆਂ ਦੇ ਟੋਲੇ ਨਾਲ ਹੀ ਚਲੇ ਗਿਆ ਬਾਦ ਵਿੱਚ ਉਸਦਾ ਕੋਈ ਪਤਾ ਨਹੀਂ ਲੱਗਾ ਕਿ ਕਿੱਥੇ ਹੈ! ਊਧਮ ਸਿੰਘ ਵਿਚਾਰਾ ਇਕੱਲਾ ਹੀ ਰਹਿ ਗਿਆ। ਬੈਜਨਾਥ ਹਾਈ ਸਕੂਲ ਤੋਂ 1916 ਵਿੱਚ ਊਧਮ ਸਿੰਘ ਨੇ ਪੰਜਾਬੀ, ਉੜਦੂ, ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਮੈਟਰਿਕ ਪਾਸ ਕੀਤੀ।




13 ਅਪ੍ਰੈਲ 1919 ਨੂੰ, ਦੁਨੀਆ ਦੀ ਪਹਿਲੀ ਲੜਾਈ ਤੋਂ ਬਾਦ ਸੁਰੱਖਿਅਤ ਬਚਕੇ ਆਏ ਪਛਾੜੇ ਹੋਏ (ਅੱਜ ਦੇ ਸ਼ਡੂਲਡ ਕਾਸਟ) ਲੋਕ ਅੰਮ੍ਰਿਤਸਰ, ਹਰਮੰਦਰ ਸਾਹਿਬ ਵਿੱਚ ਕੜ੍ਹਾਹ ਪ੍ਰਸ਼ਾਦ ਦੀ ਦੇਗ ਦੇਣ ਲਈ ਪਹੁੰਚੇ ਤਾਂ ਸਿੰਘਾਂ ਨੇ ਉਨ੍ਹਾਂ ਨੂੰ ਨੀਚੀ ਜਾਤੀ ਦੇ ਹੋਣ ਕਰਕੇ ਅੰਦਰ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਤਾਂ ਉਨ੍ਹਾਂ ਨੇਇਸ ਵਧੀਕੀ ਦੇ ਖਿਲਾਫ, ਨਜ਼ਦੀਕ ਹੀ ਜਲ੍ਹਿਆਂ ਵਾਲੇ ਬਾਗ ਵਿੱਚ ਮੀਟਿੰਗ ਕਰਨ ਦਾ ਫੈਸਲਾ ਕੀਤਾ। ਇਨ੍ਹਾਂ ਪਛਾੜੇ ਹੋਏ ਲੋਕਾਂ ਦੇ ਖਿਲਾਫ ਉੱਚ ਜਾਤੀ ਲੋਕਾਂ ਨੇ ਅੰਗਰੇਜ਼ਾਂ ਨੂੰ ਖਬਰ ਕਰਦਿੱਤੀ ਕਿ ਜਲ੍ਹਿਆਂ ਵਾਲੇ ਬਾਗ ਵਿੱਚ ਅੰਗਰੇਜ਼ ਹਕੂਮਤ ਦੇ ਖਿਲਾਫ ਬਗਾਵਤ ਕਰਨ ਲਈ ਬਹੁਤ ਜ਼ਿਆਦਾ ਗਿਣਤੀ ਵਿੱਚ ਲੋਕ ਸਭਾ ਕਰ ਰਹੇ ਹਨ। ਜਨਰਲ ਡਾਇਰ ਨੇ ਜੋ ਜਲ੍ਹਿਆਂ ਵਾਲੇ ਬਾਗ ਅੰਦਰ ਆਉਣ ਅਤੇ ਜਾਣ ਲਈ ਇੱਕੋ ਹੀ ਇੱਕ ਦਰਵਾਜ਼ਾ ਸੀ ਉਸ ਅੱਗੇ ਸੈਨਾ ਤੈਨਾਤ ਕਰਕੇ ਸੈਂਕੜੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬਹੁਤ ਸਾਰੇ ਲੋਕਾਂ ਨੇ ਗੋਲੀ ਤੋਂ ਬਚਣ ਲਈ ਇਸ ਬਾਗ ਵਿੱਚ ਜੋ ਖੂਹ ਸੀ ਉਸ ਵਿੱਚ ਛਾਲਾਂ ਮਾਰ ਦਿੱਤੀਆਂ, ਗੋਲੀਆਂ ਦੀ ਮੌਤ ਤੋਂ ਤਾਂ ਬਚ ਗਏ ਪਰ ਉਨ੍ਹਾਂ ਲਈ ਖੂਹ ਵਿੱਚ ਵੀ ਮੌਤ ਹੀ ਸੀ। ਊਧਮ ਸਿੰਘ ਲੋਕਾਂ ਨੂੰ ਪਾਣੀ ਪਲਾਉਣ ਦੀ ਸੇਵਾ ਕਰ ਰਿਹਾ ਸੀ। ਇਸ ਕਤਲੋਗਾਰਤ ਅਤੇ ਖੂਨ ਖਰਾਬੇ ਨੇ ਊਧਮ ਸਿੰਘ ਦੇ ਦਿਲ ਨੂੰ ਹਿਲਾਕੇ ਰੱਖ ਦਿੱਤਾ। ਇਸ 20 ਸਾਲਾ ਅਣਖੀਲੇ ਨੌਜਵਾਨ ਨੇ ਲਾਸ਼ਾਂ ਦੇ ਢੇਰ ਅਤੇ ਆਪਣੇ ਤੜਫਦੇ ਲੋਕਾਂ ਨੂੰ ਦੇਖਕੇ ਕਸਮ ਖਾਧੀ ਕਿ ਉਹ ਜਨਰਲ ਡਾਇਰ ਨੂੰ ਮੌਤ ਦੇ ਘਾਟ ਉਤਾਰਕੇ ਇਸਦਾ ਬਦਲਾ ਲਵੇਗਾ। ਜਲ੍ਹਿਆਂ ਵਾਲੇ ਬਾਗ ਦੀ ਧਰਤੀ ਖੂਨ ਨਾਲ ਲੱਥ ਪੱਥ ਸੀ, ਇਸ ਅਣਖੀ ਨੌਜਵਾਨ ਨੇ ਇਸ ਮਿੱਟੀ ਨੂੰ ਇੱਕ ਸ਼ੀਸ਼ੀ ਪਾ ਲਿਆਂ। ਕਿੱਥੋਂ ਤੱਕ ਸੱਚ ਹੈ ਪਤਾ ਨਹੀਂ ?ਇੰਟਰਨੈਟ ਤੇ ਕੋਈ ਕਹਿੰਦਾ ਹੈ ਕਿ ਸੁਖਵੀਰ ਸਿੰਘ ਬਾਦਲ ਦੇ ਸਾਲੇ ਵਿਕਰਮਜੀਤ ਸਿੰਘ ਮਜੀਠੀਆ ਦੇ ਨਾਨੇ ਨੇ ਜਨਰਲ ਡਾਇਰ ਨੂੰ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਲਈ ਸਨਮਾਨਤ ਕੀਤਾ ਸੀ, ਕਈ ਕਹਿੰਦੇ ਹਨ ਕਿ ਸਿਮਰਨਜੀਤ ਸਿੰਘ ਮਾਨ ਦੇ ਨਾਨੇ ਨੇ ਸਨਮਾਨਤ ਕੀਤਾ ਸੀ!

ਜਨਰਲ ਡਾਇਰ ਨੂੰ ਮਾਰਨਾ ਇਤਨਾ ਆਸਾਨ ਨਹੀਂ ਸੀ, ਇਹ ਕੰਮ ਕਰਨ ਲਈ ਰਸਤੇ ਵਿੱਚ ਸੈਂਕੜੇ ਮੁਸੀਬਤਾਂ ਸਨ। ਇਸ ਸਾਕੇ ਤੋਂ ਬਾਦ ਊਧਮ ਸਿੰਘ ਭਾਰਤ ਛੱਡਕੇ ਅਮਰੀਕਾ ਚਲੇ ਗਿਆ, ਜਿੱਥੇ ਉਸਨੇ ਗਦਰੀ ਲਹਿਰੀਆਂ ਨਾਲ ਸੰਪਰਕ ਬਣਾਇਆ ਜੋ ਭਾਰਤ ਵਿੱਚ ਹਥਿਆਰਬੰਦ ਇਨਕਲਾਬ ਕਰਨਾ ਚਾਹੁੰਦੇ ਸਨ ਪਰ ਭਗਤ ਸਿੰਘ ਨੇ ਊਧਮ ਸਿੰਘ ਨੂੰ ਵਾਪਸ ਭਾਰਤ ਬੁਲਾ ਲਿਆ, ਵਾਪਸ ਆਉਂਦੇ ਸਮੇਂ ਉਹ ਆਪਣੇ ਨਾਲ ਹਥਿਆਰ ਲੈ ਆਇਆ। ਲਾਇਸੈਂਸ ਤੋਨ ਬਗੈਰ ਹਥਿਆਰ ਰੱਖਣ ਦੇ ਜ਼ੁਲਮ ਵਿੱਚ ਉਸਨੂੰ ਚਾਰ ਸਾਲ ਦੀ ਜੇਲ ਹੋ ਗਈ। ਊਧਮ ਸਿੰਘ ਨੂੰ ਗਾਉਣ ਦਾ ਬਹੁਤ ਸ਼ੌਕ ਸੀ ਜੇਲ ਵਿੱਚ ਉਹ ਉਸਰਫਰੋਸ਼ੀ ਕੀ ਤਮੱਨਾ ਅੱਬ ਹਮਾਰੇ ਹਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਵਾਯੂਏ ਕਾਤਲ ਮੇਂ ਹੈ" ਉੱਚੀ ਆਵਾਜ਼ ਵਿੱਚ ਗਾਇਆ ਕਰਦਾ ਸੀ। ਭਗਤ ਸਿੰਘ ਨੂੰ ਊਧਮ ਸਿੰਘ ਆਪਣਾ ਗੁਰੂ ਮੰਨਦਾ ਸੀ ਹਰ ਸਮੇਂ ਉਸਦੀ ਫੋਟੋ ਆਪਣੀ ਜੇਬ ਵਿੱਚ ਰੱਖਦਾ ਸੀ। ਜੇਲ ਤੋਂ ਛੁੱਟਕੇ ਉਹ ਕਸ਼ਮੀਰ ਚਲੇ ਗਿਆ ਜਿੱਥੇ ਉਹ ਮੋਟਰ ਮਕੈਨਕ ਅਤੇ ਤਰਖਾਣਾ ਕੰਮ ਕਰਨ ਲੱਗਾ। ਊਧਮ ਸਿੰਘ ਦਾ ਦਿਮਾਗ ਬਹੁਤ ਟੈਕਨੀਕਲ ਸੀ, ਉਹ ਭੇਸ ਬਦਲਣ ਵਿੱਚ ਬਹੁਤ ਮਾਹਿਰ ਸੀ।

1934 ਵਿੱਚ ਉਹ ਇੰਗਲੈਂਡ ਚਲੇ ਗਿਆ, ਇੰਗਲੈਂਡ ਵਿੱਚ ਉਸਨੇ ਪੰਜਾਬੀ ਇਨਕਲਾਬੀਆਂ ਨਾਲ ਸੰਪਰਕ ਬਣਾਇਆ। ਇਸ ਦੌਰਾਨ ਉਸਨੇ ਸਰ ਮਾਇਕਲ ਐਡਵਰਡ ਦੇ ਘਰ ਨੌਕਰੀ ਵੀ ਕੀਤੀ, ਜਦੋਂ ਅਦਾਲਤ ਵਿੱਚ ਜੱਜ ਨੇ ਊਧਮ ਸਿੰਘ ਨੂੰ ਪੁੱਛਿਆ ਕਿ ਨੌਕਰ ਹੁੰਦੇ ਹੋਏ ਤੂੰ ਮਾਇਕਲ ਐਡਵਰਡ ਨੂੰ ਕਿਉਂ ਨਹੀਂ ਮਾਰਿਆ? ਤਾਂ ਊਧਮ ਸਿੰਘ ਨੇ ਜਬਾਬ ਦਿੱਤਾ ਕਿ ਅਗਰ ਮੈਂ ਨੌਕਰ ਹੁੰਦਿਆਂ ਮਾਇਕਲ ਨੂੰ ਮਾਰ ਦਿੰਦਾ ਤਾਂ ਲੋਕ ਕਹਿੰਦੇ ਕਿ ਇੱਕ ਨੌਕਰ ਨੇ ਮਾਲਕ ਨੂੰ ਮਾਰ ਦਿੱਤਾ ਹੈ। ਮੈਂ ਤਾਂ ਇਨਕਲਾਬੀ ਦੇ ਤੌਰ ਤੇ ਇੱਕ ਹਤਿਆਰੇ ਨੂੰ ਲੋਕਾਂ ਦੇ ਸਾਹਮਣੇ ਮਾਰਕੇ ਇਹ ਦੱਸਣਾ ਚਾਹੁੰਦਾ ਸੀ ਕਿ ਇੱਕ ਜ਼ਾਲਮ ਜਨਰਲ ਨੂੰ ਮਾਰਕੇ ਆਪਣੇ ਦੇਸ਼ ਵਿੱਚ ਕੀਤੇ ਖੂਨ ਖਰਾਬੇ ਦਾ ਬਦਲਾ ਲਿਆ ਹੈ।

23 ਜੁਲਾਈ 1927 ਨੂੰ ਜਨਰਲ ਡਾਇਰ ਦੀ ਮੌਤ ਹੋ ਚੁੱਕੀ ਸੀ, ਇਸ ਲਈ ਸਰ ਮਾਇਕਲ ਐਡਵਰਡ ਤੋਂ ਹੀ ਬਦਲਾ ਲੈਣਾ ਸੀ। ਲੰਡਨ ਰਹਿੰਦਿਆਂ ਊਧਮ ਸਿੰਘ ਨੇ ਜੀਵਕਾ ਲਈ ਕਈ ਕੰਮ ਕੀਤੇ ਪਰ ਆਪਣਾ ਅਸਲੀ ਮਕਸਦ, ਕਦੀ ਵੀ ਕਿਸੇ ਨੂੰ ਨਹੀਂ ਦੱਸਿਆ। ਇੰਡੀਆ ਆਰਕੇਜ਼ ਵਿੱਚ 13 ਮਾਰਚ 1940 ਨੂੰ ਊਧਮ ਸਿੰਘ ਨੇ ਇੱਕ ਨੋਟਿਸ ਦੇਖਿਆ ਜਿਸ ਵਿੱਚ ਲਿਖਿਆ ਹੋਇਆ ਸੀ ਕਿ ਈਸਟ ਇੰਡੀਆ ਅਸੋਸੀਏਸ਼ਨ ਅਤੇ ਰੌਇਲ ਸੈਂਟਰਲ ਸੁਸਾਇਟੀ ਦੋਨਾਂ ਨੇ ਮਿਲਕੇ ਕੈਕਸਟਨ ਹਾਲ ਵਿੱਚ ਇੱਕ ਮੀਟਿੰਗ ਰੱਖੀ ਹੈ, ਜਿਸ ਵਿੱਚ ਸਰਪਰਸਤੀ ਸਾਈਕਸ ਅਫਗਾਨਿਸਤਾਨ ਦੇ ਵਿਸ਼ੇ ਬੋਲਣ ਲਈ ਖਾਸ ਮਹਿਮਾਨ ਸਨ ਪਰ ਲੌਰਡ ਜੈਟਲੈਂਡ ਅਤੇ ਮਾਇਕਲ ਐਡਵਰਡ ਵੀ ਆ ਰਹੇ ਸਨ। ਊਧਮ ਸਿੰਘ ਨੇ ਇਸ ਮੀਟਿੰਗ ਵਿੱਚ ਜਾਣ ਦਾ ਇਰਾਦਾ ਬਣਾ ਲਿਆ। ਸ਼ਾਮ ਦੇ ਤਿੰਨ ਵਜੇ ਮੀਟਿੰਗ ਡਊਡਰ ਰੂਮ ਵਿੱਚ ਲੌਰਡ ਜੈਟਲੈਂਡ ਦੀ ਪ੍ਰਧਾਨਗੀ ਵਿੱਚ ਸ਼ੁਰੂ ਹੋਈ। ਸਰਪਰਸਤੀ ਸਾਈਕਸ ਦੇ ਭਾਸ਼ਣ ਤੋਂ ਬਾਦ ਸਰ ਮਾਇਕਲ ਐਡਵਰਡ ਨੇ ਮੀਟਿੰਗ ਨੂੰ ਸੰਬੋਧਨ ਕੀਤਾ। ਊਧਮ ਸਿੰਘ ਹਾਲ ਦੇ ਸੈਂਟਰ ਵਿੱਚ ਖਾਲੀ ਛੱਡੀ ਹੋਈ ਜਗ੍ਹਾ ਦੇ ਦਾਏਂ? ਖੜਾ ਸੀ। ਜਦੋਂ ਮੀਟਿੰਗ ਖਤਮ ਹੋਈ ਤਾਂ ਉਹ ਬਹੁਤ ਜਲਦੀ ਜਲਦੀ ਅੱਗੇ ਵਧਿਆ, ਗੋਲੀ ਚਲਣ ਦੀ ਆਵਾਜ਼ ਆਈ, ਸਰ ਐਡਵਰਡ ਧਰਤੀ ਤੇ ਡਿਗਦਾ ਨਜ਼ਰ ਆਇਆ। ਊਧਮ ਸਿੰਘ ਉਸਦੇ ਨਜ਼ਦੀਕ ਹੀ ਖੜਾ ਸੀ, ਉਸਨੇ ਦੌੜਨ ਦੀ ਕੋਸ਼ਿਸ਼ ਬਿਲਕੁਲ ਨਹੀਂ ਕੀਤੀ, ਉਸਦੇ ਪਿਸਤੌਲ ਦੀਆਂ ਛੇ ਗੋਲੀਆਂ ਖਤਮ ਹੋ ਚੁੱਕੀਆਂ ਸਨ। ਸਾਰਾ ਹਾਲ "ਇਨਕਲਾਬ ਜਿੰਦਾਬਾਦ, ਸਾਮਰਾਜਬਾਦ ਮੁਰਦਾਬਾਦ" ਦੇ ਨਾਹਰਿਆਂ ਨਾਲ ਗੂੰਜ ਉੱਠਿਆ। ਊਧਮ ਸਿੰਘ ਨੇ ਆਪਣੇ ਪਿਸਤੌਲ ਦੀਆਂ ਛੇ ਦੀਆਂ ਛੇ ਗੋਲੀਆਂ ਸਰ ਮਾਇਕਲ ਐਡਵਰਡ ਦੀ ਛਾਤੀ ਵਿੱਚ ਬਹੁਤ ਨਜ਼ਦੀਕ ਤੋਂ ਦਾਗ ਦਿੱਤੀਆਂ। ਕੈਕਸਟਨ ਹਾਲ ਵਿੱਚ ਹਿਫਾਜ਼ਤ ਅਫਸਰ, ਰੌਬਟ ਵਿਲੀਅਮ ਸਟੀਵਨਜ਼ ਨੇ ਊਧਮ ਸਿੰਘ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਸਾਰਜੈਂਟ ਮੈਕ-ਵਿਲੀਅਮ ਦੇ ਹਵਾਲੇ ਕਰ ਦਿੱਤਾ। ਊਧਮ ਸਿੰਘ ਦੀ ਤਲਾਸ਼ੀ ਲੈਣ ਤੇ ਉਸਦੀ ਪਤਲੂਨ ਦੀ ਸੱਜੀ ਜੇਬ ਵਿੱਚੋਂ 17 ਰੌਂਦ ਅਤੇ ਖੱਬੀ ਜੇਬ ਵਿੱਚੋਂ 8 ਗੋਲੀਆਂ ਮਿਲੀਆਂ ਅਤੇ ਓਵਰਕੋਟ ਦੀ ਜੇਬ ਵਿੱਚੋਂ ਮੋਚੀਆਂ ਦੁਆਰਾ ਚਮੜੇ ਨੂੰ ਕੱਟਣ ਵਾਲੀ ਰੰਬੀ ਮਿਲੀ। ਇਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਆਪਣੇ ਵਲੋਂ ਪੂਰੀ ਤਰ੍ਹਾਂ ਤਿਆਰ ਹੋ ਕੇ ਆਇਆ ਸੀ। ਛੇ ਅਪ੍ਰੈਲ 1940 ਨੂੰ ਊਧਮ ਸਿੰਘ ਨੇ ਖਾਲਸਾ ਜਥਾ ਦੇ ਸਕੱਤਰ ਨੂੰ ਖੱਤ ਲਿਖਿਆ ਕਿ ਉਹ ਜਰੂਰੀ ਕਿਤਾਬਾਂ ਦੀ ਉਡੀਕ ਵਿੱਚ ਬੈਠਾ ਹੈ ਅਤੇ ਕਿਤਾਬਾਂ ਵਿੱਚ ਕੋਈ ਵੀ ਧਾਰਮਕ ਕਿਤਾਬ ਨਾ ਹੋਵੇ। ਉਸਨੇ ਹੀਰ ਵਾਰਸ ਸ਼ਾਹ ਦੀ ਮੰਗ ਕੀਤੀ ਕਿਉਂਕਿ ਉਹ ਇੱਕ ਇਸ ਹੀ ਕਿਤਾਬ ਦੀ ਕਸਮ ਚੁੱਕਣਾ ਚਾਹੁੰਦਾ ਸੀ, ਕਿਉਂਕਿ ਉਹ ਵੀ ਆਪਣੇ ਪਿਆਰ ਲਈ ਖਤਮ ਹੋ ਰਿਹਾ ਸੀ।(ਊਧਮ ਸਿੰਘ ਦੀਆਂ ਚਿੱਠੀਆਂ, ਸਫਾ 29) ਫਰਕ ਸਿਰਫ ਇਹ ਹੀ ਸੀ ਕਿ ਪਿਆਰ ਕਿਸੀ ਵਿਅਕਤੀ ਨਾਲ ਨਹੀਂ ਬਲਕਿ ਕਰੋੜਾਂ ਲੋਕਾਂ ਅਤੇ ਦੇਸ਼ ਲਈ ਸੀ।

4 ਜੂਨ 1940 ਨੂੰ ਊਧਮ ਸਿੰਘ ਦਾ ਮੁਕੱਦਮਾ ਸੈਂਟਰਲ ਕਰਿਮੀਨਲ ਕੋਰਟ ਓਲਡ ਬੇਲੀ ਵਿੱਚ ਜਸਟਸ ਐਟਕਿੰਸਨ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਊਧਮ ਸਿੰਘ ਨੇ ਆਪਣੀ ਸਫਾਈ ਵਿੱਚ ਇਹ ਹੀ ਕਿਹਾ ਉਮੈਂ ਕਸੂਰਵਾਰ ਨਹੀਂ, ਮੈਂ ਆਪਣਾ ਬਚਾ ਰਿਜ਼ਰਵ ਰੱਖਦਾ ਹਾਂ, ਮੈਂ ਰੋਸ ਪ੍ਰਗਟ ਕਰਨ ਲਈ ਗੋਲੀ ਚਲਾਈ। ਮੈਂ ਅੰਗਰੇਜ਼ਾਂ ਦੇ ਸਾਮਰਾਜ ਵਿੱਚ ਭਾਰਤੀ ਲੋਕਾਂ ਨੂੰ ਭੁੱਖੇ ਮਰਦੇ ਦੇਖਿਆ, ਮੈਂ ਇਹ ਕੰਮ ਕੀਤਾ ਪਿਸਤੌਲ 3-4 ਵਾਰ ਚਲਾਇਆ, ਮੈਨੂੰ ਆਪਣਾ ਰੋਸ ਪ੍ਰਗਟ ਕਰਨ ਤੇ ਕੋਈ ਅਫਸੋਸ ਨਹੀਂ, ਇਹ ਮੇਰਾ ਫਰਜ਼ ਸੀ ਅਤੇ ਰੋਸ ਵੀ। ਮੈਨੂੰ ਇਸ ਗੱਲ ਦਾ ਫਿਕਰ ਨਹੀਂ ਕਿ ਮੈਨੂੰ ਸਜ਼ਾ ਹੋਵੇਗੀ।ਦਸ-ਵੀਹ ਸਾਲ ਜਾਂ ਫਾਂਸੀ। ਮੈਂ ਆਪਣਾ ਕੰਮ ਪੂਰਾ ਕਰ ਦਿੱਤਾ ਹੈ ਅਤੇ ਮੈਂ ਆਪਣੇ ਦੇਸ਼ ਦੇ ਸੈਂਕੜੇ ਬੇਗੁਨਾਹਾਂ ਉੱਤੇ ਗੋਲੀਆਂ ਚਲਾਉਣ ਵਾਲੇ ਕਾਤਲ ਨੂੰ ਜਾਨ ਤੋਂ ਮਾਰਕੇ ਕੋਈ ਗਲਤੀ ਨਹੀਂ ਕੀਤੀ।

ਪੰਜ ਜੂਨ 1940 ਨੂੰ ਊਧਮ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਅਤੇ ਉਸਨੂੰ ਸਜ਼ਾਏ-ਮੌਤ ਦੀ ਸਜ਼ਾ ਸੁਣਾਉਣ ਤੋਂ ਬਾਦ ਉਸਨੂੰ ਪੈਟਨਵੀਲ ਭੇਜ ਦਿੱਤਾ, ਜਿੱਥੇ ਉਸਨੂੰ 31 ਜੁਲਾਈ 1940 ਨੂੰ ਫਾਂਸੀ ਦੇ ਦਿੱਤੀ ਗਈ।

ਊਧਮ ਸਿੰਘ ਅਨਾਥ ਸੀ, ਪਛਾੜੀਆਂ ਹੋਈਆਂ ਜਾਤਾਂ ਵਿੱਚੋਂ ਸੀ। ਧਰਮ ਦੇ ਠੇਕੇਦਾਰਾਂ ਅਨੁਸਾਰ ਉਹ ਨਾਸਤਕ ਸੀ ਲੇਕਿਨ ਅੰਗਰੇਜ਼ਾਂ ਦੇ ਦੇਸ਼ ਦੀ ਰਜਧਾਨੀ ਲੰਡਨ ਵਿੱਚ ਸਰ ਮਾਇਕਲ ਐਡਵਰਡ ਨੂੰ ਗੋਲੀ ਨਾਲ ਮੌਤ ਦੇ ਘਾਟ ਉਤਾਰਕੇ ਜਲ੍ਹਿਆਂ ਵਾਲੇ ਬਾਗ ਵਿੱਚ ਸੈਂਕੜੇ ਲੋਕਾਂ ਦੇ ਕਤਲੇ-ਆਮ ਦੇ ਬਦਲੇ ਦੀ ਜੋ ਕਸਮ ਖਾਧੀ ਸੀ ਉਸਨੂੰ ਪੂਰਾ ਕਰ ਦਿੱਤਾ।

ਇੰਗਲੈਂਡ ਦੀਆਂ ਅਖਬਾਰਾਂ ਅਤੇ ਹੋਰ ਮੀਡੀਆ ਨੇ ਊਧਮ ਸਿੰਘ ਦੀ ਇਸ ਮਹਾਨ ਸ਼ਹੀਦੀ ਨੂੰ ਨਜ਼ਰਅੰਦਾਜ਼ ਕੀਤਾ। ਭਾਰਤ ਵਿੱਚ ਕਰਮ ਚੰਦ ਗਾਂਧੀ ਨੇ ਊਧਮ ਸਿੰਘ ਦੀ ਇਸ ਕੁਰਬਾਨੀ ਨੂੰ ਉੱਚਿਤ ਨਹੀਂ ਕਿਹਾ ਜਦੋਂ ਕਿ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਊਧਮ ਸਿੰਘ ਦੀ ਸ਼ਹੀਦੀ ਦੀ ਪ੍ਰਸੰਸਾ ਕੀਤੀ। ਇੱਕ ਪਾਸੇ ਸ਼ਹੀਦ ਊਧਮ ਸਿੰਘ ਦਾ ਬਲੀਦਾਨ, ਦੂਜੇ ਪਾਸੇ ਉਹ ਸਿੱਖ ਲੀਡਰ ਜਿਨ੍ਹਾਂ ਨੇ ਜਲ੍ਹਿਆਂ ਵਾਲੇ ਬਾਗ ਦੇ ਹਤਿਆਰੇ ਜਨਰਲ ਡਾਇਰ ਨੂੰ ਸਨਮਾਨਤ ਕੀਤਾ। ਅੱਜ ਵੀ ਇਹੋ ਜਿਹੇ ਲੋਕ ਹਰ ਸਭਾ ਵਿੱਚ ਪ੍ਰਧਾਨ ਹਨ ਅਤੇ ਰਾਜ ਸੱਤਾ ਤੇ ਕਾਬਜ ਹਨ।

## ਵਿਸ਼ੇਸ਼ ਲੇਖ
## ਨਵਾਂ ਵਰ੍ਹਾ 2019 ਖੁਸ਼ਆਮਦੀਦ

# ਨਵਾਂ ਵਰ੍ਹਾ, ਨਵੇਂ ਦਿਸਹੱਦਿਆਂ ਦੀ ਆਮਦ..

## ਆਪਣੀ ਕਰਨੀ ਆਪਣਾ ਅੰਬਰ

ਪ੍ਰੋ. (ਡਾ.) ਕ੍ਰਿਸ਼ਨ ਕੁਮਾਰ ਰੱਤੂ
91-9478730156



'ਵਕਤ ਦੇ ਸਫੇ ਤੇ ਵਰਤਮਾਨ ਹੀ ਜਿੰਦਾ ਨਹੀਂ ਇਤਿਹਾਸ ਵੀ ਮਹੱਤਵਪੂਰਨ ਹੈ'

-ਇਕ ਹਿਬਰੂ ਕਥਨ

ਇਹ ਸਮੇਂ ਦਾ ਕਾਲ ਚੱਕਰ ਹੈ।

ਜੋ ਹੁਣੇ ਸੀ ਉਹ ਭੂਤਕਾਲ ਹੋ ਗਿਆ- ਆਉਣ ਵਾਲੇ ਪਲ ਤੁਹਾਡੀਆਂ ਹੋਣੀਆਂ ਦੀ ਦਾਸਤਾਨ ਨੂੰ ਭਵਿੱਖ ਦੇ ਸੁਪਨਿਆਂ ਵਿਚ ਲਬਰੇਜ਼ ਸਮੇਟੀ ਪ੍ਰਕਿਰਿਆ 'ਚ ਤੁਹਾਡੇ ਨਾਲ ਹਨ। ਅੱਜ ਦੀ ਇਹ ਅਲ-ਸੁਬਹ, ਉਹ ਨਵੀਂ ਸਵੇਰ ਹੈ ਜੋ ਤੁਹਾਡੇ ਸੁਪਨਿਆਂ ਨੂੰ ਨਵੀਂ ਉਡਾਣ ਦਿੰਦੀ ਹੈ। ਜ਼ਿੰਦਗੀ ਦੀ ਇਸ ਉਡਾਣ ਵਿਚ ਤੁਸੀਂ ਸਾਰੇ ਮੁਸਾਫਰ ਹੋ।

ਜਿਵੇਂ ਹੀ ਘੜੀ ਦੀਆਂ ਸੂਈਆਂ ਇਕਾਗਰਤਾ ਵਿਚ ਆਈਆਂ, ਚੁਪਕੇ ਜਿਹੇ ਪੁਰਾਣਾ ਕਲੰਡਰ ਬਦਲ ਗਿਆ। ਪਲ ਭਰ ਦਾ ਵਰਤਮਾਨ, ਇਤਿਹਾਸ ਦਾ ਪੰਨਾ, ਹਿੱਸਾ ਬਣਗਿਆ। ਨਵਾਂ ਵਰ੍ਹਾ, ਨਵੀਆਂ ਉਮੰਗਾਂ, ਨਵੇਂ ਜੋਸ਼, ਨਵੇਂ ਉਤਸ਼ਾਹ ਨਾਲ ਇਕ ਨਵੇਂ ਸੂਰਜ ਤੇ ਇਕ ਨਵੀਂ ਸਵੇਰ ਨਾਲ ਤੁਹਾਡੀਆਂ ਬਰੂਹਾਂ




ਤੇ ਦਸਤਾ ਦੇ ਰਿਹਾ ਹੈ।

"ਹਮ ਇਨ ਖੁਸ਼ਬੂਓਂ ਕੋ ਕਮਾਇਆ ਹੈ
ਇਸ ਪਲ ਯਹੀ ਤੋਂ ਜ਼ਿੰਦਗੀ ਹੈ।

ਇਹ ਸੱਚ ਹੈ ਕਿ ਇਹ ਜ਼ਿੰਦਗੀ ਦੇ ਅਜਿਹੇ ਪਲ ਨੇ, ਜੋ ਤੁਹਾਨੂੰ ਊਰਜਾ ਨਾਲ ਭਰ ਦਿੰਦੇ ਨੇ ਤੇ ਇਹ ਹੀ ਤਾਂ ਜ਼ਿੰਦਗੀ ਦਾ ਸੱਚ ਹੈ। ਸ਼ਾਇਰ ਬਸ਼ੀਰ ਬਦਰ ਕੀ ਸੱਚ ਲਿਖਿਆ ਹੈ-

"ਆਖੋਂ ਮੇਂ ਰਹਾ ਦਿਲ ਮੇਂ ਉਤਰ ਕਰ ਨਹੀਂ ਦੇਖਾ
ਕਿਸ਼ਤੀ ਕੇ ਮੁਸਾਫਿਰ ਨੇ ਸਮੁੰਦਰ ਨਹੀਂ ਦੇਖਾ।"

ਇਸ ਵਕਤ ਦੇ ਪ੍ਰਵਾਹ ਨੇ, ਵਿਸ਼ਵ ਨੂੰ ਸਿਰਜਿਆ ਹੈ। ਮਨੁੱਖਤਾ ਦੀ ਤਹਿਜ਼ੀਬ ਤੇ ਵਿਰਾਸਤ ਨੂੰ ਬਣਾਇਆ ਹੈ, ਇਤਿਹਾਸ ਨੂੰ ਰਚਿਆ। ਇਸ ਵਕਤ ਦੇ ਪਹੀਏ ਨੇ ਪਤਾ ਨਹੀਂ ਤੁਹਾਡੀ ਹੱਯਾਤੀ ਦੇ ਕਿਸ ਮੁਕਾਮ 'ਤੇ ਤੁਹਾਨੂੰ ਪ੍ਰਕਿਰਤੀ ਦੀਆਂ ਨਵੀਆਂ ਬਰੂਹਾਂ ਤੇ ਲੈ ਜਾਣਾ।

ਉਸ ਪਰਵਰਦੁਆਰ ਦੀ ਮੁੱਠੀ ਵਿਚ ਸਮੇਂ ਦੇ ਇਸ ਤਲਿਸਮ ਦਾ ਜਲਵਾ ਹੀ ਕੁਝ ਹੋਰ ਹੈ ਤੇ ਇਹ ਹੀ ਸੱਚ ਜ਼ਿੰਦਗੀ ਦੀ ਜ਼ਮੀਨੀ ਹਕੀਕਤ ਦਾ। ਤੁਸੀਂ ਵਰਤਮਾਨ ਨੂੰ ਬਦਲ ਸਕਦੇ ਹੋ ਪਰ ਭਵਿੱਖ ਨੂੰ ਬਦਲ ਨਹੀਂ ਸਕਦੇ।

# ਅਦਾਰਾ 'ਦੇਸ਼ ਦੁਆਬਾ' ਅਤੇ ਸਹਿਯੋਗੀਆਂ ਵੱਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ

2019


ਸ੍ਰੀ ਜੈਕ ਰਾਮ, ਸ੍ਰੀ ਅਜੈਪਾਲ ਰਾਮ


ਮੱਖਣ ਸਿੰਘ ਬੈਂਸ


ਗਿਆਨੀ ਰਵਿੰਦਰ ਸਿੰਘ


ਸੁਰਿੰਦਰ 'ਕੋਕਾ' ਧਲੇਤਾ


Ram Saroay


Amrik Chand (CPA)


ਕਸ਼ਮੀਰ ਸਿੰਘ ਹੀਰਾ


ਜੈ ਰਾਮ ਗਾਟ


ਵਿਨੋਦ ਕੁਮਾਰ ਚੁੰਬਰ


ਸ਼ਿੰਗਾਰਾ ਸਿੰਘ ਰੱਲ੍ਹ


ਜਸਵੀਰ ਸਿੰਘ ਤੱਖਰ



ਮਨਦੀਪ ਸੰਧੂ


Dalvir Dil Nijjar


ਸੰਦੀਪ ਜੌਨੀ ਬੱਗਾ


Dharminder Singh


ਤੀਰਥ ਸਿੰਘ ਸੋਹਲ


Kashmir Singh Dhugga


ਜੌਹਨ ਸਿੰਘ ਬੰਗਾ


RAMESH SUMAN


ਅਮਰਜੀਤ ਸੰਧੂ


ਬਰਿੰਦਰ ਬੈਗੜ


ਹਰਜੀਤ 'ਹੈਪੀ' ਗਾਟ


ਸੁਰਿੰਦਰ 'ਕੋਕਾ' ਧਲੇਤਾ ਅਤੇ ਉਹਨਾਂ ਦੀ ਧਰਮ ਸੁਪਤਨੀ


Kashmiri Bhatia & his wife


Baksho Kaur Bisla Hardev Singh Bisla


Amardeep Chahal with his wife Promila Chahal


Thinking of Buying or Selling a Home? I Can Help!
COMMERCIAL & RESIDENTIAL REAL ESTATE
JOHN SINGH BANGA
Honest & Experienced Realtor
916-271-5404
banga.realtor@gmail.com
www.banga.bhhser.com
FOR OVER 15 YEARS A TOP PRODUCER
CALBRE#01397975
MLS
BERKSHIRE HATHAWAY HomeServices Elite Real Estate
ARE YOU READY TO BE A FIRST TIME HOME BUYER, CALL NOW!
ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404
SOLD
Natomas
5 Bed Rooms, 2.5 Full Baths
2108 sq. ft.
Listing Price: $ 339,000
Active
Sacramento
4 Bed Rooms, 2 Full Baths
1,596 sq ft
Lot size: 6,098
Listing Price: $279,900
Active
Sacramento
3 Bed Rooms / 2 Full Baths
Sqft 1596
lot size 6078
Listing Price: $279,000
Active
Mountain House
"Tracy"
4 Bed Rooms, Bath Rooms 3.5
Sq Ft: 2612
Lot Sz: 0.8425ac*
Listing Price $609,900
Active
Sacramento
4 Bed Rooms, 2 Bath Rooms
Sq Ft: 1608
Lot Sz: 9148sqft
Listing Price: $299,000
SOLD
Sacramento
3-4 Bed Rooms, 2.0 Full Baths
1,492 sq ft
Lot size: 6,469
Listing Price: $299,000
Pending
Sacramento
5 Bed Rooms, 2.5 Full Baths
2,504 sq ft
Lot size: 6,574
Listing Price: $399,000
Active
Sacramento
BETTER TRADE MARKET
GROCERIES · BEER · WINE
Beer & Wine
Store for Sale in Sacramento
Monthly Gross: $65K Month
Listing Price $299,000
Active
Santa Clara
LIQUORS
CHECK CASHING
Liquor Store
Store for Sale in Santa Clara
Monthly Gross: $90K Month
Listing Price $649,000
Active
Sacramento
3 Bed Rooms, 1 Full Bath
1037 sq ft Lot size: 6098
Listing Price; $299,000
Close to UC Davis Medical Center
Active
OF FIJI & INDIA
Indian Restaurant
for Sale in Sacramento
Listing Price: 134,000
BERKSHIRE HATHAWAY HomeServices Elite Real Estate
BERKSHIRE HATHAWAY
Home Services
BH HS
Buying or Selling Hotels and Gas Stations? Call Now- 916-271-5404
OFFICE: 7412 ELSIE AVE., SACRAMENTO, CA 95828

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਨਵਾਂ ਸਾਲ ਮਨਾਇਆ ਗਿਆ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਨਵੇਂ ਸਾਲ 2019 ਦੀ ਆਮਦ ਦੀ ਖੁਸ਼ੀ ਵਿਚ 31 ਦਸੰਬਰ ਦਿਨ ਸੋਮਵਾਰ ਨੂੰ ਮਹਾਨ ਕੀਰਤਨ ਦਰਬਾਰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਗਿਆ। ਜਿਸ ਵਿਚ 31 ਦਸੰਬਰ ਦਿਨ ਸੋਮਵਾਰ ਨੂੰ ਸ਼ਾਮੀ 5.30 ਵਜੇ ਤੋਂ ਲੈ ਕੇ 1 ਜਨਵਰੀ 2019 ਦਿਨ ਮੰਗਲਵਾਰ ਤੱਕ ਮਹਾਨ ਕੀਰਤਨ ਦਰਬਾਰ ਕਰਵਾਏ ਗਏ, ਜਿਸ ਵਿਚ 31 ਜਨਵਰੀ ਦਿਨ ਸੋਮਵਾਰ ਸ਼ਾਮੀ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਪੰਥ ਪ੍ਰਸਿੱਧ ਰਾਗੀ ਜਥੇ ਨੇ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ, ਭਾਈ ਮਨਜੀਤ ਸਿੰਘ (ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ), ਭਾਈ ਹਰਜੀਤ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਹਰਜੀਤ ਸਿੰਘ, ਭਾਈ ਗੁਰਬਚਨ ਸਿੰਘ ਮੁਸਾਫ਼ਰ, ਜੋਗਿੰਦਰ ਸਿੰਘ ਸ਼ੋਕੀ, ਸ੍ਰੀ ਅਸ਼ੋਕ ਕੁਮਾਰ ਨੇ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ, ਕਵੀ ਰਾਜ, ਸ੍ਰੀ ਸ਼ਾਮ ਪਾਲ ਨੇ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ) ਨੇ ਨਿਭਾਈ। ਭਾਈ ਸਤਨਾਮ ਸਿੰਘ ਯੂਬਾ ਸਿਟੀ ਵਾਲਿਆਂ ਨੇ ਆਪਣੇ ਵਿਚਾਰ ਸੰਗਤਾਂ ਦੇ ਸਨਮੁਖ ਰੱਖੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਕੀਰਤਨੀ ਜਥਿਆਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।





























ਤਸਵੀਰਾਂ ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

# ਭਗਵਾਨ ਵਾਲਮੀਕ ਮੰਦਰ ਵਿਖੇ ਨਵਾਂ ਸਾਲ ਮਨਾਇਆ ਗਿਆ












ਤਸਵੀਰਾਂ ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)





**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਕੈਲੇਫੋਰਨੀਆ ਦੇ ਸੱਦੇ 'ਤੇ ਮਹਾਂਰਿਸ਼ੀ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ ਸੰਤੋਖ ਸਿੰਘ ਗਿੱਲ ਸੀਨੀਅਰ ਵਾਈਸ ਪ੍ਰਧਾਨ ਦੀ ਪ੍ਰਧਾਨਗੀ ਹੇਠ 31 ਦਸੰਬਰ 2018 ਸ਼ਾਮ 8 ਵਜੇ ਤੋਂ ਸਵੇਰੇ 12.30 ਵਜੇ ਨਵੇਂ ਸਾਲ ਦੀ ਆਮਦ 'ਤੇ ਬਹੁਤ ਹੀ ਖੁਸ਼ੀਆਂ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਸਭ ਤੋਂ ਪਹਿਲਾਂ ਸ੍ਰੀ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਸਤਿਗੁਰੂ ਵਾਲਮੀਕ ਜੀ ਦੇ ਚਰਨਾਂ 'ਚ ਅਰਦਾਸ ਤੇ ਆਰਤੀ ਕੀਤੀ ਗਈ। ਸਮੂਹ ਜਗਤ ਨੂੰ ਨਵੇਂ ਸਾਲ ਦੀ ਆਮਦ 'ਤੇ ਸਭਾ ਦੇ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ, ਚੇਅਰਮੈਨ ਗੁਰਪਾਲ ਸਿੰਘ, ਬਲਬੀਰ ਥਾਪਰ, ਜਨਰਲ ਸਕੱਤਰ ਜਸਪਾਲ ਮਾਲੜੀ, ਪਲਵਿੰਦਰ ਸਿੰਘ ਸਹੋਤਾ ਵੱਲੋਂ ਸ਼ੁਭ ਕਾਮਨਾਵਾਂ ਤੇ ਵਧਾਈਆਂ ਦਿੱਤੀਆਂ ਗਈਆਂ। ਪਾਠ ਦੀ ਸੇਵਾ ਵਿਸ਼ਾਲ ਸ਼ਰਬਤੀ ਤੇ ਰਾਜ ਕੁਮਾਰ ਵੱਲੋਂ ਕੀਤੀ ਗਈ। ਉਪਰੰਤ ਸੰਗੀਤ ਮੰਡਲੀ ਰਾਜ ਕੁਮਾਰ ਪੰਡੋਰੀ, ਅਸ਼ੋਕ ਕੁਮਾਰ, ਸ਼ੋਕੀ ਧਾਰੀਵਾਲ, ਵਿਸ਼ਾਲ ਸ਼ਰਬਤੀ ਤੇ ਅੰਮ੍ਰਿਤਪਾਲ ਵੱਲੋਂ ਸ਼ਬਦ ਗਾਇਨ ਕੀਤਾ ਗਿਆ। ਸਾਰੇ ਪ੍ਰੋਗਰਾਮ ਦੌਰਾਨ ਸਾਰੀਆਂ ਸੰਗਤਾਂ ਵੱਲੋਂ ਸਾਡੇ ਬਹੁਤ ਹੀ ਸਤਿਕਾਰਯੋਗ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਦੇ ਬਿਮਾਰ ਹੋਣ ਕਾਰਨ ਉਹਨਾਂ ਦੀ ਗੈਰ ਹਾਜ਼ਰੀ ਬਹੁਤ ਹੀ ਸ਼ਿੱਦਤ ਨਾਲ ਮਹਿਸੂਸ ਕੀਤੀ ਗਈ। ਸਾਰੀਆਂ ਹੀ ਸੰਗਤਾਂ ਵੱਲੋਂ ਪ੍ਰਧਾਨ ਪ੍ਰੇਮ ਸੌਂਧੀ ਜੀ ਦੀ ਤੰਦਰੁਸਤੀ ਲਈ ਭਗਵਾਨ ਵਾਲਮੀਕ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਗਈ। 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਚੁੰਬਰ ਜੀ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ ਵਿਚ ਸ਼ਾਮਲ ਹੋਏ। ਸਭਾ ਵੱਲੋਂ ਉਹਨਾਂ ਨੂੰ ਜੀ ਆਇਆਂ ਕਹਿੰਦਿਆਂ ਉਹਨਾਂ ਦਾ ਵੀ ਬਹੁਤ ਧੰਨਵਾਦ ਕੀਤਾ ਗਿਆ। ਨਾਮਵਰ ਗਾਇਕ ਜੋਗਿੰਦਰ ਸਿੰਘ ਸ਼ੌਕੀ ਜੀ ਵੱਲੋਂ ਤਕਰੀਬਨ ਇਕ ਘੰਟਾ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਸਮੂਹ ਸੰਗਤਾਂ ਨੂੰ ਨਵੇਂ ਸਾਲ ਦੀ ਮੁਬਾਰਕ ਦਿੱਤੀ ਗਈ।

ਪ੍ਰੋਗਰਾਮ ਦੇ ਸ਼ੁਰੂ ਤੋਂ ਅੰਤ ਤੱਕ ਲੰਗਰਾਂ ਦੀ ਸੇਵਾ ਚਲਦੀ ਰਹੀ। ਲੰਗਰ ਦੀ ਸੇਵਾ ਦੀਪਕ ਥਾਪਰ ਤੇ ਮਨਜੀਤ ਸਿੰਘ (ਮਾਲਕ ਰਾਜ ਰੈਸਟੋਰੈਂਟ, ਯੂਬਾ ਸਿਟੀ) ਵੱਲੋਂ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਕੀਤੀ ਗਈ।

ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਨਵੇਂ ਸਾਲ ਦੀ ਮੁਬਾਰਕਬਾਦ ਦਿੰਦਿਆਂ ਆਈਆਂ ਸਮੂਹ ਸੰਗਤਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ ਤੇ ਲੰਗਰਾਂ ਦੀ ਸੇਵਾ ਕਰਨ ਵਾਲੇ ਸੱਜਣਾਂ ਦੀਪਕ ਥਾਪਰ ਤੇ ਮਨਜੀਤ ਸਿੰਘ (ਮਾਲਕ ਤਾਜ ਰੈਸਟੋਰੈਂਟ ਯੂਬਾ ਸਿਟੀ) ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ

**ਸਿੱਖ ਟੈਂਪਲ (ਗੁਰਦੁਆਰਾ ਸਾਹਿਬ) ਯੂਬਾ ਸਿਟੀ ਵਿਖੇ ਨਵੇਂ ਸਾਲ ਨਵਾਂ ਸਾਲ ਮਨਾਇਆ ਗਿਆ। ਇਸ ਮੌਕੇ ਵੱਖ ਵੱਖ ਰਾਗੀ-ਢਾਡੀ ਜਥਿਆਂ ਨੇ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਭਾਰੀ ਗਿਣਤ ਵਿਚ ਸੰਗਤਾਂ ਨੇ ਗੁਰਬਾਣੀ ਕੀਰਤਨ ਸਰਵਣ ਕੀਤਾ। ਸਾਰੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਸ. ਗੁਰਮੇਜ ਸਿੰਘ ਗਿੱਲ ਨੇ ਸਟੇਜ ਸਕੱਤਰ ਵਜੋਂ ਇਸ ਮੌਕੇ ਬਾਖੂਬੀ ਸੇਵਾਵਾਂ ਨਿਭਾਈਆਂ।**





















ਤਸਵੀਰਾਂ ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)











ਕੁਲਦੀਪ ਸਿੰਘ ਸਹੋਤਾ ਡਾਇਰੈਕਟਰ ਸਿੱਖ ਟੈਂਪਲ (ਗੁਰਦੁਆਰਾ ਸਾਹਿਬ) ਯੂਬਾ ਸਿਟੀ ਵੱਲੋਂ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਲਗਾਏ ਗਏ ਲੰਗਰ ਦੀ ਸੇਵਾ ਦੀਆਂ ਕੁਝ ਝਲਕੀਆਂ, ਤਸਵੀਰਾਂ ਦੀ ਜ਼ੁਬਾਨੀ।

*ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ।*











ਤਸਵੀਰਾਂ ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

HAPPY NEW 2019 YEAR




ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦਾ ਸੱਚਾ ਸੇਵਾਦਾਰ ਮੋਮੀ ਪਰਿਵਾਰ

DAYS INN | Holiday Inn EXPRESS HOTEL & SUITES | momi

Holidayinn Express,
DAYS INN and
MOMI HOSPITALITY
INVESTMENT

ਕੈਲੀਫੋਰਨੀਆ ਦੇ ਮਾਲਕ




ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ (ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ) ਅਤੇ ਪ੍ਰੇਮ ਸੋਢੀ ਮੋਮੀ

# MOMI BROTHERS

ਅਤੇ ਸਮੂਹ ਮੋਮੀ ਪਰਿਵਾਰ

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।



# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

HAPPY NEW 2019 YEAR

ਨਵਾਂ ਸਾਲ 2019 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ



Bihari Lal Chahal



Amardeep Chahal with his wife Promila Chahal

## ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ

# 2018 ਦੀਆਂ ਕੁਝ ਅਹਿਮ ਘਟਨਾਵਾਂ !

ਸਾਲ 2018 ਨੂੰ ਅਲਵਿਦਾ, 2018 ਜਿੱਥੇ ਕੌੜੀਆਂ-ਮਿੱਠੀਆਂ ਯਾਦਾਂ ਛੱਡ ਕੇ ਜਾ ਰਿਹਾ ਹੈ, ਉਥੇ ਹੀ ਇਸ ਵਰ੍ਹੇ ਕਈ ਮੁੱਦੇ ਅਜਿਹੇ ਵੀ ਸਨ ਜਿਨ੍ਹਾਂ ਨੇ ਲੰਮਾ ਸਮਾਂ ਸੁਰਖੀਆਂ ਬਟੋਰੀਆਂ। ਅੱਜ ਅਸੀਂ ਤੁਹਾਨੂੰ ਉਨ੍ਹਾਂ ਖਬਰਾਂ ਤੋਂ ਜਾਣੂ ਕਰਵਾਉਦੇ ਹਾਂ। ਇਹ ਸੁਰਖੀਆਂ ਜਿੱਥੇ ਅਖ਼ਬਾਰਾਂ ਦੀਆਂ ਖ਼ਬਰਾਂ ਤਾਂ ਬਣੀਆਂ ਹੀ ਨਾਲ ਪੂਰਾ ਸਾਲ ਚਰਚਾ ਦਾ ਵਿਸ਼ਾ ਵੀ ਰਹੀਆ।

### ਸਾਬਕਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ

ਚੋਣਾਂ ਤੋਂ ਪਹਿਲਾਂ ਬੇਅਦਬੀ ਮਾਮਲਿਆਂ ਦੀ ਜਾਂਚ ਦਾ ਵਾਅਦਾ ਕਰਕੇ ਸੱਤਾ ਵਿਚ ਆਈ ਕਾਂਗਰਸ ਨੇ ਸਭ ਤੋਂ ਪਹਿਲਾਂ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਸਾਬਕਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਗਠਨ ਕੀਤਾ ਅਤੇ ਇਹ ਕਮਿਸ਼ਨ 2018 ਵਿਚ ਸਭ ਤੋਂ ਵੱਧ ਸੁਰਖੀਆਂ ਵਿਚ ਰਿਹਾ। ਇਸ ਕਮਿਸ਼ਨ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਨੂੰ ਤਲਬ ਕੀਤਾ ਪਰ ਬਾਦਲਾਂ ਨੇ ਇਸ ਨੂੰ ਸਿਆਸਤ ਤੋਂ ਪ੍ਰੇਰਤ ਦੱਸਦੇ ਹੋਏ ਜਾਂਚ'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਮਗਰੋਂ ਕਮਿਸ਼ਨ ਨੇ ਰਿਪੋਰਟ ਵਿਚ ਬਹਿਬਲ ਕਲਾਂ ਗੋਲੀ ਕਾਂਡ ਲਈ ਪ੍ਰਕਾਸ਼ ਸਿੰਘ ਬਾਦਲ ਦਾ ਸਿੱਧੇ ਰੂਪ ਵਿਚ ਜ਼ਿਕਰ ਕੀਤਾ। ਕਮਿਸ਼ਨ ਨੇ ਰਿਪੋਰਟ ਵਿਚ ਬਾਦਲ ਪਰਿਵਾਰ ਦਾ ਨਹੀਂ ਸਗੋਂ ਡੇਰਾ ਸੱਦਾ ਸੌਦਾ ਮੁਖੀ ਰਾਮ ਰਹੀਮ ਦੀ ਮੁਆਫੀ ਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਵੀ ਜ਼ਿਕਰ ਕੀਤਾ। ਇਸ ਰਿਪੋਰਟ ਨੇ ਬਾਦਲਾਂ ਨੂੰ ਵੱਡੀ ਢਾਹ ਲਗਾਈ ਅਤੇ ਕਾਂਗਰਸ ਨੇ ਅਕਾਲੀ ਦਲ ਨੂੰ ਚਾਰੋ-ਖਾਨੇ ਚਿੱਤ ਕਰ ਦਿੱਤਾ। ਇਸੇ ਦਾ ਨਤੀਜਾ ਸੀ ਕਿ ਬਾਦਲਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਨਤਮਸਤਕ ਹੋ ਕੇ ਭੁੱਲਾਂ ਵੀ ਬਖਸ਼ਾਉਣੀਆਂ ਪਈਆਂ।

### ਕੈਬਨਿਟ ਮੰਤਰੀ ਨਵਜੋਤ ਸਿੱਧੂ

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੱਧੂ 2018 ਦੀ ਸਿਆਸਤ ਵਿਚ ਪੂਰੀ ਤਰ੍ਹਾਂ ਛਾਏ ਰਹੇ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਤੋਂ ਲੈ ਕੇ ਕਰਤਾਰਪੁਰ ਕੋਰੀਡੋਰ ਦੇ ਨੀਂਹ ਪੱਥਰ ਸਮਾਗਮ ਤੱਕ ਨਵਜੋਤ ਸਿੱਧੂ ਅਖਬਾਰਾਂ ਦੀਆਂ ਸੁਰਖੀਆਂ ਬਣੇ ਰਹੇ। ਇਮਰਾਨ ਖਾਨ ਦੇ ਸੁੰਹ ਚੁੱਕ ਸਮਾਗਮ ਵਿਚ ਪਾਕਿ ਫੋਜ ਮੁਖੀ ਕਮਰ ਜਾਵੇਦ ਬਾਜਵਾ ਨਾਲ ਜੱਫੀ ਪਾਉਣ 'ਤੇ ਨਵਜੋਤ ਸਿੱਧੂ 'ਤੇ ਸਿਰਫ ਵਿਰੋਧੀਆਂ ਨੇ ਹੀ ਨਿਸ਼ਾਨੇ ਨਹੀਂ ਸਾਧੇ ਸਗੋਂ ਸਾਥੀ ਮੰਤਰੀਆਂ ਨੇ ਵੀ ਵਿਰੋਧ ਕੀਤਾ। ਮਗਰੋਂ ਸਿੱਧੂ ਨੇ ਸਫਾਈ ਦਿੰਦੇ ਹੋਏ ਕਿਹਾ ਕਿ ਬਾਜਵਾ ਨੇ ਉਨ੍ਹਾਂ ਨੂੰ ਕਰਤਾਰਪੁਰ ਕੋਰੀਡੋਰ ਖੋਲ੍ਹੇ ਜਾਣ ਸੰਬੰਧੀ ਕਿਹਾ ਸੀ, ਜਿਸ ਕਰਕੇ ਉਨ੍ਹਾਂ ਬਾਜਵਾ ਨੂੰ ਜੱਫੀ ਪਾਈ ਸੀ। ਇਹ 'ਜੱਫੀ' ਵਿਅਰਥ ਨਹੀਂ ਗਈ, ਪਾਕਿ



ਸਰਕਾਰ ਨੇ ਪਹਿਲ ਕਦਮੀ ਕਰਦੇ ਹੋਏ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਦਾ ਬਿਆਨ ਦਿੱਤਾ। ਜਿਸ ਤੋਂ ਬਾਅਦ ਭਾਰਤ ਸਰਕਾਰ ਨੇ ਬਾਜ਼ੀ ਮਾਰਦੇ ਹੋਏ ਪਹਿਲਾਂ ਹੀ ਲਾਂਘੇ ਦਾ ਨੀਂਹ ਪੱਥਰ ਰੱਖ ਦਿੱਤਾ। ਇਸ ਦਰਮਿਆਨ ਪਾਕਿ ਸਰਕਾਰ ਨੇ =ਲਾਂਘੇ ਦੇ ਨੀਂਹ ਪੱਥਰ ਸਮਾਗਮ 'ਚ ਸ਼ਿਰਕਤ ਕਰਨ ਲਈ ਸਿੱਧੂ ਨੂੰ ਮੁੜ ਸੱਦਾ ਭੇਜਿਆ। ਸਿੱਧੂ ਦੀ ਇਸ ਫੇਰੀ ਨੇ ਵੀ ਇਕ ਹੋਰ ਵਿਵਾਦ ਸਹੇੜ ਲਿਆ। ਇਹ ਵਿਵਾਦ ਉਥੋਂ ਕੈਪਟਨ ਅਮਰਿੰਦਰ ਸਿੰਘ ਲਈ ਲਿਆਂਦੇ 'ਕਾਲੇ ਤਿੱਤਰ' ਨੇ ਪੈਦਾ ਕੀਤਾ। ਦਸਹਿਰੇ ਵਾਲੀ ਸ਼ਾਮ ਹੋਏ ਭਿਆਨਕ ਰੇਲ ਹਾਦਸੇ ਵਿਚ ਵੀ 'ਸਿੱਧੂ' ਜੋੜਾ ਵਿਵਾਦਾਂ ਵਿਚ ਰਿਹਾ ਸੀ। ਜਿਸ ਸਮਾਗਮ ਵਿਚ ਇਹ ਹਾਦਸਾ ਵਾਪਰਿਆ ਉਥੇ ਨਵਜੋਤ ਸਿੱਧੂ ਦੀ ਪਤਨੀ ਬੀਬਾ ਨਵਜੋਤ ਕੌਰ ਬਤੌਰ ਚੀਫ ਗੈਸਟ ਗਏ ਹੋਏ ਸਨ। ਸਾਲ ਦੀ ਅਖੀਰ 'ਚ ਪੰਜ ਸੂਬਿਆਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵੀ ਸਿੱਧੂ ਛਾਏ ਰਹੇ। ਜਿਨ੍ਹਾਂ ਤਿੰਨ ਸੂਬਿਆਂ ਵਿਚ ਸਿੱਧੂ ਨੂੰ ਹਾਈਕਮਾਨ ਨੇ ਚੋਣ ਪ੍ਰਚਾਰ ਸੌਂਪੀ ਸੀ, ਉਨ੍ਹਾਂ ਸਾਰਿਆਂ 'ਤੇ ਪਾਰਟੀ ਦੀ ਇਤਿਹਾਸਕ ਜਿੱਤ ਹੋਈ।

### 'ਆਪ' 'ਚੋਂ ਮੁਅੱਤਲ ਹੋਏ ਸੁਖਪਾਲ ਖਹਿਰਾ

ਤੇਜ਼ ਤਰਾਰ ਆਗੂ ਵਜੋਂ ਜਾਣੇ ਜਾਂਦੇ ਸੁਖਪਾਲ ਖਹਿਰਾ ਵੀ ਇਸ ਵਰ੍ਹੇ ਕਾਫੀ ਸੁਰਖੀਆਂ ਵਿਚ ਰਹੇ। ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਖਿਲਾਫ ਆਵਾਜ਼ ਚੁੱਕਣ ਵਾਲੇ ਖਹਿਰਾ ਨੂੰ ਡਾ. ਬਲਬੀਰ ਸਿੰਘ ਨਾਲ ਚੱਲ ਰਹੀ ਖਿੱਚੋ-ਤਾਣ ਦਾ ਖਮਿਆਜ਼ਾ ਭੁਗਤਣਾ ਪਿਆ ਤੇ ਪਾਰਟੀ ਹਾਈਕਮਾਨ ਨੇ ਵਿਰੋਧੀ ਧਿਰ ਦੇ ਅਹੁਦੇ ਤੋਂ ਉਨ੍ਹਾਂ ਦੀ ਛੁੱਟੀ



ਕਰਕੇ ਹਰਪਾਲ ਚੀਮਾ ਨੂੰ ਇਸ ਦੀ ਜ਼ਿੰਮੇਵਾਰੀ ਸੌਂਪੀ। ਇਸ ਫੈਸਲੇ ਨੂੰ ਤਾਨਾਸ਼ਾਹੀ ਦੱਸਦੇ ਹੋਏ 8 ਵਿਧਾਇਕ ਖਹਿਰਾ ਦੇ ਸਮਰਥਨ ਵਿਚ ਆ ਗਏ ਤੇ ਪਾਰਟੀ ਦੋ ਧੜਿਆਂ ਵਿਚ ਵੰਡੀ ਗਈ। ਇਸ ਦਰਮਿਆਨ ਪੰਜਾਬ ਦੀ ਕੋਰ ਕਮੇਟੀ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਚੱਲਦੇ ਖਹਿਰਾ ਤੇ ਸੰਧੂ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ। ਫਿਲਹਾਲ ਇਸ ਸਮੇਂ ਖਹਿਰਾ ਵਲੋਂ ਵੱਖਰਾ ਮੋਰਚਾ ਚਲਾਇਆ ਜਾ ਰਿਹਾ ਹੈ ਅਤੇ ਤੀਜੇ ਫਰੰਟ ਦੇ ਯਤਨ ਕੀਤੇ ਜਾ ਰਹੇ ਹਨ।

### ਪੰਥਕ ਰੰਗ : ਬਰਗਾੜੀ ਮੋਰਚਾ

ਬੇਅਦਬੀ, ਬਹਿਬਲ ਕਲਾਂ ਗੋਲੀ ਕਾਂਡ ਅਤੇ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੱਖ-ਵੱਖ ਜੇਲਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਵਿਚ ਬਰਗਾੜੀ ਵਿਖੇ ਮੋਰਚਾ ਲਗਾਇਆ ਗਿਆ। ਗਰਮ ਖਿਆਲੀਆਂ ਵਲੋਂ ਲਗਾਏ ਗਏ ਇਸ ਮੋਰਚੇ ਨੇ ਜਿੱਥੇ ਬਾਦਲ ਪਰਿਵਾਰ ਨੂੰ



ਭਾਜੜਾਂ ਪਾਈ ਰੱਖੀਆਂ, ਉਥੇ ਹੀ ਪੰਜਾਬ ਸਰਕਾਰ ਲਈ ਵੀ ਮੁਸ਼ਕਲ ਦਾ ਸਬੱਬ ਬਣਿਆ ਰਿਹਾ। ਲਗਭਗ ਛੇ ਮਹੀਨੇ ਚੱਲੇ ਇਸ ਮੋਰਚੇ ਨੇ ਸੂਬੇ ਦੀ ਸਿਆਸਤ 'ਤੇ ਖਾਸਾ ਅਸਰ ਪਾਇਆ, ਇਸੇ ਦੀ ਨਤੀਜਾ ਸੀ ਕਿ 'ਆਪ' ਸਣੇ ਵੱਖ-ਵੱਖ ਪਾਰਟੀਆਂ ਦੇ ਲੀਡਰ ਸਮੇਂ-ਸਮੇਂ 'ਤੇ ਇਸ ਮੋਰਚੇ ਵਿਚ ਹਾਜ਼ਰੀ ਲਗਾਉਂਦੇ ਰਹੇ। 9 ਦਸੰਬਰ ਨੂੰ ਪੰਜਾਬ ਸਰਕਾਰ ਦੇ ਭਰੋਸੇ ਤੋਂ ਬਾਅਦ ਧਿਆਨ ਸਿੰਘ ਮੰਡ ਵਲੋਂ ਮੋਰਚਾ ਚੁੱਕਣ ਦਾ ਐਲਾਨ ਕੀਤਾ ਗਿਆ। ਮੰਡ ਦੇ ਇਸ ਫੈਸਲੇ ਨੇ ਪੰਥਕ ਲੀਡਰਾਂ ਵਿਚ ਤਰੇੜ ਪਾ ਦਿੱਤੀ ਅਤੇ ਭਾਈ ਦਾਦੂਵਾਲ ਨੇ ਖੁੱਲ੍ਹੇ ਤੌਰ 'ਤੇ ਮੰਡ ਦੇ ਇਸ ਫੈਸਲਾ ਦੇ ਵਿਰੋਧ ਕੀਤਾ।

### ਡੀ. ਜੀ. ਪੀ. ਵਿਵਾਦ

ਇਸ ਵਰ੍ਹੇ ਪੰਜਾਬ ਪੁਲਸ ਦੇ ਚੋਟੀ ਦੇ ਅਫਸਰ ਵੀ ਸੁਰਖੀਆਂ 'ਚ ਰਹੇ। ਹਾਈਕੋਰਟ ਦੇ ਹੁਕਮਾਂ 'ਤੇ ਨਸ਼ਿਆਂ ਸੰਬੰਧੀ ਜਾਂਚ ਕਰ ਰਹੀ ਸਿੱਟ ਦੀ ਅਗਵਾਈ ਕਰ ਰਹੇ ਡੀ. ਜੀ. ਪੀ. ਰੈਂਕ ਦੇ ਅਫਸਰ ਸਿਧਾਰਥ ਚਟੋਪਾਧਿਆਏ ਨੇ ਪੰਜਾਬ ਦੇ ਡੀ. ਜੀ. ਪੀ. ਸੁਰੇਸ਼ ਅਰੋੜਾ ਅਤੇ ਡੀ. ਜੀ. ਪੀ. (ਇੰਟੈਲੀਜੈਂਸ) ਦਿਨਕਰ ਗੁਪਤਾ ਨੂੰ ਨਸ਼ਿਆਂ ਦੇ ਕਾਰੋਬਾਰ ਦੇ ਮਾਮਲੇ 'ਚ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ। ਚਟੋਪਾਧਿਆਏ ਨੇ ਆਪਣੀ ਦਸ ਸਫ਼ਿਆਂ ਦੀ ਅਰਜ਼ੀ 'ਚ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੀ ਅਗਵਾਈ ਵਾਲੀ 'ਸਿੱਟ' ਵੱਲੋਂ ਨਸ਼ਿਆਂ ਸਬੰਧੀ ਕੀਤੀ ਜਾ ਰਹੀ ਜਾਂਚ ਪੰਜਾਬ ਦੇ ਇਨ੍ਹਾਂ ਦੋ ਚੋਟੀ ਦੇ ਪੁਲਸ ਅਫ਼ਸਰਾਂ ਵੱਲ ਵੱਧ ਰਹੀ ਸੀ। ਇਸ ਤਿੰਨ ਮੈਂਬਰੀ ਸਿੱਟ ਨੂੰ ਹਾਈ ਕੋਰਟ ਨੇ ਬਰਤਰਫ਼ ਇੰਸਪੈਕਟਰ ਇੰਦਰਜੀਤ ਸਿੰਘ ਅਤੇ ਮੋਗਾ ਦੇ ਐਸ. ਐਸ. ਪੀ. ਰਾਜ



ਜੀਤ ਸਿੰਘ ਦੇ ਸਬੰਧਾਂ ਦੀ ਜਾਂਚ ਦਾ ਕੰਮ ਸੌਂਪਿਆ ਸੀ ਤਾਂ ਕਿ ਸੂਬੇ ਵਿਚ 'ਨਸ਼ੇ ਦੇ ਕਾਰੋਬਾਰੀਆਂ ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਗੱਠਜੋੜ' ਨੂੰ ਤੋੜਿਆ ਜਾ ਸਕੇ। ਚਟੋਪਾਧਿਆਏ ਮੁਤਾਬਕ ਇਸ ਜਾਂਚ ਦੌਰਾਨ ਅਰੋੜਾ ਤੇ ਗੁਪਤਾ ਦੀ ਭੂਮਿਕਾ 'ਸਾਹਮਣੇ ਆਈ' ਸੀ।

### ਗਿਆਨੀ ਗੁਰਬਚਨ ਸਿੰਘ ਦੀ 'ਛੁੱਟੀ'

ਡੇਰਾ ਸੱਚਾ ਸੌਦਾ ਮੁਖੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਮੁਆਫੀ ਦੇਣ ਦੇ ਮਾਮਲੇ ਵਿਚ ਗਿਆਨੀ ਗੁਰਬਚਨ ਸਿੰਘ ਦਾ 2018 ਦਾ ਸਫਰ ਕਾਫੀ ਵਿਵਾਦ ਭਰਿਆ ਰਿਹਾ। ਇਹ ਵਿਵਾਦ ਉਸ ਵੇਲੇ ਹੋਰ ਵੀ ਵੱਧ ਗਿਆ



ਜਦੋਂ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੇਸ਼ ਕੀਤੀ ਗਈ। ਇਸ ਰਿਪੋਰਟ ਨੇ ਗਿਆਨੀ ਗੁਰਬਚਨ ਸਿੰਘ ਦੀ ਭੂਮਿਕਾ ਨੂੰ ਵੱਡੀ ਢਾਹ ਲਗਾਈ। ਜਿਸ ਤੋਂ ਬਾਅਦ ਗਿਆਨੀ ਗੁਰਬਚਨ ਸਿੰਘ ਨੂੰ ਉਲਾਂਭੇ ਕਰਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਨਿਯੁਕਤ ਕੀਤਾ ਗਿਆ।



ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"

### ਗੁਰਪਤਵੰਤ ਪੰਨੂੰ

ਸਿੱਖ ਫਾਰ ਜਸਟਿਸ ਦਾ ਕਾਨੂੰਨੀ ਸਲਾਹਕਾਰ ਅਤੇ ਗਰਮਖਿਆਲੀ ਗੁਰਪਤਵੰਤ ਸਿੰਘ ਪੰਨੂੰ ਵੀ 2018 ਵਿਚ ਕਾਫੀ ਚਰਚਾ ਰਿਹਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਸਮੇਂ-ਸਮੇਂ ਪੰਨੂੰ 'ਤੇ ਆਈ. ਐਸ. ਆਈ. ਨਾਲ ਮਿਲ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਦੇ ਦੋਸ਼ ਵੀ ਲਗਾਏ ਗਏ। ਸੂਤਰਾਂ ਮੁਤਾਬਕ ਪੰਜਾਬ ਸਰਕਾਰ ਦੀ ਬੇਨਤੀ 'ਤੇ ਪੰਨੂੰ ਵਿਰੁੱਧ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਉਣ ਲਈ ਸੀ. ਬੀ. ਆਈ. ਨੂੰ ਬੇਨਤੀ ਕੀਤੀ ਗਈ ਹੈ। ਪੰਨੂੰ ਦੇ ਨਾਲ ਹੀ ਕੁਝ ਹੋਰਨਾਂ ਵਿਅਕਤੀਆਂ ਵਿਰੁੱਧ ਮੋਹਾਲੀ ਵਿਚ ਕੇਸ ਵੀ ਦਰਜ ਹਨ। ਪੰਜਾਬ ਪੁਲਸ ਅਤੇ ਕੇਂਦਰੀ ਏਜੰਸੀਆਂ ਨੇ ਇਸ ਸਾਲ ਸਤੰਬਰ ਵਿਚ ਭਾਰਤ ਸਰਕਾਰ ਕੋਲ ਪੰਨੂੰ ਦੇ ਟਵਿੱਟਰ ਅਕਾਊਂਟ ਨੂੰ ਲੈ ਕੇ ਰੋਸ ਪ੍ਰਗਟ ਕੀਤਾ ਸੀ। ਉਸ ਪਿੱਛੋਂ ਕੇਂਦਰ ਨੇ ਉਸ ਦੇ ਟਵਿੱਟਰ ਖਾਤੇ ਬੰਦ ਕਰਵਾ ਦਿੱਤੇ ਸਨ।

### ਐਸ. ਆਈ. ਟੀ. ਸਾਹਮਣੇ ਪੇਸ਼ ਹੋਏ ਬਾਦਲ

ਇਹ ਪਹਿਲੀ ਵਾਰ ਸੀ ਜਦੋਂ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਨੂੰ ਐਸ. ਆਈ. ਟੀ. ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣਾ ਪਿਆ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਤੋਂ ਬਾਅਦ ਬਣੀ ਐਸ. ਆਈ. ਟੀ. ਨੇ ਬਾਦਲਾਂ ਸਣੇ ਬਾਲੀਵੁੱਡ ਸਟਾਰ ਅਕਸ਼ੈ ਕੁਮਾਰ ਨੂੰ ਸੰਮਨ ਕਰਕੇ ਤਲਬ ਕੀਤਾ। ਇਸ ਦੌਰਾਨ ਖਾਸ ਗੱਲ ਇਹ ਰਹੀ ਕਿ ਐਸ. ਆਈ. ਟੀ. ਨੇ ਤਿੰਨਾਂ ਨੂੰ ਵੱਖ-ਵੱਖ ਤਲਬ ਕੀਤਾ। ਫਿਲਹਾਲ ਐਸ. ਆਈ. ਟੀ. ਵਲੋਂ ਇਸ ਸਾਰੇ ਘਟਨਾਕ੍ਰਮ ਦੀ ਜਾਂਚ ਜਾਰੀ ਹੈ।

### ਨਵੇਂ ਅਕਾਲੀ ਦਲ ਟਕਸਾਲੀ ਦਾ ਗਠਨ

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਵਿਧਾਨ ਸਭਾ 'ਚ ਚਰਚਾ ਤੋਂ ਬਾਅਦ ਅਕਾਲੀ ਦਲ ਦਾ ਬਾਹਰੋਂ ਹੀ ਵਿਰੋਧ ਨਹੀਂ ਹੋਇਆ ਸਗੋਂ ਪਾਰਟੀ ਦੇ ਅੰਦਰ ਵੀ ਘਮਾਸਾਨ ਛਿੜ ਗਿਆ। ਇਸ ਮਾਮਲੇ 'ਤੇ ਅਕਾਲੀ ਦਲ ਦੀ ਪਹਿਲੀ ਵਿਕਟ ਟਕਸਾਲੀ ਲੀਡਰ ਸੁਖਦੇਵ ਸਿੰਘ ਢੀਂਡਸਾ ਦੇ ਰੂਪ ਵਿਚ ਡਿੱਗੀ। ਇਸ ਤੋਂ ਬਾਅਦ ਟਕਸਾਲੀ ਲੀਡਰ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਅਤੇ ਡਾ. ਰਤਨ ਸਿੰਘ ਅਜਨਾਲਾ ਨੇ ਵੀ ਖੁੱਲ੍ਹ ਕੇ ਵਿਰੋਧ ਕੀਤਾ। ਲਿਹਾਜ਼ਾ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਚੱਲਦੇ ਹਾਈ ਕਮਾਨ ਨੇ ਸੇਖਵਾਂ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਵਿਖਾਇਆ, ਇਸ ਦੇ ਰੋਸ 'ਚ ਬ੍ਰਹਮਪੁਰਾ ਨੇ ਖੁਦ ਹੀ ਪਾਰਟੀ 'ਚੋਂ ਅਸਤੀਫਾ ਦੇ ਦਿੱਤਾ। ਸੁਖਬੀਰ ਤੇ ਮਜੀਠੀਆ ਦੀ ਅਗਵਾਈ ਤੋਂ ਦੁਖੀ ਟਕਸਾਲੀਆਂ ਨੇ ਨਵਾਂ ਅਕਾਲੀ ਦਲ ਟਕਸਾਲੀ ਦਾ ਗਠਨ ਕੀਤਾ ਅਤੇ ਹਮਖਿਆਲੀ ਪਾਰਟੀਆਂ ਨੂੰ ਨਾਲ ਲੈ ਕੇ ਚੱਲਣ ਦੀ ਗੱਲ ਆਖੀ ਜਾ ਰਹੀ ਹੈ।

ਅਸੀਂ ਇਹ ਜਾਣਕਾਰੀ ਅਖ਼ਬਾਰਾਂ,ਟੀਵੀ, ਮੈਗਜ਼ੀਨ, ਇੰਟਰਨੈਟ ਵਗੈਰਾ ਤੋਂ ਇਕੱਤਰ ਕੀਤੀ ਹੈ। ਆਸ ਕਰਦੇ ਹਾਂ ਕਿ ਨਵਾਂ ਵਰ੍ਹਾ 2019 ਤੁਹਾਡੇ ਸਭਨਾਂ ਲਈ ਖੁਸ਼ੀਆਂ ਖੇੜੇ ਲੈਕੇ ਆਵੇ। ਸਭਨਾਂ ਨੂੰ ਨਵੇਂ ਸਾਲ ਦੀਆਂ ਢੇਰ ਸਾਰੀਆਂ ਮੁਬਾਰਕਾਂ

# ਪੀਸੀਏ ਵੱਲੋਂ ਨਵੇਂ ਸਾਲ ਮੌਕੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋਂ ਵਿਖੇ ਵਿਸ਼ੇਸ਼ ਗੁਰਮਤਿ ਦੀਵਾਨ








**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਸਮੂਹ ਮੈਂਬਰ ਜਿਹੜੇ ਕਿ ਸਮੇ ਸਮੇ ਸਿਰ ਉਸਾਰੂ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਪ੍ਰੋਗਰਾਮ ਕਰਵਾਉਣ ਕਰਕੇ ਸਦਾ ਚਰਚਾ ਵਿੱਚ ਰਹਿੰਦੇ ਹਨ, ਵੱਲੋਂ ਨਵੇਂ ਸਾਲ ਦੇ ਮੌਕੇ ਨੂੰ ਮੁਖ ਰੱਖਕੇ ਸਥਾਨਿਕ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ 28 ਦਸੰਬਰ ਤੋਂ 1 ਜਨਵਰੀ ਤੱਕ ਗੁਰਮਤਿ ਦੀਵਾਨ ਸਜਾਏ ਗਏ। ਇਹਨਾਂ ਦੀਵਾਨਾ ਵਿੱਚ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਉਚੇਚੇ ਤੌਰ ਤੇ ਹਾਜ਼ਰੀ ਭਰਨ ਲਈ ਪਹੁੰਚੇ ਹੋਏ ਸਨ ਅਤੇ ਇਹਨਾਂ ਦੀਵਾਨਾ ਦਾ ਮੁੱਖ ਉਦੇਸ਼ ਸਾਡੀ ਨਵੀਂ ਪੀੜ੍ਹੀ ਨੂੰ ਗੁਰੂ ਸਿਧਾਂਤ ਤੋਂ ਜਾਣੂ ਕਰਵਾਉਣਾ ਅਤੇ ਸੰਗਤਾ ਨੂੰ ਸਿੱਖੀ ਨਾਲ ਜੋੜਨਾ ਹੈ। ਇਹਨਾਂ ਦੀਵਾਨਾਂ ਵਿੱਚ ਸੰਗਤਾ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਸ਼ਬਦ ਗੁਰੂ ਦੀ ਵਿਚਾਰ ਭਾਈ ਸਰਬਜੀਤ ਸਿੰਘ ਧੂੰਦਾ ਕੋਲੋ ਸਰਵਣ ਕੀਤੀ। ਇਸ ਮੌਕੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਦੀਵਾਨਾ ਵਿੱਚ ਹਾਜ਼ਰੀ ਭਰਕੇ ਸੰਗਤ ਨੂੰ ਵਹਿਮਾਂ ਭਰਮਾ ਦਾ ਪੱਲ੍ਹਾ ਛੱਡਕੇ ਗੁਰੂ ਸ਼ਬਦ ਤੇ ਪਹਿਰਾ ਦੇਣ ਦੀ ਪੁਰਜ਼ੋਰ ਅਪੀਲ ਕੀਤੀ। ਨਵੇਂ ਸਾਲ ਦੀ ਆਮਦ ਨੂੰ ਮੁੱਖ ਰੱਖਕੇ 31 ਦਸੰਬਰ ਨੂੰ ਗੁਰੂ ਘਰ ਵਿੱਖੇ ਵਿਸ਼ੇਸ਼ ਦੀਵਾਨ ਸਜਾਏ ਗਏ। ਇਸ ਮੌਕੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਕਿਹਾ ਕਿ ਆਓ ਨਵੇਂ ਸਾਲ ਵਿੱਚ ਸਕੰਲਪ ਲਇਏ ਕਿ ਸਿਰਫ ਗੁਰੂ ਗ੍ਰੰਥ ਸਹਿਬ ਦੇ ਸਿਧਾਂਤ ਮੁਤਾਬਕ ਜੀਵਨ ਜਿਉਣਾ ਹੈ 'ਤੇ ਗੁਰੂ ਸਿਧਾਂਤ ਤੇ ਪਹਿਰਾ ਦੇਕੇ ਗੁਰੂ ਗ੍ਰੰਥ ਸਹਿਬ ਤੋ ਜੀਵਨ ਜਾਂਚ ਸਿੱਖੀਏ। ਉਹਨਾਂ ਕਿਹਾ ਕਿ ਉਪਰਲੇ ਸਵਰਗ ਦਾ ਤਾਂ ਪਤਾ ਨਹੀਂ ਲੇਕਿਨ ਅਗਰ ਅਸੀਂ ਧਰਤੀ ਤੋਂ ਪ੍ਰਦੂਸ਼ਣ ਖਤਮ ਕਰਕੇ ਜਲਵਾਯੂ ਨੂੰ ਬਚਾ ਲਈਏ, ਇਸ ਸਵਰਗ ਦੀ ਸਾਭ ਸੰਭਾਲ ਵੱਲ ਧਿਆਨ ਲਾਈਏ ਤਾਂ ਇਹੀ ਸਾਡੀ ਗੁਰੂ ਪ੍ਰਤੀ ਸੱਚੀ ਸਰਧਾ ਹੋਵੇਗੀ। ਉਹਨਾਂ ਸੰਗਤ ਨੂੰ ਨਵੇ ਸਾਲ ਦੀ ਵਧਾਈ ਵੀ ਦਿੱਤੀ। ਉਹਨਾਂ ਤੋਂ ਇਲਾਵਾ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਅਤੇ ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਵੀ ਸੰਗਤ ਨੂੰ ਨਵੇ ਸਾਲ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਗੁਰੂ ਘਰ ਦੇ ਕੀਰਤਨੀਏ ਡਾ. ਮਲਕੀਤ ਸਿੰਘ ਨੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਸਟੇਜ ਸੰਚਾਲਨ ਗੁਰੂ ਘਰ ਦੇ ਸੈਕਟਰੀ ਗੁਰਪ੍ਰੀਤ ਸਿੰਘ ਮਾਨ ਨੇ ਕੀਤਾ।

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਨਵੇਂ ਸਾਲ ਦੇ ਧਾਰਮਿਕ ਦਿਵਾਨ ਸਜਾਏ ਗਏ

ਬੀਤੇ ਸਾਲ ਦਾ ਸ਼ੁਕਰਾਨਾ ਕਰਨ ਲਈ ਅਤੇ ਨਵੇਂ ਸਾਲ ਦੀ ਅਰਦਾਸ ਬੇਨਤੀ ਕਰਨ ਲਈ ਸੋਮਵਾਰ, ਦਸੰਬਰ 31 ਸ਼ਾਮਾਂ ਦੇ ਧਾਰਮਿਕ ਦਿਵਾਨ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸਜਾਏ ਗਏ। ਜਿਨ੍ਹਾਂ ਦੀ ਸੇਵਾ ਸਮੂੰਹ ਸਾਧਸੰਗਤਾਂ ਵਲੋਂ ਹੋਈ। ਇਨ੍ਹਾਂ ਸਮਾਗਮਾਂ ਵਿੱਚ ਸਿੱਖ ਪੰਥ ਦੇ ਮਹਾਨ ਵਿਦਵਾਨ ਅਤੇ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕੀਤਾ।

ਦੀਵਾਨ ਸ਼ਾਮ 06:00 ਵਜੇ ਤੋਂ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਨਾਲ ਆਰੰਭ ਹੋਏ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਜੀ ,ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਦੇ ਜੱਥੇ ਵਲੋਂ ਅਤੇ ਉਪਰੰਤ ਭਾਈ ਹਰਜੀਤਪਾਲ ਸਿੰਘ ਜੀ ਦੇ ਜੱਥੇ ਵਲੋਂ ਅਤੇ ਭਾਈ ਸੁਖਜੀਵਨ ਸਿੰਘ ਜੀ ਦੇ ਜੱਥੇ ਵਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ। ਸਿੱਖ ਪੰਥ ਦੇ ਮਹਾਨ ਕਥਾਕਾਰ ਭਾਈ ਬਲਜੀਤ ਸਿੰਘ ਜੀ ਵਲੋਂ ਗੁਰਬਾਣੀ ਦੀ ਕਥਾ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਬੇਟੀ ਬੇਅੰਤ ਪ੍ਰੀਤ ਕੌਰ, ਬੇਟੀ ਗੁਰਕਿਰਣ ਕੌਰ ਅਤੇ ਬੇਟੇ ਪ੍ਰਭਜੀਤ ਸਿੰਘ ਵਲੋਂ ਵੀ ਕੀਰਤਨ ਦੀਆਂ ਸੇਵਾਵਾਂ ਕੀਤੀਆਂ ਗਈਆਂ। ਰਾਤ 12 ਵਜੇ ਸੰਗਤਾਂ ਵਲੋਂ ਜੈਕਾਰਿਆਂ ਨਾਲ ਨਵੇਂ ਸਾਲ ਦਾ ਸੁਆਗਤ ਗੁਰੂਸਹਿਬ ਦੀ ਹਜ਼ੂਰੀ ਵਿਚ ਕੀਤਾ ਗਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸਾਂ ਕੀਤੀਆਂ ਗਈਆਂ। ਗੁਰੂਘਰ ਦੇ ਸਟੇਜ ਸਕੱਤਰ ਭਾਈ ਬਲਜੀਤ ਸਿੰਘ ਵਲੋਂ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆ ਰਹੇ ਪ੍ਰਕਾਸ਼ ਪੁਰਬ ਬਾਰੇ, ਗੁਰੂਘਰ ਦੀਆਂ ਨਵੀਆਂ ਬਣਨ ਜਾ ਰਹੀਆਂ ਇਮਾਰਤਾਂ ਦੀ ਪ੍ਰਗਤੀ ਬਾਰੇ ਜਾਣਕਾਰੀ ਦਿੱਤੀ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਤੋਂ ਪਹਿਲਾਂ ਦਸੰਬਰ 30, 2018 ਐਤਵਾਰ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਸਾਕਾ ਸਰਹਿੰਦ ਨੂੰ ਸਮਰਪਿਤ ਸਮਾਗਮ ਸਜਾਏ ਗਏ।

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਅਤੇ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦਿਵਾਨ ਦਸੰਬਰ 30, 2018 ਐਤਵਾਰ ਸਵੇਰੇ 09:30 ਤੋਂ 01:30 ਤੱਕ ਸਜਾਏ ਜਾਣਗੇ। ਜਿਸ ਵਿੱਚ ਸ਼੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਵਲੋਂ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕੀਤਾ ਗਿਆ ਅਤੇ ਸ਼੍ਰੀ ਸੁਖਦੇਵ ਢਿੱਲੋਂ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਵਲੋਂ ਸਲਾਈਡ ਸ਼ੋਅ ਦੁਆਰਾ ਸੰਗਤਾਂ ਨੂੰ ਗੁਰਇਤਿਹਾਸ ਬਾਰੇ ਜਾਣੂ ਕਰਵਾਇਆ ਗਿਆ। ਇਨ੍ਹਾਂ ਸਮਾਗਮਾਂ ਦੀ ਸੇਵਾ ਇੱਕ ਗੁਰਮੁੱਖ ਪਰਿਵਾਰ ਅਤੇ ਸਮੂੰਹ ਗੁਰੂਘਰ ਸਾਧਸੰਗਤਿ ਵਲੋਂ ਹੋਈ। ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੀ ਪ੍ਰਬੰਧਕ ਕਮੇਟੀ ਵਲੋਂ ਸਭ ਸੰਗਤ ਦਾ ਹਾਰਦਿਕ ਧੰਨਵਾਦ ਜੀ।












## SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**

### ਸ਼੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵੇਂ ਸਾਲ ਦੇ ਪ੍ਰੋਗਰਾਮ

January 13, 2019 Sri GuruGobind Singh Ji's GurpurabGuru Gobind Singh Ji's parkashutsav will be celebrated in Gurughar on nextSunday. Guru Gobind Singh ji was the tenth and last Guru of the Sikh faith.He was son of Guru Tegh Bahadur, the Ninth Sikh Guru. Guru Gobind Singh Jisacrificed his entire family but never gave up his faith. Sri Sukhmani Sahib Path and Langar Sewa will be hosted by Bibi CharanjitKaur, Bhai Baldev Singh and family. May Waheguru keep this family inChardiKala.

January 13, 2019 LOHRI Celebration

Lohri will be celebrated at Sri Guru Ravidass Temple, Pittsburg, CA onJanuary 13, 2019 at 6:00 PM. Bonfire, Sarson da Saag and Makki Di Roti , Peanuts and Rewari are the mainattraction in India. Please come with your families and friends. This isthe 6th year we are celebrating Lohri in Gurughar. Parents of newbornchildren are specially requested to come and celebrate first Lohri of theirnew born children in the Gurughar.

January 25-27, 2019 Barsi Late Commissioner Lahori Ram Ji

Ram family will be hosting Shri Akhand path Sahib and langar Sewa in thesweet memory of Late Commissioner Lahori Ram. He was a man of inspiring andvibrant personality with qualities of vision, determination, hard-work anddynamic leadership. He was a community leader & one of the founding membersof Gurughar. He served numerous times on the Gurughar committees. ShriAkhand Path will begin on January 25, 2019 and conclude on Sunday January27, 2019. Family is requesting everyone to come and join them in theArdas. May Waheguru keep Ram family in ChardiKala.

February 22-24, 2019 Gurupurb Sri Guru Ravidass Ji

Sri Guru Ravidass Sabha CA, Pittsburg is celebrating the 642nd ParkashUtasav of SATGURU RAVIDASS JI on Sunday, February 24, 201 9at the temple asper program noted below:

ARAMBH SHRI AKHAND PATH February 22 2019 (FRIDAY)9:30 AM
BHOG SHRI AKHAND PATH February 24, 2019(SUNDAY) 9:30 AM
KIRTAN DIWANAfter BhogCeremony until 2:00 PM


Nishan Sahib will be hoisted on Saturday February 23, 2019, at 11:00 AM.
Ramesh Suman and Bibi Gyan Suman will do this Sewa.

Sangat will perform Langer, Path and Parshad Sewa for this program.
Prominent KirtaniJathas, distinguished Speakers and community leaders well
Versed with life and teachings of Satguru will enhance this Kirtan Diwan.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

# ਮਾਤਾ ਮੁਖ਼ਤਿਆਰ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ ਪੁਸਤਕ “ਦਿਲਾਂ 'ਚ ਧੜਕਦੀ ਐਂ ਤੂੰ” ਫਰਿਜ਼ਨੋ ਵਿਖੇ ਲੋਕ ਅਰਪਣ








**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ):** ਪੰਜਾਬੀ ਸਾਹਿੱਤ ਸਭਾ ਕੈਲੇਫੋਰਨੀਆਂ ਵੱਲੋਂ ਉੱਘੇ ਪੱਤਰਕਾਰ ਨੀਟਾ ਮਾਛੀਕੇ ਅਤੇ ਡਾਕਟਰ ਸਿਮਰਜੀਤ ਧਾਲੀਵਾਲ ਦੇ ਸਤਿਕਾਰਯੋਗ ਮਾਤਾ ਸਵ. ਮੁਖ਼ਤਿਆਰ ਕੌਰ ਦੀ ਮਿੱਠੀ ਯਾਦ ਨੂੰ ਸਮਰਪਿਤ ਪੁਸਤਕ “ਦਿਲਾਂ 'ਚ ਧੜਕਦੀ ਐਂ ਤੂੰ” ਫਰਿਜ਼ਨੋ ਵਿਖੇ ਲੋਕ ਅਰਪਣ ਕੀਤੀ ਗਈ। ਜਿਸ ਨੂੰ ਸਹਿਬਦੀਪ ਪ੍ਰਕਾਸ਼ਨ ਭੀਖੀ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਮਾਤਾ ਜੀ ਇਕ ਸੂਝਵਾਨ, ਲੋਕ-ਭਲਾਈ ਅਤੇ ਸਮਾਜਿਕ ਸੇਵਾ ਕਰਨ ਵਾਲੀ ਮਹਾਨ ਸ਼ਖ਼ਸੀਅਤ ਦੇ ਮਾਲਕ ਸਨ। ਜਿੰਨ੍ਹਾਂ ਬਹੁਤ ਸਮਾਂ ਬਤੌਰ ਸਫਲ ਅਧਿਆਪਕ ਸਕੂਲੀ ਵਿਦਿਆ ਦੇਣ ਤੋਂ fAਲਾਵਾ, ਸਮਾਜਿਕ ਬੁਰਾਈਆਂ ਦੇ ਦੂਰ ਕਰਨ ਅਤੇ ਸਾਹਿੱਤਕਤਾ ਨੂੰ ਪ੍ਰਫੁੱਲਤ ਕਰਨ ਦੀ ਸੇਵਾ ਨਿਭਾਈ। ਇਹ ਪੁਸਤਕ ਸਮੁੱਚੇ ਤੌਰ 'ਤੇ ਮਾਤਾ ਜੀ ਦੀਆ ਸਮਾਜ ਪ੍ਰਤੀ ਵਿਦਿਅਕ ਅਤੇ ਸਮਾਜਕ ਸੇਵਾਵਾ ਦਾ fAਕ ਗੁਲਦਸਤਾ ਹੈ।

ਗੁਰਿੰਦਰਜੀਤ ਨੀਟਾ ਮਾਛੀਕੇ ਨੇ fAਸ ਦੀ ਸੰਪਾਦਨਾ ਕੀਤੀ ਹੈ। ਇਸ ਪੁਸਤਕ ਵਿੱਚ ਜਿੱਥੇ ਨੀਟਾ ਮਾਛੀਕੇ ਨੇ ਆਪਣੀ ਮਾਤਾ ਜੀ ਦੀ ਜੀਵਨੀ ਆਪਣੇ ਲੇਖ ਰਾਹੀਂ ਬਿਆਨ ਕੀਤੀ ਹੈ, ਉਥੇ ਹੀ ਬਹੁਤ ਸਾਰੇ ਹੋਰ ਲੇਖਕਾਂ ਨੇ ਵੀ ਮਾਤਾ ਜੀ ਦੇ ਜੀਵਨ ਸਬੰਧੀ ਆਪਣੇ ਸ਼ਬਦਾਂ ਰਾਹੀ ਮਾਤਾ ਜੀ ਨੂੰ ਸਰਧਾਜਲੀ ਦਿੰਦੇ ਹੋਏ ਆਪਣੇਂ ਪਆਰ ਦੀ ਸਾਂਝ ਪਾਈ ਹੈ। ਜਿੰਨ੍ਹਾਂ ਵਿੱਚ ਮਾਤਾ ਜੀ ਦੇ ਵੱਡੇ ਬੇਟੇ ਡਾ. ਸਿਮਰਜੀਤ ਦਾ ਵੀ ਬਾ-ਕਮਾਲ ਲੇਖ ਹੈ ਅਤੇ ਮਾਸਟਰ ਦਲਵਾਰਾ ਸਿੰਘ ਧਾਲੀਵਾਲ ਨੇ ਆਪਣੀ ਪਤਨੀ ਸਵ. ਮੁਖਤਿਆਰ ਕੌਰ ਲਈ ‘ਜਿੰਦਗੀ ਚਲੀ ਗਈ’ ਨਾਮੀ ਭਾਵਪੂਰਕ ਲੇਖ ਲਿਖਿਆ ਹੈ। ਇਸ ਪੁਸਤਕ ਵਿੱਚ ਉੱਘੇ ਲੇਖਕ ਸ. ਤਰਲੋਚਨ ਸਿੰਘ ਦੁਪਾਲਪੁਰ, ਮਨਦੀਪ ਖੁਰਮੀਂ ਹਿੰਮਤਪੁਰਾ, ਸ਼ਿਵਚਰਨ ਜੱਗੀ ਕੁੱਸਾ, ਮੰਗਲ ਹਠੂਰ, ਦਲਬੀਰ ਦਿਲ ਨਿੱਝਰ, ਜਗਤਾਰ ਗਿੱਲ, ਮੇਜ਼ਰ ਕੁਲਾਰ, ਗੁਰਜੀਤ ਸਿੰਘ, ਅਮਰਜੀਤ ਢਿੱਲੋਂ, ਜਸਵੰਤ ਸ਼ਾਦ, ਗੁਰਬਖਸ਼ੀਸ਼ ਸਿੰਘ ਗਰੇਵਾਲ, ਕੁਲਵੰਤ ਉੱਭੀ ਧਾਲੀਆਂ, ਹਰਕ੍ਰਿਸ਼ਨ ਖਟਕੜ ਅਤੇ ਕਰਨ ਭੀਖੀ ਆਦਿ ਦੇ ਲੇਖ ਸ਼ਾਮਲ ਹਨ। fAਸ ਪੁਸਤਕ ਨੂੰ ਨੀਟਾ ਮਾਛੀਕੇ ਦੇ ਗ੍ਰਹਿ ਵਿੱਖੇ fAਲਾਕੇ ਦੀਆ ਸਾਹਿੱਤਕ ਅਤੇ ਸਮਾਜਿਕ ਜੱਥੇਬੰਦੀਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ। ਜਿੰਨ੍ਹਾ ਂਵਿੱਚ ਪ੍ਰਮੁੱਖ ਤੌਰ 'ਤੇ ਪੰਜਾਬੀ ਸਾਹਿੱਤ ਸਭਾ ਕੈਲੀਫੋਰਨੀਆਂ, ਵਿਸ਼ਵ ਪੰਜਾਬੀ ਸਾਹਿੱਤ ਅਕਾਡਮੀਂ, ਪੀਸੀਏ, ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਅਤੇ ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਦੇ ਬਹੁਤ ਸਾਰੇ ਸੁਹਿਰਦ ਸੱਜਣ ਸ਼ਾਮਲ ਹੋਏ।

ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਉੱਘੇ ਪੱਤਰਕਾਰ ਮਨਦੀਪ ਖੁਰਮੀਂ ਹਿੰਮਤਪੁਰਾ ਉਚੇਚੇ ਤੌਰ ਤੇ ਇੰਗਲੈਂਡ ਤੋਂ ਪਹੁੰਚੇ ਹੋਏ ਸਨ। ਪੰਜਾਬੀ ਸਾਹਿੱਤ ਸਭਾ ਕੈਲੀਫੋਰਨੀਆਂ ਵੱਲੋਂ ਉਹਨਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਬਖੂਬੀ ਕੀਤਾ। fAਸ ਪੁਸਤਕ 'ਤੇ ਪਰਚਾ ਲੇਖਕ ਸੰਤੋਖ ਮਨਿਹਾਸ ਨੇ ਪੜਿਆ। ਲੇਖਕ ਅਸ਼ੋਕ ਭੌਰਾ ਨੇ ਵੀ ਆਪਣੇ ਸ਼ਬਦਾਂ ਰਾਹੀਂ ਮਾਤਾ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਦੇ ਕੀਤੀ। ਹੋਰ ਬੋਲਣ ਵਾਲੇ ਬੁਲਾਰਿਆਂ ਜਿਨ੍ਹਾਂ ਨੇ ਕਵਿਤਾਵਾਂ ਅਤੇ ਗੀਤਾਂ ਜਾਂ ਆਪਣੇਂ ਬੋਲਾਂ ਰਾਹੀਂ ਮਾਤਾ ਜੀ ਨੂੰ ਸ਼ਰਧਾਂਜਲੀ ਦਿੱਤੀ ਉਹਨਾਂ ਵਿੱਚ ਵਿੱਚ ਬੱਲੂ ਸਿੰਘ, ਬੱਬੂ ਗੁਰਪਾਲ, ਜਗਦੇਵ ਧੰਜਲ, ਧਰਮਵੀਰ ਥਾਂਦੀ, ਗੋਗੀ ਸੰਧੂ, ਇੰਦਰਜੀਤ ਥਰੀਕੇ, ਗੁਰਦੀਪ ਸਿੰਘ ਅਣਖੀ, ਕੁਲਵੰਤ ਉੱਭੀ ਧਾਲੀਆਂ, ਦਿੱਲ ਨਿੱਝਰ, ਮੇਜਰ ਕੁਲਾਰ, ਗੁਰਬਖਸ਼ੀਸ਼ ਗਰੇਵਾਲ, ਜਗਤਾਰ ਗਿੱਲ, ਅਕਾਸ਼ਦੀਪ, ਮਨਦੀਪ ਖੁਰਮੀਂ ਹਿੰਮਤਪੁਰਾ, ਅਵਤਾਰ ਗੋਦਾਰਾ, ਮਾਸਟਰ ਦਲਬਾਰਾ ਸਿੰਘ ਧਾਲੀਵਾਲ, ਕੁਲਵੰਤ ਸੇਖੋਂ, ਬਲਬੀਰਂ ਸੰਘ ਐਮ ਏ ਅਤੇ ਡਾ. ਸਿਮਰਜੀਤ ਸਿੰਘ ਧਾਲੀਵਾਲ ਆਦਿ ਦੇ ਨਾਮ ਸਾਮਲ ਹਨ। ਅੰਤ ਵਿੱਚ ਸਮੂੰਹ ਧਾਲੀਵਾਲ ਪਰਿਵਾਰ, ਰਿਸ਼ਤੇਦਾਰਾਂ ਅਤੇ ਪਤਵੰਤੇ ਸੱਜਣਾਂ ਨੇ ਮਾਤਾ ਜੀ ਨੂੰ ਯਾਦ ਕਰਦੇ ਹੋਏ ਇਹ ਪੁਸਤਕ ਲੋਕ ਅਰਪਣ ਕੀਤੀ।

fAਥੇ fAਹ ਗੱਲ ਵਰਨਣਯੋਗ ਹੈ ਕਿ fAਹ ਪੁਸਤਕ ਜਿੱਥੇ ਮਾਤਾ ਮੁਖਤਿਆਰ ਕੌਰ ਦੀਆ ਪਰਿਵਾਰ ਅਤੇ ਸਮਾਜ ਪ੍ਰਤੀ ਸੇਵਾਵਾ ਦਾ ਜਿਕਰ ਕਰਦੀ ਹੈ, ਉੱਥੇ fAਕ ਚੰਗੇ ਸਿਹਤਮੰਦ ਸਮਾਜ ਦੀ ਸਿਰਜਣਾ ਕਰਦੀ ਹੋਈ ਸਾਨੂੰ ਆਪਣੀਆਂ ਜਿੰਮੇਵਾਰੀਆਂ ਪ੍ਰਤੀ ਵੀ ਜਾਗਰੂਕ ਕਰਦੀ ਹੈ।

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hayward, CA 94544



Prop: Jasbir Singh Takhar
510-755-2132
Harmandeep Singh

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਪੰਜਾਬ ਪੰਚਾਇਤੀ ਚੋਣਾਂ : ਕਿੰਨੀਆਂ 'ਸਰਬ ਸੰਮਤੀਆਂ' ਤੇ ਕਿੰਨੀਆਂ 'ਧੱਕਾ ਸੰਮਤੀਆਂ'

ਪੰਜਾਬ ਵਿਚ 1,860 ਸਰਪੰਚ ਤੇ 22,203 ਪੰਚ ਬਿਨਾਂ ਮੁਕਾਬਲਾ ਜਿੱਤੇ ਹਨ। ਪੰਚਾਇਤੀ ਚੋਣਾਂ ਵਿਚ ਕੁੱਲ 13276 ਪੰਚਾਇਤਾਂ ਹਨ ਪਰ 18,762 ਉਮੀਦਵਾਰਾਂ ਦੇ ਸਰਪੰਚੀ ਦੇ ਅਤੇ 83,831 ਪੰਚਾਂ ਦੀਆਂ ਸੀਟਾਂ ਲਈ ਲੜਨ ਦੇ ਇੱਛੁਕ 80,270 ਉਮੀਦਵਾਰਾਂ ਦੇ ਕਾਗਜ਼ ਰੱਦ ਹੋ ਗਏ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਸ ਬਾਬਤ 100 ਦੇ ਕਰੀਬ ਪਟੀਸ਼ਨਾਂ ਦਾਇਰ ਹੋਈਆਂ।

ਸਰਬ ਸੰਮਤੀਆਂ ਜਿੱਥੇ ਸਮਾਜ ਵਿਚ ਕੁਝ ਚੰਗੇ ਬੰਦਿਆਂ ਨੂੰ ਲੋਕ ਸੇਵਾ ਲਈ ਅੱਗੇ ਆਉਣ ਦਾ ਮੌਕਾ ਦਿੰਦੀਆਂ ਹਨ, ਉੱਥੇ ਲੋਕਤੰਤਰ ਦੀ ਸਭ ਤੋਂ ਛੋਟੀ ਇਕਾਈ ਪੰਚਾਇਤ ਦੇ ਪੱਧਰ ਉੱਤੇ ਲੋਕਤੰਤਰ ਦੀਆਂ ਜੜ੍ਹਾਂ ਕੱਟਣ ਵਾਂਗ ਹੈ।

ਗੁਰਦਾਸਪੁਰ ਤੋਂ ਗੁਰਪ੍ਰੀਤ ਸਿੰਘ ਚਾਵਲਾ ਦੀ ਰਿਪੋਰਟ ਮੁਤਾਬਕ ਗੁਰਦਾਸਪੁਰ ਜ਼ਿਲ੍ਹੇ ਦਾ ਪਿੰਡ ਮੋਕਲ ਚਰਚਾ 'ਚ ਹੈ।

ਸਾਰੇ ਪਿੰਡ ਵਾਲੇ ਇੱਕ ਦਿਨ ਗੁਰਦੁਆਰੇ ਵਿਚ ਜੁੜ ਬੈਠੇ। ਗੁਰਦੁਆਰੇ ਦੇ ਗ੍ਰੰਥੀ ਦਵਿੰਦਰ ਸਿੰਘ ਦੇ ਸੱਦੇ ਉੱਤੇ ਪੰਚਾਇਤੀ ਚੋਣਾਂ ਲੜਨ ਦੇ ਇੱਛੁਕ ਤੇ ਉਨ੍ਹਾਂ ਦੇ ਸਮਰਥਕ ਹੁੰਮ-ਹੁਮਾ ਕੇ ਪਹੁੰਚੇ ਹੋਏ ਸਨ।

ਦਵਿੰਦਰ ਸਿੰਘ ਨੇ ਦੱਸਿਆ, ''ਮੈਂ ਪਿੰਡ ਵਾਲਿਆਂ ਨਾਲ ਪੰਚਾਇਤੀ ਚੋਣਾਂ ਦੌਰਾਨ ਧੜੇਬੰਦੀ ਹੋਣ ਅਤੇ ਨਸ਼ੇ ਵੰਡੇ ਜਾਣ ਦਾ ਖ਼ਦਸ਼ਾ ਪ੍ਰਗਟਾਇਆ ਤੇ ਸਾਰਿਆਂ ਨੂੰ ਸਰਬਸੰਮਤੀ ਦਾ ਸੱਦਾ ਦਿੱਤਾ।''

ਪਿੰਡ ਵਿਚ ਸਰਪੰਚੀ ਦੀ ਸੀਟ ਐਸਸੀ ਉਮੀਦਵਾਰ ਲਈ ਰਿਜ਼ਰਵ ਹੈ, ਇਸ ਲਈ ਚਾਰ ਉਮੀਦਵਾਰ ਮੈਦਾਨ ਵਿੱਚ ਸਨ। ਦਵਿੰਦਰ ਸਿੰਘ ਨੂੰ ਲੱਗਿਆ ਕਿ ਸਰਪੰਚ ਤਾਂ ਇੱਕ ਹੀ ਭਾਈਚਾਰੇ ਵਿੱਚੋਂ ਬਣਨਾ ਤੇ ਉਸਦੇ ਇਸ ਭਾਈਚਾਰੇ ਵਿੱਚ ਵੰਡੀਆਂ ਨਾ ਪੈਣ।

### ਕੈਪਸੂਲ 'ਚੋਂ ਨਿਕਲਿਆ ਸਰਪੰਚ



ਦਵਿੰਦਰ ਸਿੰਘ ਮੁਤਾਬਕ ਗੱਲਬਾਤ ਤੋਂ ਬਾਅਦ ਸਹਿਮਤੀ ਬਣਨ ਉੱਤੇ ਲਾਟਰੀ ਦਾ ਤਰੀਕਾ ਆਪਨਾਉਣ ਉੱਤੇ ਸਹਿਮਤੀ ਬਣੀ। ਪਰ ਕਿਸੇ ਪਰਚੀ ਦੀ ਪਛਾਣ ਨਾ ਹੋਵੇ ਇਸ ਲਈ ਖਾਲੀ ਕੈਪਸੂਲਾਂ ਵਿੱਚ ਪਿੰਡ ਦੇ ਸਰਪੰਚੀ ਲਈ 8 ਸੰਭਾਵੀ ਨਾਵਾਂ ਦੀਆਂ ਪਰਚੀਆਂ ਬਣਾ ਕੇ ਅਤੇ 5 ਖਾਲੀ ਕੈਪਸੂਲ ਖੋਲ ਮਿਲਾਏ ਗਏ'। ਦਵਿੰਦਰ ਸਿੰਘ ਕਹਿੰਦੇ ਹਨ, ''13 ਅੰਕ ਸਿੱਖ ਧਰਮ ਵਿੱਚ ਗੁਰੂ ਨਾਨਕ ਦੇਵ ਨਾਲ ਜੁੜਿਆ ਹੋਣ ਕਾਰਨ ਸ਼ੁਭ ਮੰਨਿਆ ਜਾਂਦਾ ਹੈ। ਇਸੇ ਲਈ 8 ਪਰਚੀਆਂ ਵਾਲੇ ਖੋਲਾਂ ਨਾਲ 5 ਖਾਲੀ ਕੈਪਸੂਲ ਖੋਲ ਮਿਲਾ ਲਏ ਗਏ।''

ਚਾਰ ਸਾਲ ਦੇ ਬੱਚੇ ਤੋਂ ਪਰਚੀ ਚੁਕਵਾਈ ਗਈ ਤਾਂ ਸੰਗਤ ਸਿੰਘ ਦੇ ਨਾਂ ਨਿਕਲ ਆਈ ਤੇ ਉਹ ਸਰਪੰਚ ਚੁਣ ਲਿਆ ਗਿਆ।

ਸਾਰੇ ਪਿੰਡ ਨੇ ਸਹਿਮਤੀ ਦਿੰਦਿਆਂ ਸੰਗਤ ਸਿੰਘ ਦੇ ਹਾਰ ਪਾ ਕੇ ਜੇਤੂ ਜਲੂਸ ਕੱਢਿਆ, ਪਰ ਬਾਅਦ ਵਿਚ ਕੁਝ ਲੋਕਾਂ ਨੇ ਸੋਚਿਆ ਕਿ ਸੰਗਤ ਸਿੰਘ ਉਮਰ-ਦਰਾਜ ਹੈ, ਇਸ ਲਈ ਉਸਦੇ ਪੁੱਤਰ ਗੁਰਪ੍ਰੀਤ ਸਿੰਘ ਨੂੰ ਸਰਪੰਚ ਦਾ ਕੰਮਕਾਜ ਦੇਖਣ ਦਿੱਤਾ ਜਾਵੇ। ਹੁਣ ਮੋਕਲ ਪਿੰਡ ਦਾ ਸਰਪੰਚ ਗੁਰਪ੍ਰੀਤ ਸਿੰਘ ਹੈ।

### ਸਹਿਮਤੀ ਨਾ ਬਣੀ ਤਾਂ ਬਾਬਾ ਜੀ ਸਰਪੰਚ

ਮਾਝੇ ਦੇ ਮੋਕਲ ਪਿੰਡ ਵਿਚ ਸਰਪੰਚ ਵੋਟਾਂ ਦੀ ਬਜਾਇ ਪਰਚੀ ਰਾਹੀਂ ਕੱਢ ਕੇ ਬਣਾਏ ਜਾਣ ਵਾਂਗ ਕਪੂਰਥਲਾ



ਜ਼ਿਲ੍ਹੇ ਦੇ ਪਿੰਡ ਬਲੇਰਖਾਨਪੁਰ ਵਿੱਚ ਬਣੀ ਸਰਬਸੰਮਤੀ ਚਰਚਾ ਵਿਚ ਹੈ। ਇੱਥੇ ਚਾਰ ਲੋਕ ਸਰਪੰਚੀ ਲਈ ਚੋਣ ਲੜਨਾ ਚਾਹੁੰਦੇ ਸਨ।

ਪਿੰਡ ਦੇ ਜਸਬੀਰ ਸਿੰਘ ਨੇ ਦੱਸਿਆ ਕਿ ਸਰਬਸੰਮਤੀ ਲਈ ਕੋਸ਼ਿਸ਼ ਸ਼ੁਰੂ ਹੋਈ ਪਰ ਚਾਰੇ ਬੰਦੇ ਆਪੋ-ਆਪਣੇ ਸਟੈਂਡ ਉੱਤੇ ਅੜ ਗਏ ਸਨ।

ਪਿੰਡ ਦੇ ਲੋਕਾਂ ਨੇ ਇਸ ਧੜੇਬੰਦੀ ਨੂੰ ਖਤਮ ਕਰਨ ਲਈ ਗੁਰਦੁਆਰਾ ਟਾਹਲੀ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਦਇਆ ਸਿੰਘ ਨੂੰ ਸਰਪੰਚ ਬਣਾ ਦਿੱਤਾ।

ਜਸਬੀਰ ਸਿੰਘ ਦਾ ਕਹਿਣਾ ਸੀ ਕਿ ਸੰਤ ਦਇਆ ਸਿੰਘ ਨੇ ਤਾਂ ਕਦੇ ਚੋਣ ਲੜਨੀ ਨਹੀਂ ਸੀ ਪਰ ਪਿੰਡ ਵਾਲਿਆਂ ਨੇ ਧੜੇਬੰਦੀ ਨੂੰ ਖ਼ਤਮ ਕਰਨ ਲਈ 'ਬਾਬਾ ਜੀ' ਨੂੰ ਹੀ ਸਰਪੰਚ ਬਣਾ ਦਿੱਤਾ।

### ਪੀਐਚਡੀ ਨੌਜਵਾਨ ਸਰਪੰਚ

ਜਲੰਧਰ ਦੇ ਪਿੰਡ ਸੀਚੇਵਾਲ ਵਿੱਚ ਚੌਥੀ ਵਾਰ ਸਰਬਸੰਮਤੀ ਹੋਈ ਹੈ। ਇਹ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ



ਸੀਚੇਵਾਲ ਦਾ ਪਿੰਡ ਹੈ, ਜੋ ਇਲਾਕੇ ਵਿਚ ਸਰਬਸੰਮਤੀ ਨਾਲ ਪੰਚਾਇਤਾਂ ਬਣਾਉਣ ਦੀ ਮੁਹਿੰਮ ਚਲਾ ਰਹੇ ਸਨ।

ਸੀਚੇਵਾਲ ਵਿੱਚ ਪੰਜਵੀ ਵਾਰ ਸਰਬਸੰਮਤੀ ਹੋਈ ਹੈ। ਇਸ ਵਾਰ ਇਸ ਪਿੰਡ ਨੇ ਪੀਐਚਡੀ ਕਰ ਰਹੇ 27 ਸਾਲਾ ਨੌਜਵਾਨ ਤੇਜਿੰਦਰ ਸਿੰਘ ਦੇ ਹੱਥ ਸਰਪੰਚੀ ਰਾਹੀਂ ਪਿੰਡ ਦੀ ਵਾਗਡੋਰ ਫੜਾਈ ਹੈ।

ਉਹ ਗੱਤਕੇ ਦਾ ਖਿਡਾਰੀ ਹੈ ਤੇ 9 ਗੋਲਡ ਮੈਡਲ ਜਿੱਤ ਚੁੱਕਾ ਹੈ। ਉਸ ਦਾ ਕਹਿਣਾ ਸੀ ਕਿ ਜੇ ਚੋਣਾਂ ਹੁੰਦੀਆਂ ਤਾਂ ਸ਼ਾਇਦ ਉਹ ਸਰਪੰਚ ਦੀ ਚੋਣ ਵੋਟਾਂ ਰਾਹੀਂ ਲੜਨ ਬਾਰੇ ਸੋਚਦਾ ਵੀ ਨਾ ਪਰ ਸਰਬਸਮੰਤੀ ਦੇ ਮਾਹੌਲ ਕਾਰਨ ਉਸ ਨੇ ਵੀ ਪਿੰਡ ਦੀ ਅਗਵਾਈ ਕਰਨ ਦਾ ਮਨ ਬਣਾਇਆ ਸੀ।

### ਐਨ ਆਰ ਆਈ ਬਣਿਆ ਸਰਪੰਚ

ਬਰਨਾਲਾ ਤੋਂ ਸੁਖਚਰਨ ਪ੍ਰੀਤ ਦੀ ਰਿਪੋਰਟ ਮੁਤਾਬਕ ਜ਼ਿਲੇ ਦੇ ਪਿੰਡ ਟੱਲੇਵਾਲ ਦੇ ਲੋਕਾਂ ਨੇ ਵੱਖਰੀ ਪਹਿਲ ਕਰਦਿਆਂ ਇੱਕ ਐਨਆਰਆਈ ਨੂੰ ਪਿੰਡ ਦਾ ਸਰਬਸੰਮਤੀ ਨਾਲ ਸਰਪੰਚ ਚੁਣਿਆ ਹੈ।

ਪਿੰਡ ਵਾਸੀਆਂ ਵੱਲੋਂ ਕੁੱਲ 9 ਪੰਚਾਇਤ ਮੈਂਬਰਾਂ ਵਿੱਚੋਂ 6 ਮੈਂਬਰ ਪੰਚਾਇਤ ਵੀ ਸਰਬਸੰਮਤੀ ਨਾਲ ਚੁਣੇ ਗਏ ਹਨ। ਸਰਬਸੰਮਤੀ ਨਾਲ ਚੁਣੇ ਗਏ ਸਰਪੰਚ ਹਰਸ਼ਰਨ ਸਿੰਘ



ਸ਼ਰਨ ਮੁਤਾਬਿਕ, "ਮੈਂ ਪਿਛਲੇ ਵੀਹ ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਹਾਂ। ਮੈਂ ਜਦੋਂ ਵੀ ਪਿੰਡ ਆਉਂਦਾ ਸੀ ਤਾਂ ਪਿੰਡ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਂਦਾ।''

ਕੈਨੇਡਾ ਰਹਿ ਕੇ ਸਰਪੰਚੀ ਨਾਲ ਤਾਲਮੇਲ ਬਿਠਾਉਣ ਦੇ ਮਾਮਲੇ ਉੱਤੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ, "ਮੇਰੇ ਪਿਤਾ ਜੀ ਵੀ ਪਹਿਲਾਂ ਸਾਡੇ ਪਿੰਡ ਦੇ ਸਰਪੰਚ ਰਹਿ ਚੁੱਕੇ ਹਨ। ਹੁਣ ਜਦੋਂ ਪਿੰਡ ਵਾਲਿਆਂ ਨੇ ਮੈਨੂੰ ਜ਼ਿੰਮੇਵਾਰੀ ਦਿੱਤੀ ਹੈ ਤਾਂ ਮੈਂ ਅਤੇ ਮੇਰਾ ਪਰਿਵਾਰ ਪਿੰਡ ਰਹਿ ਕੇ ਹੀ ਪਿੰਡ ਦੀ ਭਲਾਈ ਲਈ ਕੰਮ ਕਰਾਂਗੇ। ਜੇਕਰ ਲੋੜ ਪਈ ਤਾਂ ਇੱਕ ਦੋ ਮਹੀਨੇ ਲਈ ਹੀ ਕੈਨੇਡਾ ਜਾਵਾਂਗਾ।"

ਪਿੰਡ ਵਾਸੀ ਬੂਟਾ ਸਿੰਘ ਨੂੰ ਜਦੋਂ ਇਸ ਸਰਬਸੰਮਤੀ ਦਾ ਕਾਰਨ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ, "ਇਹ ਫੈਸਲਾ ਪਿੰਡ ਨੇ ਇਸ ਲਈ ਲਿਆ ਹੈ ਕਿ ਜੇਕਰ ਐਨਆਰਆਈ ਵਿਦੇਸ਼ਾਂ ਵਿੱਚ ਬੈਠੇ ਵੱਡੀਆਂ-ਵੱਡੀਆਂ ਪਾਰਟੀਆਂ ਨੂੰ ਫੰਡਾਂ ਨਾਲ ਚਲਾ ਸਕਦੇ ਹਨ ਤਾਂ ਆਪਣੇ ਪਿੰਡ ਦੇ ਵਿਕਾਸ ਲਈ ਵੀ ਯੋਗਦਾਨ ਪਾ ਸਕਦੇ ਹਨ।"

### ਇੱਕ ਪਿੰਡ, 3 ਸਰਪੰਚਾਂ ਦਾ ਫਾਰਮੂਲਾ



ਫਿਰੋਜ਼ਪੁਰ ਤੋਂ ਗੁਰਦਰਸ਼ਨ ਸਿੰਘ ਆਰਿਫ਼ ਕੇ ਦੀ ਰਿਪੋਰਟ ਮੁਤਾਬਕ ਗੁਰੂ ਹਰਸਹਾਏ ਹਲਕੇ ਦਾ ਪਿੰਡ ਮੋਰਾਂਵਾਲੀ ਅਜਿਹਾ ਪਿੰਡ ਹੈ, ਜਿਥੇ ਸਾਰੇ ਪਿੰਡ ਨੇ ਏਕਾ ਕਰਕੇ ਪੰਜ ਸਾਲ ਲਈ ਤਿੰਨ ਸਰਪੰਚਾਂ ਦੀ ਚੋਣ ਪਿੰਡ ਵਿੱਚ ਬੈਠ ਕੇ ਕੀਤੀ ਸੀ ਤੇ ਇਸੇ ਹਿਸਾਬ ਨਾਲ ਹੀ ਨਾਮਜ਼ਦਗੀ ਫਾਰਮ ਭਰੇ ਸਨ ਪਰ ਕਿਸੇ ਕਾਰਨ ਕੁਝ ਫਾਰਮ ਰੱਦ ਹੋ ਗਏ ਤੇ ਬਾਕੀ ਸਾਰੇ ਹੀ ਮੈਂਬਰਾਂ ਨੇ ਵੀ ਆਪਣੇ ਨਾਮਜ਼ਦਗੀ ਕਾਗਜ਼ ਵਾਪਸ ਲੈ ਲਏ ਤਾਂ ਕਿ ਉਨ੍ਹਾਂ ਦੇ ਪਿੰਡ ਦੀ ਸਰਬਸੰਮਤੀ ਬਣੀ ਰਹੇ।

ਪਿੰਡ ਦੇ ਬਲਕਾਰ ਚੰਦ ਨੇ ਦੱਸਿਆ ਕਿ ਮੋਰਾਂਵਾਲੀ 'ਚ ਪਿੰਡ ਦੀ ਸਰਪੰਚੀ ਦੀ ਸੀਟ ਔਰਤ ਦੀ ਰਾਖਵੀਂ ਸੀ ਪਰ ਅਸੀਂ ਤਿੰਨ ਪਰਿਵਾਰਾਂ ਦੀਆਂ ਔਰਤਾਂ ਨੂੰ ਸਰਬਸੰਮਤੀ ਨਾਲ ਪੰਜ ਸਾਲ ਸਰਪੰਚੀ ਲਈ ਚੁਣਿਆ ਸੀ।

'ਜਿਨ੍ਹਾਂ 'ਚੋਂ ਪਹਿਲਾਂ ਸਰਪੰਚੀ ਕਰਨ ਵਾਲੇ ਨੂੰ 2 ਸਾਲ, ਦੂਜੇ ਨੂੰ ਵੀ 2 ਸਾਲ ਅਤੇ ਤੀਜੇ ਨੰਬਰ ਵਾਲੇ ਨੂੰ 1 ਸਾਲ ਸਰਪੰਚੀ ਦਿੱਤੀ ਸੀ। ਜਿਸ ਨਾਲ ਸਾਰਾ ਪਿੰਡ ਖੁਸ਼ ਸੀ ਪਰ ਕਾਗਜ਼ ਦਾਖ਼ਲ ਕਰਨ ਵੇਲੇ ਕਿਸੇ ਵੱਲੋਂ ਕੀਤੀ ਸ਼ਰਾਰਤ ਕਰਕੇ ਪਹਿਲੇ ਸਾਲ ਵਾਲੀ ਬੀਬੀ ਸ਼ਿਮਲਾ ਰਾਣੀ ਦੀ ਫਾਈਲ ਨਾ-ਮਨਜ਼ੂਰ ਹੋ ਗਈ ਤਾਂ ਅਸੀਂ ਸਾਰੇ ਹੀ ਮੈਂਬਰਾਂ ਤੇ ਸਰਪੰਚਾਂ ਨੇ ਆਪਣੇ ਕਾਗਜ਼ ਵਾਪਸ ਲੈ ਲਏ ਹੁਣ ਸਾਡੇ ਪਿੰਡ 'ਚ ਕੋਈ ਮੈਂਬਰ ਜਾਂ ਸਰਪੰਚ ਨਹੀਂ ਹੈ ਤੇ ਨਾ ਹੀ ਇਸ ਪਿੰਡ ਵਿੱਚ ਵੋਟਾਂ ਪੈਣੀਆਂ ਹਨ। ਪਰ ਸਾਡਾ ਪਿੰਡ ਅੱਜ ਵੀ ਸਹਿਮਤੀ ਉਤੇ ਟਿਕਿਆ ਹੋਇਆ ਹੈ'। ਉਧਰ ਜ਼ਿਲੇ ਦੇ ਏਡੀਸੀ ਗੁਰਮੀਤ ਸਿੰਘ ਮੁਲਤਾਨੀ ਦਾ ਕਹਿਣਾ ਹੈ, ''ਪਿੰਡ ਮੋਰਾਂਵਾਲੀ ਦੀ ਪੰਚਾਇਤ ਬਾਰੇ ਹੁਣ ਇਲੈਕਸ਼ਨ ਕਮਿਸ਼ਨ ਅਜਿਹੇ ਪਿੰਡਾਂ ਬਾਰੇ ਜਾਂਚ ਕਰਵਾ ਕੇ ਚੋਣਾਂ ਤੋਂ ਵਾਂਝੇ ਰਹਿ ਚੁੱਕੇ ਪਿੰਡਾਂ ਦੇ ਦੁਬਾਰਾ ਇਲੈਕਸ਼ਨ ਕਰਵਾਏਗਾ।''

### ਕਿੰਨੀਆਂ ਬਿਨਾਂ ਮੁਕਾਬਲਾ ਪੰਚਾਇਤਾਂ

ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਕਾਗਜ਼ੀ ਕਾਰਵਾਈ ਪੂਰੀ ਹੋਣ ਤੋਂ ਬਾਅਦ ਹੁਣ 28,375 ਸਰਪੰਚੀ ਲਈ ਅਤੇ 1,04,027 ਉਮਦੀਵਾਰ ਪੰਚੀ ਲਈ ਵੋਟ ਅਮਲ ਦੀ ਲੜਾਈ ਲੜਨਗੇ। ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਦੀਆਂ ਕੁੱਲ 13, 276 ਪੰਚਾਇਤਾਂ ਵਿੱਚੋਂ 1, 863 ਸਰਪੰਚ ਅਤੇ 22, 203 ਪੰਚ ਬਿਨਾਂ ਮੁਕਾਬਲਾ ਜਿੱਤ ਚੁੱਕੇ ਹਨ। ਸਰਪੰਚੀ ਲਈ 49, 000 ਉਮੀਦਵਾਰਾਂ ਨੇ ਕਾਗਜ਼ ਦਾਖਲ ਕੀਤੇ ਸਨ ਅਤੇ ਪੰਚ ਦੇ ਅਹੁਦੇ ਲਈ 1.65 ਲੱਖ ਉਮੀਦਵਾਰਾਂ ਨੇ ਪਰਚੇ ਦਾਖਲ ਕੀਤੇ ਗਏ ਸਨ। ਦਾਖਲ ਕੀਤੇ ਗਏ ਕਾਗਜ਼, ਸਰਬਸਮੰਤੀ ਨਾਲ ਚੁਣੇ ਗਏ ਪੰਚਾਂ-ਸਰਪੰਚਾਂ ਅਤੇ ਚੋਣ ਮੈਦਾਨ ਵਿਚ ਕੁੱਲ ਉਮੀਦਵਾਰਾਂ ਦੇ ਹਿਸਾਬ ਨਾਲ ਸਰਪੰਚੀ ਦੇ 18, 762 ਅਤੇ ਪੰਚੀ ਦੇ 80, 270 ਉਮੀਦਵਾਰਾਂ ਦੇ ਪਰਚੇ ਰੱਦ ਹੋਏ ਹਨ।

ਰੱਦ ਪਰਚਿਆਂ ਕਾਰਨ ਲੋਕ ਇੰਨੇ ਨਾਰਾਜ਼ ਹੋਏ ਕਿ 100 ਦੇ ਕਰੀਬ ਪਟੀਸ਼ਨਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕੀਤੀਆਂ ਗਈਆਂ। ਜਿਨ੍ਹਾਂ ਦੇ ਆਧਾਰ ਉੱਤੇ ਅਦਾਲਤ ਚੋਣ ਕਮਿਸ਼ਨ ਨੂੰ ਮੁੜ ਨਜ਼ਰਸਾਨੀ ਦੇ ਹੁਕਮ ਦਿੱਤੇ ਪਰ ਸਰਕਾਰ ਨੇ ਉਲਟਾ ਅਦਾਲਤ ਨੂੰ ਫ਼ੈਸਲੇ ਉੱਤੇ ਮੁੜ ਗੌਰ ਕਰਨ ਦੀ ਅਪੀਲ ਕਰ ਦਿੱਤੀ।

### ਚੁੱਲ੍ਹਾ ਟੈਕਸ ਬਣਿਆ ਹੈ ਸੱਤਾ ਦਾ ਹਥਿਆਰ

ਪੰਜਾਬ ਸਟੇਟ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਮੁਤਾਬਕ ਜ਼ਿਆਦਾਤਰ ਕਾਗਜ਼ ਰੱਦ ਹੋਣ ਦਾ ਮੁੱਖ ਕਾਰਨ ਉਮੀਦਵਾਰਾਂ ਵੱਲੋਂ ਚੁੱਲ੍ਹਾ ਟੈਕਸ ਨਾ ਭਰਨਾ ਸੀ। ਚੋਣ ਕਮਿਸ਼ਨਰ ਮੁਤਾਬਕ ਪੰਚਾਇਤ ਅਫ਼ਸਰਾਂ ਤੋਂ ਜਿਹੜੀਆਂ ਰਿਪੋਰਟਾਂ ਮਿਲ ਰਹੀਆਂ ਹਨ ਉਸ ਦਾ ਕਾਰਨ ਚੁੱਲ੍ਹਾ ਟੈਕਸ ਨਾ ਭਰਨਾ ਪਾਇਆ ਗਿਆ ਹੈ।

ਜੇਕਰ ਕਿਸੇ ਵਿਅਕਤੀ ਵੱਲ ਪੰਚਾਇਤ ਦਾ ਕੋਈ ਬਕਾਇਆ ਖੜ੍ਹਾ ਹੁੰਦਾ ਹੈ ਤਾਂ ਉਹ ਚੋਣ ਨਹੀਂ ਲੜ ਸਕਦਾ। ਸੱਤਾ ਧਿਰ ਜਾਂ ਜਿੱਥੇ ਜਿਸ ਦੀ ਚਲਦੀ ਹੈ, ਉਹ ਉਮੀਦਵਾਰ ਨੂੰ ਐਨਓਸੀ ਹੀ ਨਹੀਂ ਦਿੰਦਾ।

### 'ਸਰਬਸੰਮਤੀ ਨਹੀਂ ਧੱਕਾ ਸੰਮਤੀਆਂ'

ਭਾਵੇਂ ਪੰਜਾਬ ਵਿਚ ਕਈ ਸਿਆਸੀ ਪਾਰਟੀਆਂ ਅਤੇ ਸਮਾਜਿਕ ਸੰਗਠਨ ਸਰਬਸੰਮਤੀ ਨਾਲ ਪੰਚਾਇਤਾਂ ਦੇ ਗਠਨ ਲਈ ਮੁਹਿੰਮ ਚਲਾ ਰਹੇ ਹਨ, ਪਰ ਆਮ ਲੋਕਾਂ ਦੀ ਰਾਇ ਹੈ ਕਿ ਸੱਤਾ ਧਿਰ ਦੇ ਡੰਡਾਤੰਤਰ ਕਾਰਨ ਲੋਕਤੰਤਰ ਧੱਕਾ ਸੰਮਤੀਆਂ ਵਿਚ ਬਦਲ ਰਿਹਾ ਹੈ। ਕਈ ਥਾਈਂ ਸੱਤਾ ਧਿਰ ਦੇ ਲੋਕ ਵੀ ਧੱਕਾ ਹੋਣ ਦਾ ਦੋਸ਼ ਲਾ ਰਹੇ ਹਨ। ਫਿਰੋਜ਼ਪੁਰ ਦੇ ਪਿੰਡ ਸਨੇਰ ਜ਼ੀਰਾ ਦੇ ਜਸਵੰਤ ਸਿੰਘ ਦਾ ਇਲਜ਼ਾਮ ਹੈ, 'ਸਾਡਾ ਪਰਿਵਾਰ ਕੱਟੜ ਕਾਂਗਰਸੀ ਹੈ ਪਰ ਫਿਰ ਵੀ ਸਾਨੂੰ ਕਾਗਜ਼ ਦਾਖ਼ਲ ਨਹੀਂ ਕਰਨ ਦਿੱਤੇ ਗਏ। ਉਸ ਮੁਤਾਬਕ ਸਰਬਸੰਮਤੀਆਂ ਨਹੀਂ ਹੋਈਆਂ ਸਗੋਂ ਕੱਟੜ ਕਾਂਗਰਸੀਆਂ ਨਾਲ ਧੱਕਾ ਹੋਇਆ ਹੈ'। ਪਿੰਡ ਭੰਬਾ ਹਾਜ਼ੀ ਦੇ ਗੁਰਦੀਪ ਸਿੰਘ ਨੇ ਕਿਹਾ ਕਿ ਕੋਈ ਸਰਬਸੰਮਤੀ ਨਹੀਂ ਹੋਈ, ਧੱਕਾ ਹੋਇਆ ਹੈ ਨਾਮਜ਼ਦਗੀਆਂ ਭਰਨ ਤੋਂ ਹੁਣ ਤਕ ਧੱਕਾ ਹੀ ਹੋ ਰਿਹਾ ਹੈ।

(ਧੰਨਵਾਦ ਸਹਿਤ)

# ਪੰਚਾਇਤ ਚੋਣਾਂ: ਹਿੰਸਾ ਦਰਮਿਆਨ 80 ਫ਼ੀਸਦੀ ਤੋਂ ਵੱਧ ਪੋਲਿੰਗ; ਕਾਂਗਰਸ ਦੀ ਚੜ੍ਹਤ

**ਚੰਡੀਗੜ੍ਹ-** ਪੰਜਾਬ ਦੀਆਂ ਅੱਜ ਪੰਚਾਇਤ ਚੋਣਾਂ ਦੌਰਾਨ ਕੁਝ ਥਾਵਾਂ 'ਤੇ ਹਿੰਸਕ ਝੜਪਾਂ ਨੂੰ ਛੱਡ ਕੇ ਵੋਟਾਂ ਪੈਣ ਦਾ ਕੰਮ ਅਮਨੋ-ਅਮਾਨ ਨਾਲ ਨੇਪਰੇ ਚੜ੍ਹ ਗਿਆ। ਫਿਰੋਜ਼ਪੁਰ ਜ਼ਿਲ੍ਹੇ ਦੇ ਲਖਮੀਰ ਕੇ ਹਿਠਾੜ ਪਿੰਡ ਵਿਚ ਅਣਪਛਾਤੇ ਵਿਅਕਤੀਆਂ ਨੇ ਬੈਲੇਟ ਬਕਸੇ ਨੂੰ ਅੱਗ ਲਾ ਕੇ ਵੋਟਰ ਪਰਚੀਆਂ ਸਾੜ ਦਿੱਤੀਆਂ ਅਤੇ ਕਾਰ ਭਜਾ ਕੇ ਜਾਂਦੇ ਸਮੇਂ 60 ਸਾਲ ਦੇ ਵਿਅਕਤੀ ਨੂੰ ਦਰੜ ਕੇ ਮਾਰ ਦਿੱਤਾ। ਢਾਈ ਦਰਜਨ ਤੋਂ ਵੱਧ ਪਿੰਡਾਂ ਵਿਚ ਲੜਾਈ-ਝਗੜੇ ਅਤੇ ਬੂਥਾਂ 'ਤੇ ਕਬਜ਼ੇ ਦੀਆਂ ਰਿਪੋਰਟਾਂ ਮਿਲੀਆਂ ਹਨ। ਚੋਣ ਕਮਿਸ਼ਨ ਮੁਤਾਬਕ 80 ਫ਼ੀਸਦੀ ਤੋਂ ਵੱਧ ਪੋਲਿੰਗ ਹੋਈ ਹੈ। ਇਸੇ ਦੌਰਾਨ ਗੁਰਦਾਸਪੁਰ ਜ਼ਿਲ੍ਹੇ ਦੇ ਦੋ ਪਿੰਡਾਂ, ਲੁਧਿਆਣਾ ਦੇ ਦੇਤਵਾਲ, ਪਟਿਆਲਾ ਦੇ ਲਾਛੜੂ ਕਲਾਂ, ਮੋਹਾਲੀ ਦੇ ਇਕ ਪਿੰਡ ਸਮੇਤ ਅੱਠ ਪਿੰਡਾਂ 'ਚ ਮੁੜ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਕੋਲ ਸਿਫ਼ਾਰਸ਼ਾਂ ਆਈਆਂ ਹਨ।

ਵੋਟਿੰਗ ਦਾ ਕੰਮ ਸ਼ਾਮ ਨੂੰ ਮੁਕੰਮਲ ਹੁੰਦਿਆਂ ਸਾਰ ਹੀ ਗਿਣਤੀ ਦਾ ਕੰਮ ਸ਼ੁਰੂ ਹੋ ਗਿਆ। ਦੇਰ ਰਾਤ ਤਕ ਸਾਰੀਆਂ ਪੰਚਾਇਤਾਂ ਦੇ ਨਤੀਜੇ ਐਲਾਨੇ ਜਾ ਚੁੱਕੇ ਹਨ ਅਤੇ ਜੇਤੂ ਪੰਚਾਂ, ਸਰਪੰਚਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਕੜਾਕੇ ਦੀ ਠੰਢ ਵਿਚ ਜਸ਼ਨ ਮਨਾਉਣੇ ਸ਼ੁਰੂ ਕਰ ਦਿੱਤੇ। ਬਹੁਤੀਆਂ ਪੰਚਾਇਤਾਂ ਵਿਚ ਕਾਂਗਰਸ ਅਤੇ ਉਨ੍ਹਾਂ ਦੇ ਹਮਾਇਤੀਆਂ ਦੇ ਜਿੱਤਣ ਦੀਆਂ ਰਿਪੋਰਟਾਂ ਹਨ। ਬਾਦਲ ਪਿੰਡ 'ਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਰੀਬੀ ਰਿਸ਼ਤੇਦਾਰ ਉਦੇਵੀਰ ਢਿੱਲੋਂ ਕਾਂਗਰਸ ਹਮਾਇਤੀ ਉਮੀਦਵਾਰ ਕੋਲੋਂ ਸਰਪੰਚੀ ਦੀ ਚੋਣ ਹਾਰ ਗਏ ਹਨ। ਪੰਜਾਬੀ ਗਾਇਕ ਸਿੱਧੂ ਮੂਸਾਵਾਲੇ ਦੀ ਮਾਤਾ ਚਰਨ ਕੌਰ ਚੋਣ ਜਿੱਤ ਗਏ ਹਨ। 'ਆਪ' ਦੇ ਬਾਗ਼ੀ ਆਗੂ ਸੁਖਪਾਲ ਖਹਿਰਾ ਦੀ ਨਜ਼ਦੀਕੀ ਰਿਸ਼ਤੇਦਾਰ ਕਿਰਨਬੀਰ ਕੌਰ ਸਰਪੰਚੀ ਦੀ ਚੋਣ ਹਾਰ ਗਏ ਹਨ। ਪਟਿਆਲਾ ਸ਼ਹਿਰ ਤੋਂ ਤਕਰੀਬਨ ਨੌਂ ਕਿਲੋਮੀਟਰ ਦੂਰ ਪੈਂਦੇ ਪਿੰਡ ਹੀਰਾਗੜ੍ਹ ਦੇ ਪੋਲਿੰਗ ਬੂਥ ਵਿਚ ਬਾਹਰਲੇ ਬੰਦਿਆਂ ਨੇ ਦਾਖ਼ਲ ਹੋਣ ਦਾ ਯਤਨ ਕੀਤਾ ਤਾਂ ਪਿੰਡ ਵਾਸੀਆਂ ਨੇ ਤਿੰਨ ਬੰਦਿਆਂ ਨੂੰ ਫੜ ਕੇ ਕਮਰੇ ਵਿਚ ਬੰਦ ਕਰ ਦਿੱਤਾ। ਜ਼ਿਲ੍ਹੇ ਦੇ ਝੁਗੀਆਂ, ਰਾਏਪੁਰ, ਧਰੇੜੀ ਜੱਟਾਂ, ਮਰਦਾਂਹੇੜੀ ਅਤੇ ਬੌਸਰ ਕਲਾਂ ਪਿੰਡ ਵਿਚ ਝਗੜੇ ਹੋਣ ਅਤੇ ਧੱਕੇ ਨਾਲ ਵੋਟਾਂ ਪਾਉਣ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਮੋਗਾ ਜ਼ਿਲ੍ਹੇ ਦੇ ਦੀਨਾ ਪਿੰਡ ਵਿਚ ਗੋਲੀ ਚੱਲਣ ਅਤੇ ਮੁੱਲਾਂਪੁਰ ਦਾਖਾ ਵਿਚ ਕੁਝ ਬੂਥਾਂ 'ਤੇ ਕਬਜ਼ੇ ਦੀਆਂ ਰਿਪੋਰਟਾਂ ਹਨ। ਸੁਲਤਾਨਪੁਰ ਲੋਧੀ 'ਚ ਵੀ ਅਜਿਹੀਆਂ ਰਿ-



ਪੋਰਟਾਂ ਹਨ। ਪੁਲੀਸ ਨੇ ਪੋਲਿੰਗ ਬੂਥ ਤੋਂ ਬਾਹਰ ਪਿਸਤੌਲ ਸਮੇਤ ਤਿੰਨ ਵਿਅਕਤੀ ਗ੍ਰਿਫ਼ਤਾਰ ਕੀਤੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਧੱਕੇਸ਼ਾਹੀ ਵਿਰੁੱਧ ਵੱਖ ਵੱਖ ਥਾਵਾਂ 'ਤੇ ਨਾਅਰੇਬਾਜ਼ੀ ਕੀਤੀ ਅਤੇ ਧਰਨੇ ਲਗਾਏ। ਪਟਿਆਲਾ-ਰਾਜਪੁਰਾ ਜੀਟੀ ਰੋਡ ਵੀ ਰੋਕੀ ਗਈ। ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਹਲਕੇ ਦੇ ਸ਼ਕੜੀ ਪਿੰਡ ਵਿਚ ਇਕ ਅਕਾਲੀ ਆਗੂ ਨੇ ਗੜਬੜ ਕਰਨ ਦੀ ਕੋਸ਼ਿਸ਼ ਕੀਤੀ।

### ਵਿੱਤ ਮੰਤਰੀ ਦੀ ਵੋਟ ਕੋਈ ਹੋਰ ਹੀ ਪਾ ਗਿਆ

ਲੰਬੀ- ਪੰਜਾਬ ਸਰਕਾਰ ਵੱਲੋਂ ਪੰਚਾਇਤ ਚੋਣਾਂ ਨਿਰਪੱਖ ਕਰਵਾਉਣ ਦੇ ਫੋਕੇ ਦਾਅਵਿਆਂ ਦਾ ਸ਼ਿਕਾਰ ਸੂਬੇ ਦੇ ਵਜ਼ੀਰ-ਏ-ਖ਼ਜ਼ਾਨਾ ਹੋ ਗਏ ਹਨ। ਪਿੰਡ ਬਾਦਲ ਵਿਖੇ ਅੱਜ ਚੋਣ ਬੂਥ 103 'ਤੇ ਵਾਰਡ ਅੱਠ ਦੀ ਵੋਟ ਨੰਬਰ 14 ਦੀ ਜਾਅਲੀ ਵੋਟ ਭੁਗਤ ਗਈ। ਇਹ ਵੋਟ ਨੰਬਰ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਹੈ ਜੋ ਪੰਜਾਬ ਤੋਂ ਬਾਹਰ ਕਿਸੇ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਗਏ ਹੋਏ ਹਨ। ਮਨਪ੍ਰੀਤ ਸਿੰਘ ਬਾਦਲ ਦੀ ਵੋਟ ਜਾਅਲੀ ਭੁਗਤਣ ਦਾ ਖ਼ੁਲਾਸਾ ਹੋਣ 'ਤੇ ਚੋਣ ਬੂਥ ਵਿੱਚ ਅਮਲੇ ਅਤੇ ਪੋਲਿੰਗ ਏਜੰਟਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਚੋਣ ਅਮਲੇ ਅਤੇ ਪ੍ਰੀਜ਼ਾਇਡਿੰਗ ਅਫ਼ਸਰ ਦੇਵ ਵਰਤ ਨੇ ਆਖਿਆ ਕਿ ਮਨਪ੍ਰੀਤ ਸਿੰਘ ਵੋਟ ਪਾਉਣ ਲਈ ਨਹੀਂ ਪੁੱਜੇ ਪਰ ਪਤਾ ਨਹੀਂ ਕਿ ਉਨ੍ਹਾਂ ਦੀ ਕੌਣ ਵੋਟ ਪਾ ਗਿਆ ਹੈ। ਇੰਨਾ ਜ਼ਰੂਰ ਹੈ ਕਿ ਸਾਰੇ ਉਮੀਦਵਾਰਾਂ ਦੇ ਪੋਲਿੰਗ ਏਜੰਟਾਂ ਨੇ ਆਪਸੀ ਸਹਿਮਤੀ ਨਾਲ ਵਜ਼ੀਰ-ਏ-ਖ਼ਜ਼ਾਨਾ ਦੀ ਵੋਟ ਭੁਗਤਾਈ ਹੈ।

# 500 ਮਹਾਰ ਸੈਨਿਕਾਂ ਦਾ 30,000, ਪੇਸ਼ਵਾ ਬ੍ਰਾਮਣ ਨੂੰ ਮਿਟਾਉਣਾ



ਹਰਬੰਸ ਵਿਰਦੀ, ਲੰਡਨ

ਭਾਰਤ ਦਾ ਇਤਹਾਸ ਅਛੂਤਾਂ, ਸ਼ੂਦਰਾਂ ਅਤੇ ਮੂਲਨਿਵਾਸੀਆਂ (ਬੋਧੀਆਂ) ਦਾ ਯੂਰੇਸ਼ੀਅਨ ਬ੍ਰਾਮਣਾਂ ਵਿਚਕਾਰ ਇੱਕ ਲਗਾਤਾਰ ਯੁੱਧ ਹੈ।ਵੱਧ ਤੋਂ ਵੱਧ 3500 ਸਾਲ ਪਹਿਲਾਂ ਯੂਰੇਸ਼ੀਆ (ਰੂਸ ਅਤੇ ਕਾਲੇ ਸਮੁੰਦਰ ਵਿਚਕਾਰ) ਵਿੱਚੋਂ ਸਾਡੇ ਜੰਬੂਦੀਪ ਵਿੱਚ ਆਏ, ਵਾਮ-ਮਾਰਗੀਆਂ ਨਾਲ ਸਾਡਾ ਇਹ ਯੁੱਧ ਸ਼ੁਰੂ ਹੋਇਆ।ਯੂਰੇਸ਼ੀਅਨਾਂਨੇ ਮਹਿੰਜੋਦਾੜੋ, ਹੜੱਪਾ ਅਤੇ ਸਿੰਧੂ ਘਾਟੀ ਸੱਭਿਆਚਾਰ ਦਾ ਸਾਡਾ ਇਤਹਾਸ,ਇਨ੍ਹਾਂ ਸ਼ਹਿਰਾਂ ਨੂੰ ਢਾਹਕੇ, ਮਿੱਟੀ ਵਿੱਚ ਮਿਲਾ ਦਿੱਤਾ। ਬ੍ਰਾਮਣਾਂ ਨੇ ਸਾਡੀ ਹਰ ਗੱਲ ਨੂੰ ਅਪਣਾਇਆ ਕਿਉਂਕਿ ਇਹ ਤਾਂ ਵਾਮ-ਮਾਰਗੀਏ ਸਨ। ਇਨ੍ਹਾਂ ਦੇ ਸੈਨਾਪਤੀਆਂ (ਜਿਨ੍ਹਾਂ ਨੂੰ ਇਹ ਦੇਵਤੇ ਕਹਿੰਦੇ ਹਨ) ਦੀਆਂ ਬਲਾਤਕਾਰਾਂ ਦੀਆਂ ਕਹਾਣੀਆਂ ਪੜ੍ਹਕੇ ਆਪ ਦੰਗ ਰਹਿ ਜਾਵੋਂਗੇ।

ਚੰਦਰ ਗੁਪਤ ਮੋਰੀਆ 200 ਬੀ ਸੀ ਤੋਂ ਲੈਕੇ ਸਮਰਾਟ ਹਰਸ਼ ਵਰਧਨ 647 ਈਸਵੀ ਤੱਕ ਤਕਰੀਬਨ 1,000 ਸਾਲ ਤੱਕ ਮਹਾਰਾਸ਼ਟਰ ਵਿੱਚ ਨਾਗਵੰਸ਼ੀ ਮਹਾਰਾਂ ਦਾਹੀ ਰਾਜ ਸੀ, ਅਗਰ ਨਾਲੰਦਾ ਤੱਕ 1235 ਦਾ ਸਮਾਂ ਵੀ ਵਿੱਚ ਪਾ ਲਈਏ ਤਾਂ ਤਕਰੀਬਨ 15-1600 ਸੌ ਸਾਲ ਬਣ ਜਾਂਦਾ ਹੈ। ਇੱਕ ਹੋਰ ਧਿਆਨ ਯੋਗ ਗੱਲ ਹੈ ਕਿ ਮੋਰੀਆਂ ਵੰਸ਼ ਤੋਂ ਪਹਿਲਾਂ ਵੀ ਨੰਦ ਵੰਸ਼ ਦਾ ਹੀ ਰਾਜ ਸੀ ਜੋ ਕਿ ਜੰਬੂਦੀਪ ਦੇ ਮੂਲਨਿਵਾਸੀ ਹੀ ਸਨ, ਨਾ ਕਿ ਯੂਰੇਸ਼ੀਅਨ ਬ੍ਰਾਮਣ! ਹਾਂ ਜਿਸ ਨੇ ਨੰਦ ਵੰਸ਼ ਅਤੇ ਗੁਪਤ ਵੰਸ਼ ਨੂੰ ਆਪਸ ਵਿੱਚ ਲੜਾਇਆ ਉਹ ਚਾਣਕੀਆ ਬ੍ਰਾਮਣ ਸੀ। ਮਹਾਰ ਲਫ਼ਜ਼ ਕਰਕੇ ਹੀ ਇਸ ਰਿਆਸਤ ਦਾ ਨਾਂਅ ਮਹਾਰਾਂ ਦਾ ਰਾਸ਼ਟਰ, ਭਾਵ ਮਹਾਰਾਸ਼ਟਰ ਪਿਆ। ਮਹਾਰ ਆਪਣੀ ਬਹਾਦਰੀ ਲਈ ਬਹੁਤ ਮਸ਼ਹੂਰ ਸਨ ਪਰ ਜਦੋਂ ਸਾਰੇ ਇਨਸਾਨੀ ਹੱਕ ਅਤੇ ਸਾਧਨ ਹੀ ਖੋਹ ਲਏ ਜਾਣ ਤਾਂ ਕੋਈ ਵੀ ਲਾਚਾਰ ਹੋ ਸਕਦਾ ਹੈ।ਮਹਾਰ ਆਪਣੀ ਖੋਈ ਹੋਈ ਇੱਜ਼ਤ ਆਬਰੂ ਲਈ ਬੇਤਾਬ ਸਨ, ਉੱਧਰ ਅੰਗਗਰੇਜ਼ ਭਾਰਤ ਤੇ ਆਪਣਾ ਰਾਜ ਕਾਇਮ ਕਰਨ ਦੇ ਯਤਨ ਕਰ ਰਹੇ ਸਨ। ਇਨ੍ਹਾਂ ਹਾਲਾਤਾਂ ਵਿੱਚ ਅੰਗਰੇਜ਼ਾਂ ਦੀ ਨਜ਼ਰ ਮਹਾਰਾਂ ਉਪਰ ਗਈ ਜੋ ਕੱਦ ਕਾਠ ਵਿੱਚ ਸਡੌਲ ਸਨ ਅਤੇ ਨਿਡਰ ਵੀ ਸਨ। ਅੰਗਰੇਜ਼ਾਂ ਨੇ ਮਹਾਰਾਂ ਲਈ ਫੌਜ ਦੇ ਦਰਵਾਜ਼ੇ ਖੋਲ ਦਿੱਤੇ ਅਤੇ ਉਨ੍ਹਾਂ ਨੂੰ ਫੋਜੀ ਲੜਾਈ ਦੀ ਟਰੇਨਿੰਗ ਵੀ ਦੇਣੀ ਸ਼ੁਰੂ ਕਰ ਦਿੱਤੀ। ਅੰਗਰੇਜ਼ਾਂ ਨੇ ਇਨ੍ਹਾਂ ਮਹਾਰ ਲੋਕਾਂ ਦੇ ਨਿੱਡਰ ਸਰੀਰ ਅਤੇ ਨਾਗਵੰਸ਼ੀ ਰਾਜਿਆਂ ਦੀ ਸੰਤਾਨ ਜਾਣਕੇ ਇਨ੍ਹਾਂ ਨੂੰ ਫੌਜ ਵਿੱਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਅਤੇ ਮਹਾਰ ਰੱਜਮੈਂਟ ਹੋਂਦ ਵਿੱਚ ਆਈ। ਕੋਰੇਗਾਂਓਂ ਦਾ ਇੱਕ ਇਤਹਾਸਕ ਸੱਚ, ਜੋ ਬੰਬਈ ਦੇ ਨੇਵਲ ਇੰਫੈਨਟਰੀ ਦੇ 500 (ਪੰਜ ਸੌ) ਨੌਜਵਾਨ ਜੋ ਸਭ ਮਹਾਰ ਸੈਨਿਕ ਸਨ, ਜਿਨ੍ਹਾਂ ਵਿੱਚ 250 ਘੋੜ ਸਵਾਰ ਅਤੇ ਕੇਵਲ ਦੋ ਤੋਪਾਂਸਨ, 1 ਜਨਵਰੀ 1818 ਨੂੰ ਜਦੋਂ ਕਿ ਸਾਰਾ ਸੰਸਾਰ ਨਵਾਂ ਸਾਲ ਸ਼ੁਰੂ ਹੋਣ ਦੀਆਂ ਖੁਸ਼ੀਆਂ ਮਨਾ ਰਿਹਾ ਸੀ ਤਾਂ ਉਸ ਸਮੇਂ ਦੀ ਮਹਾਰਾਸ਼ਟਰ ਵਿੱਚ ਪੇਸ਼ਵਾ ਬ੍ਰਾਮਣਾਂ ਦੀ ਸਰਕਾਰ ਦੇ ਖਿਲਾਫ ਇੱਕ ਛੋਟੀ ਜਿਹੀ ਮਹਾਰ ਸੈਨਾ ਯੁੱਧ ਦੀਆਂ ਤਿਆਰੀਆਂ ਕਰ ਰਹੀ ਸੀ। ਇਤਹਾਸ ਵਿੱਚ ਇਹ ਯੁੱਧ ਇੱਕ ਬਹੁਤ ਖਾਸ ਮਹੱਤਤਾ ਰੱਖਦਾ ਹੈ ਅਤੇ ਇਸਨੂੰ ਮਹਾਰਾਸ਼ਟਰ ਵਿੱਚ ਯੂਰੇਸ਼ੀਅਨ ਪੇਸ਼ਵਾ ਬ੍ਰਾਮਣਾਂ ਦੇ ਰਾਜ ਦਾ ਅੰਤ ਅਤੇ ਮੂਲਨਿਵਾਸੀਆਂ ਦੀ ਆਜ਼ਾਦੀ ਦਾ ਦਿਨ ਮੰਨਿਆ ਜਾਂਦਾ ਹੈ। ਇਹ ਇੱਕ ਮਹਾਨ ਇਤਹਾਸਕ ਘਟਨਾ ਹੈ ਜਿਸਨੂੰ ਜਾਨਣਾ ਬਹੁਤ ਜਰੂਰੀ ਹੈ।

ਮਹਾਰ ਸੈਨਿਕਾਂਨਾਲ ਅੰਗਰੇਜ਼ ਕੈਪਟਨ ਸਟਾਟਨ ਵੀ ਸਨ, ਸਾਹਮਣੇ ਮੁਕਾਬਲਾ ਪੇਸ਼ਵਾ ਦੇ 28,000 ਪੈਦਲ ਸੈਨਿਕ ਅਤੇ 2,000 ਘੋੜ ਸਵਾਰ ਨਾਲ ਹੋਣ ਤੋਂ ਪਹਿਲਾਂ ਮਹਾਰ ਸੈਨਿਕ ਸ਼ਿਰਪੁਰ ਤੋਂ ਤਕਰੀਬਨ 27 ਮੀਲ ਪੈਦਲ ਚੱਲਕੇ 1 ਜਨਵਰੀ 1818 ਦੀ ਸਵੇਰ ਨੂੰ ਕੋਰੇਗਾਂਓਂ ਪਹੁੰਚੇ, ਨੌਜਵਾਨ ਥੱਕ ਚੁੱਕੇ ਸਨ।ਪੇਸ਼ਵਾਂ ਨੇ ਸੋਚਿਆ ਕਿ ਜਦੋਂ ਮਹਾਰ ਰੱਜਮੈਂਟ ਭੀਮਾ ਨਦੀ ਪਾਰ ਕਰਨ ਲੱਗੇਗੀ ਤਾਂ ਨਦੀ ਵਿੱਚ ਹੀ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ ਪਰ ਹੋਇਆ ਇਸ ਦੇ ਉਲਟ।ਇਹ ਲੜਾਈ ਇੱਕ ਦਿਨ ਅਤੇ ਇੱਕ ਰਾਤ ਚੱਲੀ। ਮਹਾਰ ਸੈਨਾ ਦੇ ਕੈਪਟਨ ਰਤਨਾਕ, ਚਟਨਾਕ ਅਤੇ ਭੀਕਨਾਕ ਸਨ। ਦੇਖਦੇ ਹੀ ਦੇਖਦੇ 500 ਮਹਾਰ ਸੈਨਿਕਾਂ ਨੇ ਪੇਸ਼ਵਾਂ ਦੀ 28,000 ਦੀ ਇੱਕ ਵਿਸ਼ਾਲ ਫੌਜ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜਿਨ੍ਹਾਂ ਵਿੱਚੋਂ 2,000 ਪੇਸ਼ਵਾ ਮੈਦਾਨ ਛੱਡਕੇ ਨੱਠ ਗਏ। ਮਹਾਰ ਸੈਨਾ ਦੇ ਕੇਵਲ 22 ਸੈਨਿਕ ਹੀ ਸ਼ਹੀਦ ਹੋਏ।500 ਮਹਾਰ ਸੈਨਿਕਾਂ ਦੇ ਸਾਮਣੇ ਪੇਸ਼ਵਾਂ ਦੀ 30,000 ਫੌਜ ਇੱਕ ਬੌਨੀ ਸਾਬਤ ਹੋਈ। ਮਹਾਰਾਂ ਦੀ ਬਹਾਦਰੀ ਦੇ ਜੌਹਰ ਸਾਰੇ ਸੰਸਾਰ ਨੇ ਦੇਖੇ।

ਅੱਜ ਵੀ ਮਹਾਰਾਸ਼ਟਰ ਦੇ ਮਹਾਰਾਂ ਵਿੱਚ ਇਹ ਕਹਾਵਤ ਮਸ਼ਹੂਰ ਹੈ ਕਿ ਉਜਾਹ ਜਾਹ ਮੈਂ ਨੇ ਤੇਰੇ ਜੈਸੇ ਛੱਪਨ ਦੇਖੇ ਹੈ" 30,000 ਵਿੱਚੋਂ ਅਗਰ 2,000 ਨੱਠ ਜਾਣ ਵਾਲਿਆਂ ਨੂੰ ਘਟਾ ਦਿੱਤਾ ਜਾਵੇ ਤਾਂ 28,000 ਬਚਦੇ ਹਨ, ਕਿਉਂਕਿ ਮਹਾਰ ਫੌਜ 500 ਸੀ ਆਪਾਂ 28,000 ਨੂੰ 500 ਤੇ ਵੰਡੀਏ ਤਾਂ 56 ਬਣਦੇ ਹਨ, ਇਸ ਕਰਕੇ ਹੀ ਇਹ ਕਹਾਵਤ ਮਸ਼ਹੂਰ ਹੈ। ਇਸ ਸਚਾਈ ਨੂੰ ਇੰਡੀਆ ਦੇ ਇਤਹਾਸ ਵਿੱਚ ਬੜੀ ਚਾਲਾਕੀ ਨਾਲ ਛੁਪਾਇਆ ਗਿਆ।

ਇਹ ਯੁੱਧ ਭਾਰਤ ਦੇਮੂਲਨਿਵਾਸੀ, ਜਿਨ੍ਹਾਂ ਨੂੰ ਯੂਰੇਸ਼ੀਅਨ ਬ੍ਰਾਮਣਾਂ ਨੇ 6743 ਜਾਤਾਂ ਵਿੱਚ ਵੰਡਕੇਸ਼ੂਦਰ, ਅਛੂਤ ਅਤੇ ਆਦਿਵਾਸੀ ਬਣਾਇਆ ਸੀ,ਉਨ੍ਹਾਂ ਦਾ ਇਹ ਯੁੱਧ ਬ੍ਰਾਮਣ ਪੇਸ਼ਵਾਂ ਨਾਲ ਸੀ। ਮਹਾਰਾਸ਼ਟਰ ਵਿੱਚ ਸ਼ੂਦਰਾਂ, ਅਛੂਤਾਂ ਅਤੇ ਆਦਿਵਾਸੀਆਂ ਦੀ ਸਭ ਤੋਂ ਵੱਡੀ ਮਹਾਰ ਜਾਤਹੈ ਜਿਨ੍ਹਾਂ ਨੂੰ ਬ੍ਰਾਮਣ ਨੇ ਬਾਕੀ ਮੂਲਨਿਵਾਸੀਆਂ ਦੀ ਤਰ੍ਹਾਂ ਹਰ ਇਨਸਾਨੀ ਹੱਕ ਤੋਂ ਵਾਂਝੇ ਰੱਖਿਆ ਹੋਇਆ ਸੀ। ਅੰਗਰੇਜ਼ ਸਾਰੇ ਭਾਰਤ ਵਿੱਚ ਛਾ ਰਹੇ ਸਨ, ਆਪਣੀ ਮਾਤਰ ਭੂਮੀ ਪ੍ਰਤੀ ਪਿਆਰ ਹੋਣ ਕਰਕੇ ਮਹਾਰ ਲੋਕਾਂ ਦਾ ਸਰਦਾਰ ਸਿੱਧਨਾਇਕ ਉਸ ਸਮੇਂ ਦੇ ਬ੍ਰਾਮਣ ਰਾਜਾਬਾਜੀ ਰਾਓ ਪੇਸ਼ਵਾ (ਜਿਸ ਵਾਰੇ ਬਾਜੀ ਰਾਓ ਮਸਤਾਨੀ ਫਿਲਮ ਵੀ ਬਣੀ ਹੈ) ਕੋਲ ਗਏ ਅਤੇ ਕਿਹਾ ਕਿ ਸਾਡੀ ਅੰਗਰੇਜ਼ਾਂ ਨਾਲ ਰਲ੍ਹਕੇ ਤੁਹਾਡੇ ਨਾਲ ਲੜ੍ਹਨ ਦੀ ਕੋਈ ਇੱਛਾ ਨਹੀਂ, ਅਗਰ ਤੁਹਾਡੇ ਵਲੋਂ ਅਸੀਂ ਲੜ੍ਹਕੇ ਅੰਗਰੇਜਾਂ ਨੂੰ ਇੱਥੋਂ ਨਠਾ ਦੇਈਏ ਤਾਂ ਤੁਹਾਡੇ ਰਾਜ ਵਿੱਚ, ਤੁਹਾਡੀ ਫੌਜ ਵਿੱਚ ਸਾਡਾ ਕੀ ਅਸਥਾਨ ਹੋਵੇਗਾ? ਜੋ ਤੁਸੀਂ ਸਾਡੇ ਤੇ ਮਰਸ਼ਲ ਲਾਅ ਅਧੀਨ! ਜੋ ਸਾਡੇ ਲੋਕਾਂ ਦੇ ਗਲ੍ਹ ਵਿੱਚ ਕੁੱਜਾ ਬੰਨਣ ਦਾ ਹੁਕਮ ਦਿੱਤਾ ਹੋਇਆ ਹੈ ਤਾਂ ਕਿ ਉਹ ਇਸ ਕੁੱਜੇ ਵਿੱਚ ਹੀ ਥੁੱਕਣ ਅਗਰ ਅਛੂਤ ਜ਼ਮੀਨ ਤੇ ਥੁੱਕ ਦੇਵੇਗਾ ਅਤੇ ਉਸ ਉੱਤੇ ਉੱਚੀ ਜਾਤੀ ਦੇ ਲੋਕਾਂ ਨੇ ਪੈਰ ਰੱਖ ਦਿੱਤੇ ਤਾਂ ਉਹ ਅਪਵਿੱਤਰ ਹੋ ਜਾਣਗੇ ! ਜੋ ਅਛੂਤ ਆਪਣੀ ਪਿੱਠ ਪਿੱਛੇ ਝਾੜੂ ਬੰਨਕੇ ਰਸਤੇ ਉੱਤੇ ਚੱਲਦੇ ਹਨ ਤਾਂ ਕਿ ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਮਿਟ ਜਾਣ ਅਤੇ ਬ੍ਰਾਮਣ ਲੋਕ ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਉੱਤੇ ਪੈਰ ਰੱਖਕੇ ਭਿੱਟ ਨਾ ਹੋ ਜਾਣ, ਉਸ ਤੋਂ ਆਜ਼ਾਦ ਕਰੋਗੇ? ਕੀ ਤੁਸੀਂ ਸਾਨੂੰ ਹਰ ਇਨਸਾਨੀ ਹੱਕ ਅਤੇ ਆਜ਼ਾਦੀ ਦਿਓਗੇ? ਪਰ ਇਸ ਹੰਕਾਰੀ ਬ੍ਰਾਮਣ ਬਾਜੀ ਰਾਓ ਨੇ



ਉੱਤਰ ਵਿੱਚ ਕਿਹਾ ਕਿ ਉਤੁਸੀਂ ਲੋਕ ਸਾਡੇ ਪੈਰਾਂ ਦੀ ਮਿੱਟੀ ਹੋਅਤੇ ਉਹ ਹੀ ਬਣੇ ਰਹੋਗੇ, ਚਤੁਰ ਵਰਣ ਵਿੱਚ ਜੋ ਮਹਾਰਾਂ ਲਈ ਕਾਨੂੰਨ ਬਣਾਏ ਗਏ ਹਨ ਉਸ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ,ਤੁਸੀਂ ਨੀਚ ਹੋ ਨੀਚ ਹੀ ਰਹੋਗੇ।ਜੋ ਸੂਈ ਦੀ ਨੋਕ ਦੀ ਜਗ੍ਹਾ ਹੈ, ਆਪਨੂੰ ਉਸ ਜਗ੍ਹਾ ਜਿੰਨਾ ਵੀ ਕੁਛ ਨਹੀ ਮਿਲੇਗਾ"। ਇਸ ਜਬਾਬ ਨਾਲ ਸਿੱਥਨਾਇਕ ਨੇ ਗੁੱਸੇ ਨਾਲ ਲਾਲ ਪੀਲੇ ਹੋ ਕੇ ਸ਼ੇਰ ਦੀ ਤਰ੍ਹਾਂ ਗਰਜਦਿਆਂ ਕਿਹਾ ਅੱਜ ਤੱਕ ਅਸੀਂ ਤੁਹਾਡੇ ਸਾਰੇ ਜ਼ੁਲਮ ਬਰਦਾਸ਼ਤ ਰਹੇ ਪਰ ਅੱਜ ਤੁਸੀਂ ਆਪਣੀ ਮੌਤ ਦੀ ਲਕੀਰ ਖੁਦ ਖਿੱਚ ਲਈ ਹੈ, ਹੁਣ ਅਸੀਂ ਹਥਿਆਰ ਚੁੱਕ ਲਏ ਹਨ, ਅਸੀਂ ਹੁਣ ਤੁਹਾਡੀ ਉੱਚ ਜਾਤੀ ਦੇ ਘਮੰਡ ਨੂੰ ਮਿੱਟੀ ਵਿੱਚ ਮਿਲਾ ਦਿਆਗੇ, ਯੁੱਧ ਦੀ ਗੱਲ ਸਾਡੇ ਨਾਲ ਨਾ ਕਰੋ,ਅਸੀਂ ਇਸ ਮਿੱਟੀ ਵਿੱਚ ਪੈਦਾ ਹੋਏ, ਪਲੇ ਅਤੇ ਬੜੇ ਹੋਏ ਹਾਂ, ਇਸ ਮਿੱਟੀ ਦੀ ਇੱਜ਼ਤ ਹੁਣ ਨਹੀਂ ਲੁੱਟਣ ਦਿਆਂਗੇ। ਆਪਣੇ ਹੱਕਾਂ ਅਤੇ ਇਨਸਾਫ ਲਈ ਯੁੱਧ ਕਰਨਾ ਕੋਈ ਪਾਪ ਨਹੀ ਹੈ, ਇਹ ਹੀ ਸਾਡਾ ਯੁੱਧ ਦਾ ਆਖਰੀ ਐਲਾਨ ਹੈ. ਇਹ ਐਲਾਨ ਕਰਕੇ, ਵੰਗਾਰਕੇ ਸਿੱਧਨਾਇਕ ਬਾਜੀ ਰਾਓ ਕੋਲੋਂ ਚਲੇ ਗਏ। ਦਰਅਸਲ ਪੇਸ਼ਵਾਂ ਦੇ ਜ਼ੁਲਮਾਂ ਨਾਲ ਮਹਾਰ ਪਿਸ ਰਹੇ ਸਨ, ਇੱਜ਼ਤ ਦੀ ਜਿੰਦਗੀ ਜਿਉਣ ਲਈ ਯੁੱਧ ਕਰਨ ਤੋਂ ਬਗੈਰ ਮਹਾਰਾਂ ਹੋਰ ਕੋਈ ਰਸਤਾ ਨਹੀ ਸੀ। ਅੰਗੇਰਜ਼ਾਂ ਵਲੋਂ ਫੌਜੀ ਟਰੇਨਿੰਗ ਅਤੇ ਪੇਸ਼ਵਾਂ ਵਲੋਂ ਬੇਇੱਜ਼ਤੀ ਨਾਲ ਅੱਗ ਹੋਰ ਵੀ ਭੜਕ ਗਈ। ਜਿਸ ਤਰ੍ਹਾਂ ਬਾਬਾ ਸਾਹਿਬ ਡਾ: ਅੰਬੇਡਕਰ ਨੇ ਕਿਹਾ ਹੈ "ਜਿੱਥੇ ਸਹਿਣਸ਼ੀਲਤਾ ਖਤਮ ਹੋ ਜਾਂਦੀ ਹੈ, ਉੱਥੇ ਕਰਾਂਤੀ ਜਨਮ ਲੈਂਦੀ ਹੈ" ਮਹਾਰਾਂ ਨੇ ਆਪਣੇ ਉੱਤੇ ਪੇਸ਼ਵਾਂ ਵਲੋਂ ਸਦੀਆਂ ਤੋਂ ਰਹੇ ਜ਼ੁਲਮਾਂ ਦੇ ਖਿਲਾਫ ਬਗਾਵਤ ਦਾ ਵਿਗਲ ਬਜਾ ਦਿੱਤਾ।

ਕੋਰੇਗਾਂਓਂ ਦਾ ਇਹ ਯੁੱਧ ਇੱਕ ਆਮ ਯੁੱਧ ਨਹੀਂ ਸੀ ਬਲਕਿ ਆਪਣੇ ਮਾਣ-ਸਨਮਾਨ ਅਤੇ ਹਰ ਇਨਸਾਨੀ ਹੱਕਾਂ ਲਈ ਉਸ ਬ੍ਰਾਮਣਵਾਦ ਦੇ ਕਾਲੇ ਕਾਨੂੰਨਾਂ ਦੇ ਖਿਲਾਫ ਸੀ, ਜੋ ਕਿ ਬ੍ਰਾਮਣਾਂ ਦੇ ਮਨੂੰ ਦਾਦਾ ਨੇ ਬ੍ਰਾਮਣਾਂ ਨੂੰ ਉਭੌਂ ਦੇਵਤਾ" ਅਤੇ ਜੰਬੂਦੀਪ ਦੇ ਮੂਲਨਿਵਾਸੀਆਂ ਨੂੰ ਅਛੂਤ ਅਤੇ ਸ਼ੂਦਰ ਬਣਾਉਣ ਲਈ ਲਿਖੇ ਸਨ।ਮਹਾਰ ਸੈਨਿਕਾਂ ਦੀ ਇਹ ਜਿੱਤ, ਆਪਣੇ ਆਪ ਨੂੰ ਬਹਾਦਰ ਯੋਧੇ ਸਮਝਣ ਵਾਲੇ ਪੇਸ਼ਵਾ ਬ੍ਰਾਮਣਾਂ ਉੱਤੇ ਇਹ ਜਿੱਤ ਸੀ, ਜਿਸ ਦੀ ਉਦਹਾਰਨ ਸ਼ਾਇਦ ਭਾਰਤ ਦੇ ਸਾਰੇ ਇਤਿਹਾਸ ਵਿੱਚ ਕਿਸੇ ਵੀ ਪੰਨੇ ਉੱਤੇ ਨਹੀਂ ਮਿਲਦੀ।

ਇਸ ਜਿੱਤ ਦੇ ਕਈ ਕਾਰਨ ਸਨ, ਸਭ ਤੋਂ ਪਹਿਲਾ, ਬ੍ਰਿਟਿਸ਼ ਫੌਜ ਵਿੱਚ ਮਹਾਰ ਰਜਿਮੈਂਟ ਦੀ ਗਿਣਤੀ ਬਹੁਤ ਘੱਟ ਹੋਣ ਕਰਕੇ ਅੰਗਰੇਜ਼ਾਂ ਨੇ ਜਿੱਤ ਦੀ ਆਸ ਛੱਡ ਦਿੱਤੀ ਸੀ। ਦੂਜਾ ਕੋਰੇਗਾਓਂ ਦਾ ਯੁੱਧ ਅੰਗਰੇਜ਼ਾਂ ਲਈ ਪੇਸ਼ਵਾ ਬ੍ਰਾਮਣਾਂ ਦੇ ਜ਼ਾਲਮਾਨਾ ਰਾਜ ਨੂੰ ਖ਼ਤਮ ਕਰਨ ਲਈ ਅਤੀ ਜਰੂਰੀ ਸੀ, ਤੀਜਾ ਸਭ ਤੋਂ ਜ਼ਿਆਦਾ ਮਹੱਤਵ ਪੂਰਣ ਸੀ ਕਿ ਮਹਾਰਾਸ਼ਟਰ ਦੇ ਮੂਲਨਿਵਾਸੀਆਂ ਦਾਯੂਰੇਸ਼ੀਅਨ ਬ੍ਰਾਮਣ ਜਿਨ੍ਹਾਂ ਨੇ ਮਹਾਰਾਸ਼ਟਰ ਵਿੱਚ ਪੇਸ਼ਵਾ ਰਾਜ ਸਮਾਪਤ ਕੀਤਾ ਸੀ ਜਿਸ ਦੀ ਨੀਂਹ ਜਾਤ-ਪਾਤ, ਅਨਪੜ੍ਹਤਾ, ਗਰੀਬੀ, ਛੂਆਛਾਤ, ਔਰਤਾਂਉੱਤੇਜ਼ਬਰ-ਜ਼ੁਲਮ ਆਦਿ ਤੇ ਆਧਾਰਤ ਸੀ, ਉਸ ਦੀਆਂ ਧੱਜੀਆਂ ਉਡਾਉਣੀਆਂ। ਭੀਮਾ ਕੋਰੇਗਾਂਓ ਦਾ ਇਹ ਯੁੱਧ, ਜ਼ਾਲਮ ਪੇਸ਼ਵਾ ਬ੍ਰਾਮਣਾਂ ਲਈ ਉਨ੍ਹਾਂ ਦੇ ਸਦੀਆਂ ਤੋਂ ਜ਼ੁਲਮਾਂ ਦਾ ਉਨ੍ਹਾਂ ਦੇ ਮੂੰਹ ਤੇ ਇੱਕ ਕਰਾਰਾ ਥੱਪੜ ਸੀ।

**ਯਾਦਗਾਰ-** ਮਹਾਰ ਰੱਜਮੈਂਟ ਦੇ ਬਹਾਦਰ ਸੈਨਿਕਾਂ ਦੀਆਂ ਬਹਾਦਰੀਆਂ ਕਰਕੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਅੰਗਰੇਜਾਂ ਵਲੋਂ ਫੌਜੀ ਗਤੀਵਿਧੀਆਂ ਦੀ ਰਪਿੋਰਟ ਅਨੁਸਾਰ ਉਇਤਹਾਸਕ ਬਹਾਦਰੀ, ਬਰਕਰਾਰ ਹਿੰਮਤ, ਸਿਸਟਮ ਅਤੇ ਸ਼ਲਾਘਾਯੋਗ ਇਕ ਅਹਿਮ ਯੁੱਧ ਸੀ"।

ਸਭ ਤੋਂ ਵੱਧ ਬਹਾਦਰੀਮਹਾਰ ਰੱਜਮੈਂਟ ਦੀ ਇਹ ਸੀ ਕਿ 27 ਮੀਲ ਦੇ ਪੈਦਲ ਸਫਰ ਵਿੱਚ ਖਾਣ ਪੀਣ ਨੂੰ ਬਹੁਤ ਹੀ ਘੱਟ ਮਾਤਰਾ ਵਿੱਚ ਮਿਲਣਾ, ਇਨਸਾਨ ਅਤੇ ਪਸ਼ੂ ਬੀਮਾਰੀ ਦਾ ਸ਼ਿਕਾਰ ਹੋ ਰਹੇ ਸਨ, ਚਾਹੇ ਉਹ ਲੜ ਰਹੇ ਸਨ ਚਾਹੇ ਉਨ੍ਹਾਂ ਨੂੰ ਕੈਦੀ ਬਣਾ ਲਿਆ ਸੀਅਗਰ ਹਾਲਾਤਾਂ ਅਨੁਸਾਰ ਯੁੱਧ ਦੇ ਦਾਓ-ਪੇਚ ਵਰਤਕੇ ਪਿੱਛੇ ਹਟਣਾ ਪਿਆ ਪਰ ਬਾਦ ਵਿੱਚ ਉਹ ਆਪਣੇ ਬੜੇ ਅਹੁਦੇਦਾਰਾਂ ਨਾਲ ਖੜ੍ਹੇ ਰਹੇ ਅਤੇ ਮਹਾਰ ਰਜਿਮੈਂਟ ਦੀ ਇੱਜ਼ਤ ਅਤੇ ਬਹਾਦਰੀ ਨੂੰ ਲਾਜ ਨਹੀਂ ਲੱਗਣ ਦਿੱਤੀ !



ਮਹਾਰ ਰੱਜਮੈਂਟ ਦੇ ਹਿੰਮਤੀ ਅਤੇ ਬਹਾਦਰ ਸੈਨਿਕਾਂ ਨੂੰ ਅੰਗਰੇਜ਼ਾਂ ਨੇ 1851 ਈਸਵੀ ਵਿੱਚ ਕੋਰੇਗਾਂਓ ਵਿਖੇਉਸ ਭੀਮਾ ਨਦੀ ਦੇ ਕੰਢੇਉੱਤੇ (ਜਿਸ ਨਦੀਵਿੱਚ ਖੜ੍ਹਕੇ ਨਿੱਡਰ ਅਤੇ ਬਹਾਦਰ ਮਹਾਰ ਸੈਨਿਕਾਂ ਨੇ 28,000 ਪੇਸ਼ਵਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ 2,000 ਨੂੰ ਨੱਠਣ ਤੇ ਮਜ਼ਬੂਰ ਕਰ ਦਿੱਤਾ) ਹੀ ਇੱਕ ਯਾਦਗਾਰੀ 75 ਫੁੱਟ ਉੱਚਾਸਤੰਭ ਬਣਾਕੇ ਸਨਮਾਨਤ ਕੀਤਾਅਤੇ ਉਨ੍ਹਾਂ 22 (ਬਾਈ) ਸ਼ਹੀਦ ਮਹਾਰ ਸੈਨਿਕਾਂ ਦੇ ਨਾਂਅਉੱਕਰੇ ਗਏ ਜੋ ਇਸ ਇਤਹਾਸਕ ਯੁੱਧ ਵਿੱਚ ਲੜਦੇ-ਲੜਦੇ ਸ਼ਹੀਦ ਹੋ ਗਏ। ਅੱਜ ਵੀ ਇਹ ਸਤੰਭ ਬਰਕਰਾਰ ਹੈ ਜੋ ਕਿ ਸਾਨੂੰ ਆਪਣੇ ਬਜ਼ੁਰਗਾਂ ਦੀ ਬਹਾਦਰੀ, ਹਿੰਮਤ, ਤਿਆਗ, ਇੱਜ਼ਤ ਦੀ ਜਿੰਦਗੀ ਜਿਉਣ ਲਈ ਸੰਘਰਸ਼ਆਦਿ ਦੀ ਯਾਦ ਕਰਾਉਂਦਾ ਹੈ ਅਤੇ ਯੂਰੇਸ਼ੀਅਨ ਬ੍ਰਾਮਣਾਂ ਵਲੋਂ ਦਿੱਤੇ ਗਏ ਜਾਤ-ਪਾਤ ਦੇ ਕੋਹੜ੍ਹ ਖਿਲਾਫ ਜੱਦੋ ਜ਼ਹਿਦ ਕਰਨ ਲਈ ਪ੍ਰੇਰਦਾ ਹੈ।

ਇਸ ਯੁੱਧ ਵਿੱਚ ਸ਼ਹੀਦ ਹੋਏ ਸ਼ਹੀਦਾਂ ਦੇ ਨਾਂਅ-:

1) ਸੋਨਨਾਕ ਕਮਲਕਾਕ, 2) ਰਾਮਨਾਕਯੇਸਨਾਕ, ਇਹ ਦੋਨੋਂ ਸੂਬੇਦਾਰ ਸਨ।

3) ਗੋਂਦਨਾਕ ਕੋਢੇਨਾਕ, 4) ਰਾਮਨਾਕ ਯੇਸਨਾਕ, 5) ਭਾਗਨ-ਾਕਹਰਨਾਕ,

6) ਅੰਬਰਨਾਥ ਕਾਨਨਾਕ, 7) ਰੂਪਨਾਕ ਲੱਖਨਾਕ, 8) ਗਣਨਾਕ ਬਲਨਾਕ

9) ਕਾਲਨਾਕ ਕੌਂਡਨਾਕ, 10) ਵਪਨਾਕ ਰਾਮਨਾਕ, 11) ਵਿਟਨਾਕ ਧਾਮਨਾਕ,

12) ਰਾਜਨਾਕ ਗਣਨਾਕ, 13) ਵਪਨਾਕ ਹਰਨਾਕ, 14) ਰੈਨਾਕ ਵਾਨਨਾਕ,

15) ਗਣਨਾਕ ਧਰਮਨਾਕ, 16) ਦੇਵਨਾਕ ਆਨਨਾਕ 17) ਗੋਪਾਲਨਾਕ ਬਾਲਨਾਕ,

18) ਹਰਨਾਕ ਹਿਰਨਾਕ, 19) ਜੇਠਨਾਕ ਹਿਰਨਾਕ, 20) ਗਣਨਾਮ ਲੱਖਨਾਕ ঃ

ਉਪਰੋਕਤ ਸਾਰੇ ਸਿਪਾਹੀ ਸਨ।

ਦੋ ਸ਼ਹੀਦਾਂ ਦੇ ਨਾਂਅ ਨਹੀਂ ਹਨ।

ਜ਼ਖ਼ਮੀ ਯੋਧਿਆਂ ਦੇ ਨਾਂਅ-:

1) ਜਾਨਨਾਕ ਹਿਰਨਾਕ, 2) ਭੀਕਨਾਕ ਰਤਨਾਕ, 3) ਰਤਨਾਕ ਧਾਕਨਾਕ

ਯਾਦ ਰਹੇ ਭਾਰਤ ਸਰਕਾਰ ਨੇ ਵੀ ਦੇਰ ਆਏ ਦਰੁਸਤ ਆਏ, 1981 ਵਿੱਚ ਇਸ ਭਾਰਤ ਦੇਸ਼ ਦੇ ਮੂਲਨਿਵਾਸੀਆਂ ਦੀ ਹਿੰਮਤ ਅਤੇ ਬਹਾਦਰੀ ਨੂੰ ਸਨਮਾਨਤ ਕਰਦੇ ਹੋਏ 35 ਪੈਸੇ ਵਾਲੀ ਡਾਕ ਟਿਕਟ ਕੱਢੀ ਸੀ।

ਭਾਰਤ ਦੇ ਮਹਾਨ ਸਪੂਤ ਵਿਸ਼ਵ ਰਤਨ ਬਾਬਾ ਸਾਹਿਬ ਡਾ: ਅੰਬੇਡਕਰ ਅਕਸਰ 1 ਜਨਵਰੀ ਨੂੰ ਇਸ ਯਾਦਗਰੀ ਸ਼ਹੀਦੀ ਅਸਥਾਨ ਉੱਤੇ ਜਾਕੇ ਉਨ੍ਹਾਂ ਮਹਾਨ ਯੋਧਿਆ ਨੂੰ ਆਪਣੀ ਸ਼ਰਧਾ ਦੇ ਫੁੱਲ ਚੜ੍ਹਾਇਆ ਕਰਦੇ ਸਨ ਅਤੇ ਬਾਕੀ ਆਏ ਹੋਏ ਲੋਕਾਂ ਨੂੰ ਆਪਣੇ ਜੋਸ਼ੀਲੇ ਭਾਸ਼ਣ ਨਾਲ ਝੰਜੋੜਦੇ ਹੋਏ ਕਹਿੰਦੇ ਸਨ ਕਿ ਉਸਾਨੂੰ ਵੀ ਇਨ੍ਹਾਂ ਸ਼ਹੀਦਾਂ ਦੀ ਤਰ੍ਹਾਂ ਇਸ ਦੇਸ਼ ਵਿੱਚੋਂ ਬ੍ਰਾਮਣਵਾਦ ਨੂੰ ਜੜ੍ਹਾਂ ਤੋਂ ਖ਼ਤਮ ਕਰਨ ਲਈ ਤਾਕਤ ਅਤੇ ਮਜਬੂਤ ਇਰਾਦੇ ਨਾਲ ਕੰਮ ਕਰਨਾ ਚਾਹੀਦਾ ਹੈ" 1 ਜਨਵਰੀ 1927 ਨੂੰ ਬਾਬਾ ਸਾਹਿਬ ਨੇ ਇਸ ਕੋਰੇਗਾਂਓ ਦੇ ਸਤੰਭ ਵਾਲੀ ਯਾਦਗਾਰ ਤੇ ਇੱਕ ਬਹੁਤ ਵਿਸ਼ਾਲ ਕਾਨਫਰੰਸ ਕੀਤੀ ਸੀ ਜਿਸ ਵਿੱਚ ਅਣਗਿਣਤ ਲੋਕਾਂ ਨੇ ਹਿੱਸਾ ਲਿਆ, ਜਿਸ ਵਿੱਚ ਬਾਬਾ ਸਾਹਿਬ ਨੇਬਹਾਦਰ ਮਹਾਰ ਸੈਨਿਕਾਂ ਦੀ ਬਹਾਦਰੀ ਵਾਰੇ ਬਹੁਤ ਹੀ ਵਿਦਵਤਾ ਅਤੇ ਜੋਸ਼ੀਲਾ ਭਾਸ਼ਣ ਕੀਤਾ।

ਆਮ ਤੌਰ ਤੇ ਲੋਕ ਮਰਨ ਤੋਂ ਬਾਦ ਮਹਾਨ ਬਣਦੇ ਹਨ ਪਰ ਭਾਰਤ ਵਾਸੀਆਂ ਦੇ ਬੇਤਾਜ ਬਾਦਸ਼ਾਹ ਬਾਬਾ ਸਾਹਿਬ ਡਾ: ਅੰਬੇਡਕਰ ਨੂੰ ਉਨ੍ਹਾਂ ਦੇ ਸ਼ਰਧਾਲੂਆਂ ਨੇ ਜਿਉਂਦੇ ਜੀਅ ਹੀ ਮਹਾਨ ਬਣਾ ਦਿੱਤਾ।

ਉਨ੍ਹਾਂ ਦੇ ਸ਼ਰਧਾਲੂ ਉਨ੍ਹਾਂ ਦੇ ਜਿਉਂਦੇ-ਜੀਅ ਹੀ ਬਾਬਾ ਸਾਹਿਬ ਦਾ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਉਂਦੇ ਸਨ। ਬਾਬਾ ਸਾਹਿਬ ਆਪਣੇ 59ਵੇਂ ਜਨਮ ਦਿਵਸ ਉੱਤੇ (14 ਅਪ੍ਰੈਲ 1950) ਉਨ੍ਹਾਂ ਦੇ ਪੈਰੋਕਾਰਾਂ ਦੇ ਬੁਲਾਉਣ ਤੇ ਕੋਰੇਗਾਂਓਂ ਆਏ ਸਨ। ਉਸ ਸਮੇਂ ਦੇ ਮਹਾਰ ਰਜਿਮੈਂਟ ਦੇ ਖਾਸ ਔਹੁਦੇਦਾਰਾਂ ਦੇ ਨਾਲ ਬਾਬਾ ਸਾਹਿਬ ਦੀ ਇੱਕ ਫੋਟੋ ਵੀ ਹੈ।

ਇਸ ਸਾਲ ਅਤੇ ਹਰ ਸਾਲ ਨਵੇਂ ਸਾਲ ਤੇ ਆਪਾਂਕਈ ਤਰ੍ਹਾਂ ਦੀਆਂ ਖੁਸ਼ੀਆਂ ਮਨਾਉਂਦੇ ਹਾਂ ਸਾਨੂੰ ਇਸ ਦਿਨ ਤੇਆਪਣੇ ਬਹਾਦਰ ਸ਼ਹੀਦਾਂ ਨੂੰ ਸ਼ਰਧਾਂਜਲੀ ਜਰੂਰ ਭੇਂਟ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਆਪਣੀ ਹਿੰਮਤ ਅਤੇ ਬਹਾਦਰੀ ਨਾਲ ਪੇਸ਼ਵਾ ਬ੍ਰਾਮਣਾਂ ਦਾ ਨਾਸ਼ ਕੀਤਾ ਜੋ ਕਿ ਅਤੰਕਵਾਦੀ ਬ੍ਰਾਮਣਾਂ ਦਾ ਰਾਜ ਸੀ, ਜਿਨ੍ਹਾਂ ਨੇ ਕਾਲੇ ਕਾਨੂੰਨਾਂ ਦੀ ਕਿਤਾਬ, ਮਨੂੰਸਿਮ੍ਰਤੀ ਦੇ ਆਧਾਰ ਤੇ ਸਾਡੇ ਉੱਤੇ ਗੈਰ ਇਨਸਾਨੀਅਤ ਦੇਜ਼ੁਲਮ ਕੀਤੇ ਅੱਜ ਵੀ ਕਰ ਰਹੇ ਹਨ। ਇਹ ਇੱਕ ਖਾਸ ਦਿਨ ਹੈ ਜੋ ਸਾਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਵਾਰੇ ਯਾਦ ਕਰਾਉਂਦਾ ਹੈ।

ਪਿਛਲੇ ਸਾਲ ਜਦੋਂ 1 ਜਨਵਰੀ 2018 ਨੂੰ ਸਾਰੇ ਭਾਰਤ ਤੋਂ ਆਏ ਹੋਏ ਮੂਲ਼ਨਿਵਾਸੀਆਂ ਨੇ ਇਸ ਸੌ ਸਾਲਾ ਦਿਵਸ ਨੂੰ ਧੂਮ-ਧਾਮ ਨਾਲ ਮਨਾਉਣ ਲਈ ਲੱਖਾਂ ਦੀ ਗਿਣਤੀ ਵਿੱਚ ਇਕੱਠੇ ਹੋਏ ਤਾਂ ਮੰਨੂਵਾਦੀਆਂ ਨੂੰ ਇਹ ਹਜ਼ਮ ਨਹੀ ਹੋਇਆ। ਆਪਣੇ ਆਪਣੇ ਬੱਚਿਆਂ ਨਾਲ ਵੱਖ-ਵੱਖ ਸਟੇਟਾਂ ਤੋਂ ਆਏ ਹੋਏ ਮੂਲਨਿਵਾਸੀਆਂ ਉੱਤੇ ਬੰਦੂਕਾਂ, ਪਿਸਤੌਲਾਂ, ਲਾਠੀਆਂ, ਚਾਕੂਆਂ ਆਦਿ ਨਾਲ ਹਮਲਾ ਕਰ ਦਿੱਤਾ, ਜਿਸ ਵਿੱਚ 3-4 ਨੌਜਵਾਨ ਸ਼ਹੀਦ ਹੋ ਗਏ। ਇੱਕ ਹੋਰ ਮੰਨੂਵਾਦੀਆਂ ਦੀ ਕਮੀਨਗੀ ਦੇਖੋ ਕਿ ਇਸ ਦੰਗਾ-ਫਸਾਦ ਲਈ ਮਹਾਰਾਸ਼ਟਰ ਸਰਕਾਰ ਨੇ ਇੰਕੁਆਰੀ ਕਮਿਸ਼ਨ ਬੈਠਾ ਦਿੱਤਾ, ਇਸ ਕਮਿਸ਼ਨ ਨੇ ਦੰਗਾ-ਫਸਾਦ ਨੂੰ ਇੱਕ ਖੂੰਜੇ ਰੱਖਕੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹ ਯੁੱਧ ਤਾਂ ਹੋਇਆ ਹੀ ਨਹੀ ! ਅਗਰ ਹੋਇਆ ਹੈ ਤਾਂ ਜਿਸ ਬੜੇ ਪੈਮਾਨੇ ਤੇ ਮੂਲਨਿਵਾਸੀ ਵਿਦਵਾਨ ਕਹਿੰਦੇ ਹਨ, ਉਨਾਂ ਨਹੀਂ ਹੋਇਆ। ਅੰਗ਼ਰੇਜ਼ਾਂ ਦੀ ਫੌਜ ਦੇ ਇਤਿਹਾਸ ਵਿੱਚ ਇਸ ਯੁੱਧ ਵਾਰੇ ਸਾਫ ਸਾਫ ਲਿਖਿਆਂ ਮਿਲਦਾ ਹੈ। ਇੱਕ ਹੋਰ ਝੂਠ ਬ੍ਰਾਮਣ ਬੋਲਦੇ ਹਨ ਕਿ ਇਹ ਯੁੱਧ ਬ੍ਰਾਮਣ ਪੇਸ਼ਵਾਂ ਅਤੇ ਮਹਾਰਾਂ ਵਿੱਚ ਨਹੀਂ, ਮਰਾਠਿਆਂ ਅਤੇ ਮਹਾਰਾਂ ਵਿੱਚ ਹੋਇਆ ਸੀ।ਇੱਕ ਵਾਰ ਫਿਰ ਇਹ ਯੂਰੇਸ਼ੀਅਨ ਸਾਡਾ ਇਤਿਹਾਸ ਬਦਲ ਅਤੇ ਬਰਬਾਦ ਕਰ ਰਹੇ ਹਨ, ਜਿਵੇਂ ਪਹਿਲੀ ਵਾਰ ਸਾਡੀਆਂ ਸੱਭਿਆਚਾਰਕ ਇਤਿਹਾਸਕ ਮੋਹਿੰਜੋਦਾੜੋ, ਸਿੰਧੂ ਘਾਟੀ ਅਤੇ ਹੜੱਪਾ ਨੂੰ ਕੀਤਾ।ਦੂਸਰੀ ਵਾਰ ਨਾਲੰਦਾ ਵਿੱਚ ਸਾਡੀਆਂ ਕਈ ਕਈ ਮੰਜਿਲਾਂ ਲਾਇਬਰੇਰੀਆਂ ਵਿੱਚ ਪਏ ਬੇਸ਼ੁਮਾਰ ਲਿਟਰੇਚਰ ਨੂੰ ਜਲਾਇਆ ਸੀ।

ਆਓ ਆਪਾਂ ਜੰਬੂਦੀਪ ਦੇ ਮੂਲਨਿਵਾਸੀ ਛਾਤੀ ਚੌੜੀ ਕਰਕੇ ਲੋਕਾਂ ਨੂੰ ਦੱਸੀਏ ਕਿ ਅਸੀਂ ਇਹੋ ਜਿਹੇ ਬਹਾਦਰਾਂ ਦੀ ਸੰਤਾਨ ਹਾਂ, ਜਿਨ੍ਹਾਂ ਨੇ 500 ਹੁੰਦਿਆਂ ਹੋਇਆਂ ਵੀ ਆਪਣੀ ਹਿੰਮਤ ਅਤੇ ਬਹਾਦਰੀ ਨਾਲ 28,000 ਜ਼ਾਲਮ ਪੇਸ਼ਵਾ ਬ੍ਰਾਮਣਾਂ ਨੂੰ ਮੌਤ ਦੇ ਘਾਟ ਉਤਾਰਿਆ। ਮੈਨੂੰ ਵੀ ਇਨ੍ਹਾਂਸ਼ਹੀਦਾਂ ਦੀ ਪਵਿੱਤਰ ਧਰਤੀ ਉੱਤੇ ਆਪਣੀ ਧੰਮ ਭਾਰੀਆਂ (ਵਾਈਫ) ਸੁਮਿੱਤਰਾ ਨਾਲ ਜਨਵਰੀ 2012 ਵਿੱਚ ਜਾਣ ਦਾ ਮੌਕਾ ਮਿਲਿਆ। ਜਦੋਂ ਮੈਂ ਇਸ ਜ਼ਮੀਨ ਉੱਤੇ ਚੱਲ ਰਿਹਾ ਸੀ ਤਾਂ ਮੇਰੇ ਸ਼ਰੀਰ ਵਿੱਚ ਛਣ-ਛਣਾਹਟ ਹੋ ਰਹੀ ਸੀ ਕਿ ਅੱਜ ਮੈਂ ਇਨ੍ਹਾਂ ਬਜ਼ੁਰਗਾਂ ਦੀਆ ਕੁਰਬਾਨੀਆਂ ਦੇ ਸਦਕੇ ਹੀ ਜਹਾਜ਼ਾਂ ਵਿੱਚ ਘੁੰਮਦਾ ਹਾਂ, ਨਹੀਂ ਤਾਂ ਮੈਨੂੰ ਬੈਲਗਾੜੀ ਉੱਤੇ ਵੀ ਨਹੀਂ ਬੈਠਣ ਦੇਣਾ ਸੀ !

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 'ਜ਼ਫ਼ਰਨਾਮਾ'- ਕਲਮ ਦੀ ਤਲਵਾਰ 'ਤੇ ਜਿੱਤ ਦਾ ਪ੍ਰਤੀਕ



ਗੁਰੂ ਗੋਬਿੰਦ ਸਿੰਘ ਜੀ ਜਿੱਥੇ ਕਿ ਬਲੀਦਾਨ ਪ੍ਰੰਪਰਾ ਦੀ ਅਦੁੱਤੀ ਮਿਸਾਲ ਹਨ, ਉਥੇ ਉਹ ਇਕ ਮਹਾਨ ਲੇਖਕ, ਮੌਲਿਕ ਚਿੰਤਕ ਤੇ ਕਈ ਭਾਸ਼ਾਵਾਂ ਦੇ ਗਿਆਤਾ ਵੀ ਸਨ। ਉਨ੍ਹਾਂ ਨੇ ਖੁਦ ਕਈ ਗ੍ਰੰਥਾਂ ਦੀ ਰਚਨਾ ਕੀਤੀ। ਉਹ ਵਿਦਵਾਨਾਂ ਦੇ ਬਹੁਤ ਕਦਰਦਾਨ ਸਨ। ਉਨ੍ਹਾਂ ਦੇ ਦਰਬਾਰ 'ਚ 52 ਵਿਦਵਾਨ ਹਮੇਸ਼ਾ ਮੌਜੂਦ ਰਹਿੰਦੇ ਸਨ। ਇਸ ਲਈ ਉਨ੍ਹਾਂ ਨੂੰ 'ਸੰਤ ਸਿਪਾਹੀ' ਵੀ ਕਿਹਾ ਜਾਂਦਾ ਹੈ। ਗੁਰੂ ਸਾਹਿਬ ਭਲੀ-ਭਾਂਤ ਜਾਣਦੇ ਸਨ ਕਿ ਤਲਵਾਰ ਨਾਲੋਂ ਕਲਮ ਦੀ ਤਾਕਤ ਜ਼ਿਆਦਾ ਹੁੰਦੀ ਹੈ ਤੇ ਕਲਮ ਹੀ ਕ੍ਰਾਂਤੀ ਲਿਆਉਂਦੀ ਹੈ। ਇਸੇ ਲਈ ਹੀ ਉਨ੍ਹਾਂ ਨੇ ਆਪਣੇ ਦਰਬਾਰੀ ਵਿਦਵਾਨਾਂ ਦੀਆਂ ਰਚਨਾਵਾਂ ਦਾ ਇਕ ਗ੍ਰੰਥ ਤਿਆਰ ਕੀਤਾ, ਜਿਸਦਾ ਨਾਮ 'ਵਿਦਿਆ ਸਾਗਰ' ਰੱਖਿਆ। ਇਸ ਗ੍ਰੰਥ ਦਾ ਭਾਰ ਵਿਦਵਾਨ ਨੌਂ ਮਣ ਦੱਸਦੇ ਹਨ ਪਰ ਬਦਕਿਸਮਤੀ ਨੂੰ ਇਹ ਮਹਾਨ ਗ੍ਰੰਥ ਆਨੰਦਪੁਰ ਸਾਹਿਬ ਛੱਡਣ ਸਮੇਂ ਸਿਰਸਾ ਨਦੀ ਪਾਰ ਕਰਦਿਆਂ, ਨਦੀ ਦੇ ਤੇਜ਼ ਵਹਾਅ 'ਚ ਰੁੜ੍ਹ ਗਿਆ। ਇਹ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਗੁਰੂ ਗੋਬਿੰਦ ਸਿੰਘ ਜੀ ਭਗਤੀ ਤੇ ਸ਼ਕਤੀ ਦੇ ਇਕ ਅਦੁੱਤੀ ਪ੍ਰਤੀਕ ਸਨ। ਔਰੰਗਜ਼ੇਬ ਨੂੰ ਲਿਖਿਆ 'ਜ਼ਫ਼ਰਨਾਮਾ' ਭਾਵ ਫਤਿਹ ਦੀ ਚਿੱਠੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਜਿੱਤ ਦਾ ਪ੍ਰਤੀਕ ਵੀ ਕਿਹਾ ਜਾ ਸਕਦਾ ਹੈ ਜੋ ਭਾਰਤ ਵਰਸ਼ 'ਚ ਸੰਭਾਵੀ ਕ੍ਰਾਂਤੀ ਦੇ ਸੰਦੇਸ਼ ਵੱਲ ਵੀ ਇਸ਼ਾਰਾ ਕਰਦਾ ਹੈ। ਇਸੇ ਲਈ ਹੀ ਇਸ ਨੂੰ ਉਨ੍ਹਾਂ ਦੀ ਮਹਾਨ ਰਚਨਾ ਕਿਹਾ ਜਾਂਦਾ ਹੈ। ਇਸ ਦੇ ਮੰਤਵ ਤੇ ਇਤਿਹਾਸ ਨੂੰ ਸਮਝਣ ਲਈ ਇਸ ਦਾ ਵੇਰਵਾ ਨਿਮਨਲਿਖਤ ਅਨੁਸਾਰ ਵਰਣਨ ਕੀਤਾ ਜਾਂਦਾ ਹੈ:-

ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ 'ਜ਼ਫ਼ਰਨਾਮੇ' ਦੇ ਮੰਤਵ ਨੂੰ ਸਪਸ਼ਟ ਕਰਨ ਲਈ ਉਹਨਾਂ ਦੁਆਰਾ ਲਿਖੇ ਗਏ ਕੁਝ ਕਾਵਿ-ਪਦਾਂ (ਸ਼ੇਅਰਾਂ) ਦਾ ਇੱਥੇ ਭਾਵ ਅਰਥ ਦੇਣਾ ਬੜਾ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮੇ' ਦਾ ਆਰੰਭ ਈਸ਼ਵਰ ਦੀ ਵੰਦਨਾ ਕਰਨ ਨਾਲ ਸ਼ੁਰੂ ਕੀਤਾ ਹੈ। ਉਹਨਾਂ ਨੇ ਆਪਣੇ ਬਾਰੇ 'ਚ ਲਿਖਿਆ ਹੈ ਕਿ ਮੈਂ ਪ੍ਰਮ-ਾਤਮਾ ਦੀ ਕਸਮ ਖਾਧੀ ਹੈ ਕਿ ਜਿਹੜੀ ਤਲਵਾਰ, ਤੀਰ-ਕਮਾਨ, ਬਰਛੀ ਤੇ ਕਟਾਰ ਦਾ ਖੁਦਾ ਹੈ ਤੇ ਜੰਗ ਦੇ ਮੈਦਾਨ 'ਚ ਤੂਫਾਨ ਦੀ ਤੇਜ਼ ਚਾਲ 'ਤੇ ਦੌੜਨ ਵਾਲੇ ਘੋੜਿਆਂ ਦਾ ਖੁਦਾ ਹੈ। ਉਹਨਾਂ ਨੇ ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ, ਉਹਨਾਂ ਦਾ (ਪ੍ਰਮਾਤਮਾ ਦਾ) ਨਾਮ ਲੈ ਕੇ, ਜਿਸ ਨੇ ਤੈਨੂੰ ਬਾਦਸ਼ਾਹਤ ਦਿੱਤੀ ਹੈ ਤੇ ਮੈਨੂੰ ਧਰਮ ਦੀ ਰੱਖਿਆ ਦੀ ਦੌਲਤ ਦਿੱਤੀ ਹੈ। ਮੈਨੂੰ ਉਹ ਸ਼ਕਤੀ ਦਿੱਤੀ ਹੈ ਕਿ ਮੈਂ ਧਰਮ ਦੀ ਰੱਖਿਆ ਕਰੂੰ ਜਿਸ ਨਾਲ ਸਚਾਈ ਦਾ ਝੰਡਾ ਉੱਚਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੱਤਰ 'ਚ ਔਰੰਗਜ਼ੇਬ ਨੂੰ ਅੱਤਿਆਚਾਰੀ, ਫਰੇਬੀ ਅਤੇ ਮੱਕਾਰ ਦੱਸਿਆ ਹੈ। ਇਸ ਦੇ ਨਾਲ ਹੀ ਉਸ ਦੀ ਇਬਾਦਤ ਨੂੰ ਢੌਂਗ ਕਿਹਾ ਹੈ ਤੇ ਉਸ ਨੂੰ ਆਪਣੇ ਪਿਤਾ ਤੇ ਭਰਾਵਾਂ ਦਾ ਹੱਤਿਆਰਾ ਵੀ ਕਿਹਾ ਹੈ।



ਪ੍ਰੋ: ਐਚ.ਐਲ. ਕਪੂਰ

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਵੈਭਿਮਾਨ ਅਥਵਾ ਵੀਰ ਭਾਵ ਦੀ ਜਾਣ-ਪਛਾਣ ਕਰਾਉਂਦੇ ਹੋਏ ਲਿਖਿਆ ਹੈ ਕਿ ਮੈਂ ਤੇਰੇ ਪੈਰਾਂ ਥੱਲੇ ਅਜਿਹੀ ਅੱਗ ਰੱਖਾਂਗਾ ਕਿ ਪੰਜਾਬ 'ਚ ਉਸ ਨੂੰ ਬੁਝਾਉਣ ਲਈ ਤੇ ਤੈਨੂੰ ਪੀਣ ਲਈ ਪਾਣੀ ਤੱਕ ਨਹੀਂ ਮਿਲੇਗਾ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਚੁਣੌਤੀ ਦਿੰਦਿਆਂ ਲਿਖਿਆ ਹੈ ਕਿ ਮੈਂ ਇਸ ਯੁੱਧ ਦੇ ਮੈਦਾਨ 'ਚ ਇਕੱਲਾ ਆਉਂਗਾ ਤੇ ਤੁਸੀਂ ਦੋ ਘੋੜ ਸਵਾਰਾਂ ਨੂੰ ਆਪਣੇ ਨਾਲ ਲੈ ਕੇ ਆਉਣਾ।' ਫਿਰ ਲਿਖਿਆ ਹੈ ਕਿ ਮੇਰੇ ਚਾਰੇ ਬੱਚੇ (ਅਜੀਤ ਸਿੰਘ, ਜੁਝਾਰ ਸਿੰਘ, ਫਤਿਹ ਸਿੰਘ, ਜ਼ੋਰਾਵਰ ਸਿੰਘ) ਮਾਰੇ ਗਏ ਹਨ ਪਰ ਕੁੰਡਲੀ ਮਾਰ ਕੇ ਡੱਸਣ ਵਾਲਾ ਨਾਗ ਅਜੇ ਬਾਕੀ ਹੈ।' ਇਹਨਾਂ ਵਿਚਾਰਾਂ ਨੂੰ ਪ੍ਰਗਟ ਕਰਦੀਆਂ 'ਜ਼ਫ਼ਰਨਾਮੇ' ਦੀਆਂ ਨਿਮਨਲਿਖਤ ਸੱਤਰਾਂ ਹਨ:

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਮਾਂਦਸਤ ਪੇਚੀਦਰ ਮਾਰ। 75

ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਇਤਿਹਾਸ ਤੋਂ ਸਿੱਖਿਆ ਲੈਣ ਲਈ ਕਿਹਾ ਹੈ ਕਿ ਸਿਕੰਦਰ ਤੇ ਸ਼ੇਰ ਸ਼ਾਹ ਕਿੱਥੇ ਹਨ? ਅੱਜ ਤੈਮੂਰ ਕਿੱਥੇ ਹੈ? ਬਾਬਰ ਕਿੱਥੇ ਹੈ? ਹਮਾਯੂੰ ਕਿੱਥੇ ਹੈ ਤੇ ਅਕਬਰ ਕਿੱਥੇ ਹੈ? ਆਪਣੇ ਜ਼ਫ਼ਰਨਾਮੇ 'ਚ ਗੁਰੂ ਸਾਹਿਬ ਫਿਰ ਔਰੰਗਜ਼ੇਬ ਨੂੰ ਲਲਕਾਰਦੇ ਹੋਏ ਲਿਖਦੇ ਹਨ, 'ਅਗਰ ਤੂੰ, ਕਮਜ਼ੋਰਾਂ 'ਤੇ ਜ਼ੁਲਮ ਕਰਦਾ ਹੈ, ਉਹਨਾਂ ਨੂੰ ਸਤਾਉਂਦਾ ਹੈਂ, ਤਾਂ ਕਸਮ ਹੈ ਕਿ ਇਕ ਦਿਨ ਆਰੇ ਨਾਲ ਚਿਰਵਾ ਦਊਂਗਾ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਯੁੱਧ ਤੇ ਸ਼ਾਂਤੀ ਬਾਰੇ ਆਪਣੀ ਨੀਤੀ ਸਪਸ਼ਟ ਕਰਦਿਆਂ ਲਿਖਿਆ ਹੈ ਕਿ:

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸ਼ਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

ਭਾਵ 'ਜਦੋਂ ਸਾਰੇ ਯਤਨ ਕੀਤੇ ਗਏ ਹੋਣ, ਨਿਆਂ ਦੇ ਰਸਤੇ 'ਚ ਰੁਕਾਵਟ ਹੋਏ, ਉਸ ਸਮੇਂ ਤਲਵਾਰ ਉਠਾਉਣਾ ਸਹੀ ਹੈ ਤੇ ਯੁੱਧ ਕਰਨਾ ਜ਼ਰੂਰੀ ਹੈ।

ਅੰਤਲੇ ਕਾਵਿ-ਪਦ 'ਚ ਈਸ਼ਵਰ 'ਚ ਪੂਰਨ ਭਰੋਸਾ ਪ੍ਰਗਟ ਕਰਦਿਆਂ ਉਹਨਾਂ ਨੇ ਲਿਖਿਆ ਹੈ, 'ਦੁਸ਼ਮਣ ਸਾਡੇ ਨਾਲ ਭਾਵੇਂ ਹਜ਼ਾਰਾਂ ਤਰ੍ਹਾਂ ਦੀ ਦੁਸ਼ਮਣੀ ਕਰੇ ਪਰ ਜਿਸ ਦਾ ਈਸ਼ਵਰ 'ਚ ਵਿਸ਼ਵਾਸ ਹੈ, ਉਸਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।' ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਜ਼ਫ਼ਰਨਾਮਾ ਕੇਵਲ ਇਕ ਪੱਤਰ ਹੀ ਨਹੀਂ ਹੈ ਬਲਕਿ ਇਹ ਇਕ 'ਵੀਰ ਕਾਵਿ' ਰਚਨਾ ਹੈ ਜਿਹੜੀ ਕਿ ਉਸ ਸਮੇਂ ਦੇ ਸਮੁੱਚੇ ਭਾਰਤ ਵਾਸੀਆਂ ਦੀਆਂ ਭਾਵਨਾਵਾਂ ਦਾ ਪ੍ਰਗਟਾ ਕਰਦੀ ਹੈ। ਅਤੀਤ ਤੋਂ ਵਰਤਮਾਨ ਤੱਕ ਨਾ ਜਾਣੇ ਕਿਤਨੇ ਦੇਸ਼ ਭਗਤਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪੱਤਰ ਤੋਂ ਪ੍ਰੇਰਨਾ ਲਈ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿਤਵ ਤੇ ਆਦਰਸ਼ਾਂ ਦੀ ਝਲਕ ਬੜੇ ਸਪਸ਼ਟ ਰੂਪ 'ਚ ਇਸ ਜ਼ਫ਼ਰਨਾਮੇ 'ਚੋਂ ਪ੍ਰਗਟ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪੱਤਰ ਔਰੰਗਜ਼ੇਬ ਨਾਲ ਇਕ ਸੰਧੀ ਨਹੀਂ ਹੈ ਸਗੋਂ ਉਸ ਖ਼ਿਲਾਫ਼ ਯੁੱਧ ਦਾ ਐਲਾਨ ਹੈ। ਇਸ ਦੇ ਨਾਲ ਹੀ ਇਹ ਪੱਤਰ ਸ਼ਾਂਤੀ, ਧਰਮ ਦੀ ਰੱਖਿਆ, ਵਿਸ਼ਵਾਸ ਤਥਾ ਆਤਮ ਵਿਸ਼ਵਾਸ ਦਾ ਸੰਦੇਸ਼ ਬੜੇ ਸਪਸ਼ਟ ਰੂਪ 'ਚ ਦਿੰਦਾ ਹੈ। ਉਹਨਾਂ ਦਾ ਇਹ ਪੱਤਰ ਪੀੜਤ, ਹਤਾਸ਼, ਨਿਰਾਸ਼ ਤਥਾ ਸਮਾਜਿਕ ਚੇਤਨਾ ਦੀ ਘਾਟ ਨੂੰ ਨਵਾਂ ਜੀਵਨ ਤੇ ਮਾਨਵ ਦੇ ਸਵੈ-ਭਿਮਾਨ ਨੂੰ ਜਾਗਰੂਪ ਕਰਨ ਵਾਲਾ ਹੈ। ਇਹ ਪੱਤਰ ਅੱਤਿਆਚਾਰੀ ਔਰੰਗਜ਼ੇਬ ਦੇ ਕੁਕਰਮਾਂ ਨੂੰ ਉਘਾੜਦਾ ਤੇ ਉਸ ਉਪਰ ਚੰਗੀ ਨੈਤਿਕਤਾ ਤੇ ਅਧਿਆਤਮਕਤਾ ਦੀ ਜਿੱਤ ਦਾ ਪ੍ਰਗਟਾ ਕਰਦਾ ਹੈ।

'ਜ਼ਫ਼ਰਨਾਮਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗਲ ਸਮਰਾਟ, ਔਰੰਗਜ਼ੇਬ ਨੂੰ ਫਾਰਸੀ ਸ਼ਿਅਰਾਂ 'ਚ ਲਿਖੀ ਹੋਈ ਇਕ ਚਿੱਠੀ ਹੈ। ਇਸ ਤਰ੍ਹਾਂ ਇਹ ਇਕ ਇਤਿਹਾਸਕ ਦਸਤਾਵੇਜ਼ ਹੈ। ਇਹ ਚਿੱਠੀ, ਜਿੱਥੇ ਹੋਰ ਇਤਿਹਾਸਕ ਵੇਰਵਿਆਂ ਦਾ ਜ਼ਿਕਰ ਕਰਦੀ ਹੈ, ਉਥੇ ਇਹ ਚਮਕੌਰ ਸਾਹਿਬ ਦੀ ਜੰਗ ਦਾ ਅੱਖੀਂ ਦੇਖਿਆ ਹਾਲ ਵੀ ਵਰਣਨ ਕਰਦੀ ਹੈ। ਇਸ ਦਾ ਹਰ ਸ਼ਿਅਰ ਅਣਖ ਗੈਰਤ, ਸਵੈਮਾਣ ਤੇ ਪ੍ਰਭੂ ਭਰੋਸਾ ਜਗਾਉਂਦਾ ਹੈ।

'ਜ਼ਫ਼ਰਨਾਮਾ' ਉਹ ਮਹਾਨ ਵਿਜੇ-ਪੱਤਰ ਹੈ, ਜਿਸ ਨੂੰ ਪੜ੍ਹ ਕੇ, ਔਰੰਗਜ਼ੇਬ ਨੇ ਅਸਿੱਧੇ ਤੌਰ 'ਤੇ ਹਾਰ ਮੰਨ ਲਈ ਸੀ। ਕਹਿੰਦੇ ਹਨ ਕਿ ਇਹ ਪੱਤਰ ਪੜ੍ਹ ਕੇ ਔਰੰਗਜ਼ੇਬ ਦੀਆਂ ਅੱਖਾਂ ਨਮ ਹੋ ਗਈਆਂ ਸਨ। ਜੋ ਕੰਮ ਤਲਵਾਰ ਨਹੀਂ ਕਰ ਸਕੀ, ਉਹ ਗੁਰੂ ਸਾਹਿਬ ਦੀ ਕਲਮ ਨੇ ਕਰ ਵਿਖਾਇਆ। ਇਸ ਸਬੰਧ ਵਿਚ ਸੰਤੋਖ ਸਿੰਘ ਧੀਰ ਦੀਆਂ ਇਹ ਸੱਤਰਾਂ ਬਹੁਤ ਹੀ ਮਹੱਤਵ ਰੱਖਦੀਆਂ ਹਨ:

'ਕਲਮ ਇਕ ਹਥਿਆਰ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, 'ਜ਼ਫ਼ਰਨਾਮਾ' ਤੀਰ ਦੀ ਨੋਕ ਨਾਲ ਲਿਖਿਆ। ਲਿਖਿਆ ਤਾਂ ਉਂਝ 'ਜ਼ਫ਼ਰਨਾਮਾ' ਕਲਮ ਨਾਲ ਹੀ ਗਿਆ ਸੀ ਪਰ ਉਹ ਕਲਮ, ਤੀਰ ਵਾਂਗ ਹਥਿਆਰ ਹੀ ਬਣੀ ਹੋਈ ਸੀ। ਇਸੇ ਲਈ ਤਾਂ 'ਜ਼ਫ਼ਰਨਾਮਾ' ਖੰਜਰ ਵਾਂਗ, ਔਰੰਗਜ਼ੇਬ ਦੇ ਦਿਲ ਵਿਚ ਜਾ ਕੇ ਵੱਜਾ ਸੀ। ਅੰਤ 'ਚ ਤਲਵਾਰ ਵੀ ਕਲਮ ਤੋਂ ਹਾਰ ਜਾਂਦੀ ਹੈ, ਯਾਨਿ ਸ੍ਰੀ ਗੁਰ ਗੋਬਿੰਦ ਸਿੰਘ ਜੀ ਦੀ ਕਲਮ ਤੋਂ ਔਰੰਗਜ਼ੇਬ ਦੀ ਤਲਵਾਰ ਹਾਰ ਜਾਂਦੀ ਹੈ।'

ਗੁਰੂ ਸਾਹਿਬ ਨੇ ਇਹ ਵਿਜੈ-ਪੱਤਰ ਚਮਕੌਰ ਦੀ ਜੰਗ ਤੋਂ ਮਗਰੋਂ ਤੇ ਸ੍ਰੀ ਮੁਕਤਸਰ ਸਾਹਿਬ ਦੀ ਲੜਾਈ ਤੋਂ ਪਹਿਲਾਂ, ਦੀਨਾ-ਕਾਂਗੜ (ਜ਼ਿਲ੍ਹਾ ਫਰੀਦਕੋਟ) ਵਿਖੇ ਆਪਣੇ ਠਹਿਰਾਅ ਦੌਰਾਨ ਲਿਖਿਆ (ਦੀਨਾ ਤੇ ਕਾਂਗੜ ਅਸਲ ਵਿਚ ਦੋ ਜੁੜਵੇਂ ਪਿੰਡ ਹਨ)

ਚਮਕੌਰ ਦੀ ਜੰਗ ਤੋਂ ਬਾਅਦ ਗੁਰੂ ਸਾਹਿਬ ਮਾਛੀਵਾੜਾ, ਆਲਮਗੀਰ ਤੇ ਰਾਏਕੋਟ ਤੋਂ ਹੁੰਦੇ ਹੋਏ ਦੀਨਾ-ਕਾਂਗੜ ਵਿਖੇ ਪਹੁੰਚੇ ਸਨ ਇੱਥੇ ਰਾਇ ਜੋਧ ਦੇ ਪੋਤਰਿਆਂ, ਚੌਧਰੀ ਤਖਤ ਮੱਲ, ਲਖਮੀਰ ਤੇ ਸਮੀਰ ਨੇ ਗੁਰੂ ਸਾਹਿਬ ਦਾ ਸਵਾਗਤ ਕੀਤਾ ਅਤੇ ਉਹਨਾਂ ਨੂੰ ਸਤਿਕਾਰ ਸਹਿਤ ਆਪਣੇ ਨਿਵਾਸ ਸਥਾਨ 'ਤੇ ਲੈ ਗਏ (ਰਾਏ ਜੋਧ, ਗੁਰੂ ਘਰ ਦਾ ਇਕ ਅਨਿਨ ਸੇਵਕ ਸੀ ਅਤੇ ਇਨਸਾਫ ਦੀਆਂ ਜੰਗਾਂ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸੇ ਹੋ ਕੇ ਲੜਦਾ ਰਿਹਾ ਸੀ)। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਥੇ ਲਗਭਗ ਦੋ ਮਹੀਨੇ ਠਹਿਰੇ ਸਨ ਅਤੇ ਇੱਥੋਂ ਹੀ ਔਰੰਗਜ਼ੇਬ ਵੱਲ 'ਜ਼ਫ਼ਰਨਾਮਾ' ਭੇਜਿਆ ਸੀ।

'ਜ਼ਫ਼ਰਨਾਮੇ' ਦਾ ਸ਼ਾਬਦਿਕ ਅਰਥ ਹੈ 'ਜਿੱਤ ਦੀ ਚਿੱਠੀ'। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਮੂਲ ਰੂਪ 'ਚ ਫਾਰਸੀ ਭਾਸ਼ਾ 'ਚ ਲਿਖਿਆ ਹੈ। ਇਸ 'ਚ ਮਾਮੂਲੀ ਪਰਿਵਰਤਨ ਵੀ ਹੋਏ ਹਨ। ਕਈ ਭਾਸ਼ਾਵਾਂ 'ਚ ਇਸ ਦੇ ਅਨੁਵਾਦ ਵੀ ਹੋਏ ਹਨ। ਹਿੰਦੀ 'ਚ ਇਸ ਦਾ ਅਨੁਵਾਦ ਬਾਲ ਕ੍ਰਿਸ਼ਨ ਮੁਜੰਤਰ (ਕੁਰੂਕਸ਼ੇਤਰਾ 1990) ਤੇ ਜਨਜੀਵਨ ਜੋਤ ਸਿੰਘ ਆਨੰਦ (ਦੇਹਰਾਦੂਨ 2006) ਨੇ ਕੀਤਾ। ਮਹਿੰਦਰ ਸਿੰਘ ਨੇ ਪੰਜਾਬੀ 'ਚ ਤੇ ਸੁਰਿੰਦਰਜੀਤ ਸਿੰਘ ਨੇ ਇਸ ਦਾ ਅਨੁਵਾਦ ਅੰਗਰੇਜ਼ੀ 'ਚ ਕੀਤਾ। ਇਸ ਤੋਂ ਕੁਝ ਸਮਾਂ ਬਾਅਦ ਨਵਤੇਜ ਸਿੰਘ ਸਰਨ ਨੇ ਵੀ ਇਸ ਦਾ ਅਨੁਵਾਦ ਅੰਗਰੇਜ਼ੀ 'ਚ ਕੀਤਾ। ਇਸ ਪੱਤਰ ਵਿਚ ਫਾਰਸੀ 'ਚ ਲਿਖੇ ਹੋਏ 111 ਕਾਵਿ-ਪਦੇ (ਸ਼ੇਅਰ) ਹਨ। ਜ਼ਫ਼ਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲੜਾਈਆਂ ਦਾ ਬੜੀ ਵੀਰਤਾ ਤੇ ਦਲੇਰੀ ਨਾਲ, ਮੁਗਲਾਂ ਦਾ ਬੜੇ ਰੋਮਾਂਟਿਕ ਢੰਗ ਨਾਲ ਟਾਕਰਾ ਕਰਨ ਦਾ ਵਰਣਨ ਕੀਤਾ ਹੈ। ਇਸ ਕਾਵਿ-ਪਦਿਆਂ ਵਾਲੀ ਚਿੱਠੀ ਵਿਚ ਇਕ-ਇਕ ਲੜਾਈ ਦਾ ਵਰਣਨ, ਕਿਸੇ ਵੀ ਮਾਨਵ 'ਚ ਨਵਾਂ ਜੀਵਨ ਭਰਨ ਦੀ ਸਮਰੱਥਾ ਰੱਖਦਾ ਹੈ। ਇਸ 'ਚ ਖਾਲਸਾ-ਪੰਥ ਦੀ ਸਥਾਪਨਾ, ਆਨੰਦਪੁਰ ਸਾਹਿਬ ਛੱਡਣਾ, ਫਤਿਹਗੜ੍ਹ ਦੀ ਘਟਨਾ, ਚਾਲੀ ਮੁਕਤਿਆਂ ਦੀ ਸ਼ਹੀਦੀ, ਦੋ ਗੁਰੂ ਪੁੱਤਰਾਂ ਦੀ ਨੀਂਹਾਂ 'ਚ ਚਿਣਵਾਈ ਤੇ ਦੋ ਪੁੱਤਰਾਂ ਦੀ ਚਮਕੌਰ ਦੀ ਗੜ੍ਹੀ 'ਚ ਸ਼ਹੀਦੀ ਦਾ ਵਰਣਨ ਹੈ। ਇਸ 'ਚ ਮਰਾਠਿਆਂ ਤੇ ਰਾਜਪੂਤਾਂ ਦੀ ਜਿੱਤ ਤੇ ਔਰੰਗਜ਼ੇਬ ਦੀ ਕਰਾਰੀ ਹਾਰ ਦਾ ਵਰਣਨ ਵੀ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਉਹਨਾਂ ਨੇ ਪੰਜਾਬ 'ਚ ਉਸ (ਔਰੰਗਜ਼ੇਬ) ਦੀ ਹਾਰ ਦੀ ਪੂਰੀ ਵਿਵਸਥਾ ਕਰ ਦਿੱਤੀ ਹੈ।

ਇਹ ਇਤਿਹਾਸਕ ਪੱਤਰ, ਸਮਕਾਲੀ ਪ੍ਰਸਥਿਤੀਆਂ ਅਤੇ ਇਤਿਹਾਸ ਨੂੰ ਵੀ ਆਪਣੀ ਬੁੱਕਲ ਵਿਚ ਸਾਂਭੀ ਬੈਠਾ ਹੈ। ਉਦਾਸੀ, ਝੋਰਾ ਤੇ ਕਲੇਸ਼ ਕਦੇ ਵੀ ਗੁਰੂ ਸਾਹਿਬ ਦੇ ਨੂਰਾਨੀ ਜਲਾਲ ਦੀ ਤਾਬ ਨਹੀਂ ਝੱਲ ਸਕੇ, ਸਗੋਂ ਉਹ ਹਮੇਸ਼ਾ ਚੜ੍ਹਦੀਕਲਾ ਵਿਚ ਰਹੇ। ਆਪਣੇ ਪਿਤਾ ਗੁਰੂ ਤੇਗ ਬਹਾਦਰ ਤੇ ਆਪਣੇ ਚਾਰੇ ਪੁੱਤਰਾਂ ਦੇ ਬਲੀਦਾਨ ਦੇ ਬਾਅਦ 1706 ਈਸਵੀ ਨੂੰ ਖਿਦਰਾਣਾ ਦੀ ਲੜਾਈ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਨੂੰ ਇਕ ਪੱਤਰ (ਜ਼ਫ਼ਰਨਾਮਾ) ਦੇ ਕੇ ਮੁਗਲ ਸਮਰਾਟ ਔਰੰਗਜ਼ੇਬ ਦੇ ਪਾਸ ਭੇਜਿਆ। ਇਹ ਚਿੱਠੀ 20 ਫਰਵਰੀ, 1707 ਈਸਵੀ ਨੂੰ ਔਰੰਗਜ਼ੇਬ ਦੇ ਹੱਥਾਂ ਵਿਚ ਸੀ। ਇਸੇ ਤਰ੍ਹਾਂ ਹੀ ਮਾਛੀਵਾੜਾ ਤੋਂ ਵੀ ਗੁਰੂ ਸਾਹਿਬ ਨੇ ਇਕ ਚਿੱਠੀ ਜਿਸ ਨੂੰ 'ਫਤਿਹਨਾਮਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਔਰੰਗਜ਼ੇਬ ਵੱਲ ਭੇਜੀ ਸੀ।

ਉਹਨਾਂ ਦਿਨਾਂ 'ਚ ਔਰੰਗਜ਼ੇਬ ਦੱਖਣ ਭਾਰਤ ਦੇ ਅਹਿਮਦਨਗਰ 'ਚ ਆਪਣੇ ਜੀਵਨ ਦੇ ਆਖਰੀ ਦਿਨਾਂ ਦੀ ਉਡੀਕ ਕਰ ਰਿਹਾ ਸੀ। ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦਿੱਲੀ, ਆਗਰਾ ਤੋਂ ਹੁੰਦੇ ਹੋਏ ਲੰਮਾ ਪੈਂਡਾ ਕਰਕੇ ਅਹਿਮਦਨਗਰ ਪਹੁੰਚੇ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪੱਤਰ ਤੋਂ ਔਰੰਗਜ਼ੇਬ ਨੂੰ ਉਤਰ ਭਾਰਤ, ਖਾਸ ਤੌਰ 'ਤੇ ਪੰਜਾਬ ਦੀ ਵਾਸਤਵਿਕ ਸਥਿਤੀ ਦਾ ਪਤਾ ਲੱਗਿਆ। ਕਹਿੰਦੇ ਹਨ ਕਿ 'ਜ਼ਫ਼ਰਨਾਮਾ' ਪੜ੍ਹ ਕੇ ਅੱਤਿਆਚਾਰ ਦੀ ਤਸਵੀਰ ਬਣ ਚੁੱਕੇ ਔਰੰਗਜ਼ੇਬ ਦੀ ਰੂਹ ਤੜਪ ਉੱਠੀ ਅਤੇ ਉਸ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਦ ਖਾਂ ਨੂੰ ਫੁਰਮਾਨ ਜਾਰੀ ਕੀਤਾ ਕਿ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਰਵੇਸ਼ ਹਨ ਅਤੇ ਉਹਨਾਂ ਨੂੰ ਹੁਣ ਹੋਰ ਤੰਗ-ਪ੍ਰੇਸ਼ਾਨ ਨਾ ਕੀਤਾ ਜਾਵੇ ਤੇ ਜਿਸ ਰਜ਼ਾ ਵਿਚ ਉਹ ਰਹਿਣਾ ਚਾਹੁੰਦੇ ਰਹਿਣ ਦਿੱਤਾ ਜਾਵੇ।' ਇਸ ਤਰ੍ਹਾਂ ਪੰਜਾਬ ਦੇ ਸੂਬੇਦਾਰ ਦੇ ਗਲਤ ਸੂਚਨਾਵਾਂ ਦੇਣ ਨਾਲ ਔਰੰਗਜ਼ੇਬ ਨੂੰ ਬੜਾ ਦੁੱਖ ਹੋਇਆ ਤੇ ਨਾਲ ਹੀ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ ਤੇ ਪ੍ਰਤਿਸ਼ਠਤਾ ਦਾ ਅਨੁਭਵ ਵੀ ਹੋਇਆ। ਇਸਦੇ ਨਾਲ ਹੀ ਔਰੰਗਜ਼ੇਬ ਨੇ ਜ਼ਬਰਦਾਰ ਅਤੇ ਮੁਹੰਮਦਯਾਰ ਮਾਨਸਬਦਾਰ ਨੂੰ ਇਕ ਸ਼ਾਹੀ ਫੁਰਮਾਨ ਦੇ ਕੇ ਦਿੱਲੀ ਭੇਜਿਆ। ਇਸ ਫੁਰਮਾਨ 'ਚ ਵੀ ਲਿਖਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕੋਈ ਕਿਸੇ ਪ੍ਰਕਾਰ ਦਾ ਕਸ਼ਟ ਨਾ ਪਹੁੰਚਾਇਆ ਜਾਵੇ, ਸਗੋਂ ਉਹਨਾਂ ਨੂੰ ਪੂਰਾ ਸਨਮਾਨ ਦਿੱਤਾ ਜਾਵੇ। ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਫ਼ੀ ਦੇਰ ਤੱਕ ਇਹ ਪਤਾ ਹੀ ਨਾ ਲੱਗਾ ਕਿ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਅਹਿਮਦਨਗਰ 'ਚ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਦੇਣ 'ਚ ਸਫਲ ਹੋਏ ਜਾਂ ਨਹੀਂ। ਅਖੀਰ ਗੁਰੂ ਸਾਹਿਬ ਉਡੀਕ ਕਰਕੇ ਅਹਿਮਦਨਗਰ ਵੱਲ ਆਪ ਹੀ ਚੱਲ ਪਏ। ਅਕਤੂਬਰ 1706 ਈਸਵੀ 'ਚ ਗੁਰੂ ਸਾਹਿਬ ਨੇ ਦੱਖਣੀ ਭਾਰਤ ਨੂੰ ਆਪਣੀ ਯਾਤਰਾ ਸ਼ੁਰੂ ਕੀਤੀ। ਉਹਨਾਂ ਨੇ ਮਾਰਵਾੜ ਦੇ ਰਸਤੇ ਤੋਂ ਦੱਖਣ ਨੂੰ ਜਾਣ ਦਾ ਵਿਚਾਰ ਬਣਾਇਆ। ਇਸ ਮਾਰਗ 'ਤੇ ਰਾਜਸਥਾਨ ਦੇ ਅਨੇਕ ਰਾਜਿਆਂ ਨੇ ਉਹਨਾਂ ਦਾ ਸਵਾਗਤ ਕੀਤਾ। ਬਾਪੌਰ ਨਾਮਕ ਸਥਾਨ 'ਤੇ ਉਹਨਾਂ ਦੀ ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਨਾਲ ਭੇਟ ਹੋਈ ਜੋ ਪੰਜਾਬ ਵੱਲ ਵਾਪਸ ਆ ਰਹੇ ਸਨ। ਇੱਥੇ ਗੁਰੂ ਸਾਹਿਬ ਨੂੰ ਸਾਰੇ ਸਮਾਚਾਰਾਂ ਦੀ ਜਾਣਕਾਰੀ ਹੋਈ। ਯਾਤਰਾ ਦੇ ਦੌਰਾਨ ਹੀ 20 ਫਰਵਰੀ 1707 ਈਸਵੀ ਨੂੰ ਹੀ ਅਹਿਮਦਨਗਰ ਨੂੰ ਜਾਂਦਿਆਂ ਗੁਰੂ ਸਾਹਿਬ ਨੂੰ ਔਰੰਗਜ਼ੇਬ ਦੀ ਅਹਿਮਦਨਗਰ 'ਚ ਹੀ ਮੌਤ ਦੀ ਖ਼ਬਰ ਮਿਲੀ। ਇਸ ਤਰ੍ਹਾਂ ਗੁਰੂ ਸਾਹਿਬ ਦੀ ਔਰੰਗਜ਼ੇਬ ਨਾਲ ਭੇਟ ਨਾ ਹੋ ਸਕੀ।

ਸੋ 'ਜ਼ਫ਼ਰਨਾਮਾ' ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਦਾ ਇਕ ਮਹਾਨ ਕਾਰਨਾਮਾ ਕਿਹਾ ਜਾ ਸਕਦਾ ਹੈ ਕਿਉਂਕਿ 'ਜ਼ਫ਼ਰਨਾਮਾ' ਵਰਗਾ ਵੰਗਾਰਵਾਂ ਪੱਤਰ ਸ਼ਾਇਦ ਹੀ ਕਿਸੇ ਹੋਰ ਬੀਰ-ਨਾਇਕ ਨੇ ਔਰੰਗਜ਼ੇਬ ਵਰਗੇ ਸ਼ਕਤੀਸ਼ਾਲੀ ਬਾਦਸ਼ਾਹ ਨੂੰ ਲਿਖਿਆ ਹੋਵੇ। ਇਸ ਪੱਤਰ ਵਿਚੋਂ ਰੂਹਾਨੀਅਤ, ਅਡੋਲਤਾ, ਦਲੇਰੀ, ਜਾਂਬਾਜ਼ੀ, ਨਿਰਵੈਰਤਾ, ਸਚਾਈ ਆਦਿ ਸਦਗੁਣਾਂ ਦਾ ਪ੍ਰਕਾਸ਼ ਹੁੰਦਾ ਹੈ।

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਹੁਤ ਸਾਰੇ ਗੁਣਾਂ ਦਾ ਸੁਮੇਲ ਸੀ। ਹੋਰ ਗੁਣਾਂ ਤੋਂ ਇਲਾਵਾ ਉਹ ਇਕ ਨਿਪੁੰਨ ਸਾਹਿਤਕਾਰ, ਮਨੋਵਿਗਿਆਨੀ ਤੇ ਮਨੋਵਿਸ਼ਲੇਸ਼ਕ ਵੀ ਸਨ। ਸਭ ਤੋਂ ਵੱਧ ਕੇ, ਉਹਨਾਂ ਨੇ ਕਦੇ ਵੀ ਜੋਸ਼ ਨੂੰ ਹੋਸ਼ 'ਤੇ ਭਾਰੂ ਨਹੀਂ ਹੋਣ ਦਿੱਤਾ। 'ਜ਼ਫ਼ਰਨਾਮਾ' ਗੁਰੂ ਸਾਹਿਬ ਦੇ ਇਹਨਾਂ ਗੁਣਾਂ ਦੀ ਇਕ ਸ਼ਾਨਦਾਰ ਮਿਸਾਲ ਪੇਸ਼ ਕਰਦਾ ਹੈ। ਗੁਰੂ ਸਾਹਿਬ ਕਈ ਥਾਈਂ, ਸ਼ਿਸ਼ਟਾਚਾਰ ਵਜੋਂ ਔਰ-ੰਗਜ਼ੇਬ ਦੀ ਤਾਰੀਫ਼ ਵੀ ਕਰਦੇ ਹਨ।

'ਜ਼ਫ਼ਰਨਾਮਾ' ਫਾਰਸੀ ਸ਼ਾਇਰੀ ਦਾ ਇਕ ਉੱਤਮ ਨਮੂਨਾ ਪੇਸ਼ ਕਰਦਾ ਹੈ। ਇਹ ਪੱਤਰ, ਜਿੱਥੇ ਔਰੰਗਜ਼ੇਬ ਨੂੰ ਸ਼ਰਮਸਾਰ ਕਰਦਾ ਹੈ, ਉਥੇ ਉਸ ਦੇ ਵਿਰਾਟ 'ਕੱਦ' ਨੂੰ ਬੌਣਾ ਵੀ ਬਣਾਉਂਦਾ ਹੈ। ਗੱਲ ਕੀ ਬਾਦਸ਼ਾਹ ਨੂੰ ਉਸ ਦੀਆਂ ਕਰਤੂਤਾਂ ਚੇਤੇ ਕਰਵਾਉਂਦਿਆਂ, ਫਿਟਕਾਰਾਂ ਪਾਈਆਂ ਗਈਆਂ ਹਨ। ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ 'ਟਕੇ ਦਾ ਮੁਰੀਦ' ਅਤੇ ਬੇਈਮਾਨ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ। ਇਸ ਦੀ ਮਿਸਾਲ ਨਿਮਨਲਿਖਤ ਸ਼ਿਅਰ ਤੋਂ ਮਿਲਦੀ ਹੈ:

ਨਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ।
ਕਿ ਦੌਲਤ ਪ੍ਰਸਤਸਤੋ ਫੀਮਾਂ ਫ਼ਿਗਨ। 45

ਉਕਤ ਸ਼ਿਅਰ ਦਾ ਪੰਜਾਬੀ ਕਾਵਿ-ਅਨੁਵਾਦ ਇਸ ਪ੍ਰਕਾਰ ਪੇਸ਼ ਹੈ:

ਪਤਾ ਨਹੀਂ ਸੀ ਹੋਏਂਗਾ, ਤੂੰ ਮਾਇਆ ਦਾ ਕੀਟ,
ਝੂਠਾ ਕੌਲ ਕਰਾਰ ਦਾ, ਬੇ-ਈਮਾਨ ਬਦ-ਨੀਤ।' 45
ਅਨੁਵਾਦਕ- ਸ਼ਹਰਯਾਰ

ਗੁਰੂ ਗੋਬਿੰਦ ਸਿੰਘ ਉਦੋਂ ਗੱਲ ਨੂੰ ਸਿਰੇ ਹੀ ਲਾ ਦਿੰਦੇ ਹਨ, ਜਦੋਂ ਉਹ ਅਗਲੇ ਸ਼ਿਅਰ 'ਚ ਲਿਖਦੇ ਹਨ:

ਨ ਈਮਾਂ ਪ੍ਰਸਤੀ ਨ ਔਜ਼ਾਇ ਦੀ (ਸ਼ਰ੍ਹਾ ਸ਼ਰੀਅਤ)'
ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀ। 46

ਭਾਵ- ਔਰੰਗਜ਼ੇਬ ਨਾ ਤੂੰ ਦੀਨ ਈਮਾਨ ਉੱਤੇ ਕਾਇਮ ਹੈ ਤੇ ਨਾ ਹੀ ਸ਼ਰ੍ਹਾ ਸ਼ਰੀਅਤ ਦਾ ਪਾਬੰਦ ਹੈ। ਨਾ ਤੈਨੂੰ ਪ੍ਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉੱਤੇ ਹੀ ਭਰੋਸਾ ਹੈ।

ਸੋ, ਉਕਤ ਸ਼ਿਅਰ ਅਤੇ ਇਹੋ ਜਿਹੇ ਹੋਰ ਕਈ ਸ਼ਿਅਰ, ਸਪਸ਼ਟ ਰੂਪ 'ਚ ਬਾਦਸ਼ਾਹ-ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਾਦਸ਼ਾਹ ਔਰੰਗਜ਼ੇਬ 'ਤੇ ਜਿੱਤ ਦਰਜ ਕਰਦੇ ਹਨ। 42 ਸਾਲ ਦੇ ਅਧਿਆਤਮਕ ਤਥਾ ਸੂਰਬੀਰਤਾ ਦੇ ਧਨੀ ਮਹਾਂਪੁਰਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 90 ਸਾਲ ਦੇ ਕਰੂਰ ਤੇ ਜ਼ਾਲਮ ਔਰੰਗਜ਼ੇਬ ਨਾਲ ਭੇਂਟ ਹੁੰਦੀ ਤਾਂ ਕੀ ਹੁੰਦਾ, ਕਹਿਣਾ ਕਠਿਨ ਹੈ? ਇਕ ਵਿਦਵਾਨ ਨੇ ਲਿਖਿਆ ਹੈ ਕਿ 'ਵਿਸ਼ਵਾਸ, ਅਵਿਸ਼ਵਾਸ ਨੂੰ ਮਿਲਣ ਚੱਲਿਆ ਸੀ ਪ੍ਰੰਤੂ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਅਵਿਸ਼ਵਾਸ ਦਮ ਤੋੜ ਚੁੱਕਿਆ ਸੀ।' ਜੂਨ 1707 ਈਸਵੀ ਨੂੰ ਜਾਜੂ ਨਾਮਕ ਸਥਾਨ 'ਤੇ ਸ਼ਹਿਜ਼ਾਦਾ ਮੁਅੱਜ਼ਮ ਨੂੰ 'ਬਹਾਦਰ ਸ਼ਾਹ' ਦੇ ਨਾਮ 'ਤੇ ਸਮਰਾਟ ਬਣਾਇਆ ਗਿਆ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਰਾਜਸੀ ਸਨਮਾਨ ਕੀਤਾ।

'ਜ਼ਫ਼ਰਨਾਮਾ' ਤਥਾ 'ਵਿਜੇ ਪੱਤਰ' ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅੱਤਿਆਚਾਰੀ ਤੇ ਕਰੂਰ ਮੁਗਲ ਸਮਰਾਟ ਔਰੰਗਜ਼ੇਬ ਨੂੰ ਲਿਖਿਆ ਗਿਆ ਹੈ।

ਭਾਰਤ ਦੇ ਗੌਰਵਮਈ ਇਤਿਹਾਸ 'ਚ ਦੋ ਪੱਤਰ ਅੰਤਰ ਰਾਸ਼ਟਰੀ ਮਸ਼ਹੂਰੀ ਰੱਖਦੇ ਹਨ। ਪਹਿਲਾ ਪੱਤਰ ਹੈ ਸ਼ਤਰਪਤੀ ਸ਼ਿਵਾ ਜੀ ਦੁਆਰਾ ਰਾਜਾ ਜੈ ਸਿੰਘ ਨੂੰ ਲਿਖਿਆ ਗਿਆ ਸੀ ਤੇ ਦੂਜਾ ਪੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਅੱਤਿਆਚਾਰੀ ਤੇ ਕਰੂਰ ਮੁਗਲ ਸ਼ਾਸਕ ਔਰੰਗਜ਼ੇਬ ਨੂੰ ਲਿਖਿਆ ਗਿਆ 'ਜ਼ਫ਼ਰਨਾਮਾ' ਅਰਥਾਤ 'ਵਿਜੈ-ਪੱਤਰ' ਹੈ। ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪੱਤਰ ਅਧਿਆਤਮਕਤਾ, ਕੂਟਨੀਤੀ ਤੇ ਸੂਰਬੀਰਤਾ ਦੀ ਅਦੁੱਤੀ ਤਰਵੇਣੀ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## 3, 4 ਅਤੇ 5 ਜਨਵਰੀ 2018 'ਤੇ ਵਿਸ਼ੇਸ਼

# ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਸਾਹਿਬ-ਏ-ਕਮਾਲ ਸ੍ਰੀ ਦਸ਼ਮੇਸ਼ ਪਿਤਾ, ਕਲਗੀਆਂ ਵਾਲੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਨਿਡਰ ਅਤੇ ਬਹਾਦਰ ਸਿੱਖ ਫੌਜਾਂ ਅਤੇ ਮੁਗਲ ਹਕੂਮਤ ਵਿਚਕਾਰ ਆਨੰਦਪੁਰ ਸਾਹਿਬ ਵਿਖੇ ਕਈ ਮਹੀਨੇ ਕਸ਼ਮਕਸ਼ ਲੜਾਈ ਹੁੰਦੀ ਰਹੀ, ਪਰ ਗੁਰੂ ਦੇ ਲਾਡਲੇ ਅਤੇ ਅਣਖੀ ਯੋਧਿਆਂ ਨੇ ਮੁਗਲ ਹਾਕਮਾਂ ਦੇ ਨੱਕ ਚ ਦਮ ਕਰੀ ਰੱਖਿਆ।ਅੰਤ ਗੁਰੂ ਜੀ ਨੇ 20 ਦਸੰਬਰ 6ਪੋਹ 1704 ਇਸਵੀ ਨੂੰ ਜ਼ਾਲਮ ਹਕੂਮਤਾਂ ਦੀਆਂ ਕੁਰਾਨ ਸ਼ਰੀਫ ਦੀਆਂ ਝੂਠੀਆਂ ਸੌਂਹਾਂ ਤੇ ਇਤਬਾਰ ਕਰਕੇ ਪਰਿਵਾਰ ਸਮੇਤ ਆਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡਣ ਦਾ ਨਿਰਣਾ ਲੈ ਲਿਆ।ਪਰ ਝੂਠੇ ਅਤੇ ਫਰੇਬੀ ਮੁਗਲ ਹਾਕਮਾਂ ਨੇ ਕਸਮਾਂ ਤੋੜ ਕੇ ਗੁਰੂ ਜੀ ਦੇ ਕਾਫਲੇ ਉਪਰ ਗਿਣੀ ਮਿੱਥੀ ਸਾਜ਼ਿਸ਼ ਤਹਿਤ ਹਮਲਾ ਕਰ ਦਿੱਤਾ।ਸਰਸਾ ਨਦੀ ਕਿਨਾਰੇ ਭਿਆਨਕ ਲੜਾਈ , ਮੌਸਮ ਅਤੇ ਕੁਦਰਤ ਦੀ ਕਰੋਪੀ ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ।

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਸਰਹਿੰਦ ਵਿੱਚ ਸ਼ਹੀਦ ਹੋ ਗਏ।ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ , ਬਾਬਾ ਜੁਝਾਰ ਸਿੰਘ ,ਤਿੰਨ ਪੰਜ ਪਿਆਰੇ ਅਤੇ ਹੋਰ ਸੈਂਕੜੇ ਮਰਜੀਵੜੇ ਸਿੰਘਾਂ ਨੇ ਜ਼ਾਲਮ ਦੁਸ਼ਮਣਾਂ ਨਾਲ ਜੰਗ ਵਿਚ ਲੋਹਾ ਲੈਂਦਿਆਂ ਅਣਖ ਨਾਲ ਸ਼ਹਾਦਤ ਦਾ ਜਾਮ ਪੀਤਾ।ਗੁਰੂ ਜੀ ਪੰਜ ਪਿਆਰਿਆਂ ਦੇ ਹੁਕਮ ਨੂੰ ਮੰਨ ਕੇ ਕੱਚੀ ਗੜ੍ਹੀ ਚੋਂ ਤਾੜੀ ਮਾਰਕੇ ਮਾਛੀਵਾੜੇ ਦੇ ਜੰਗਲਾਂ ਵੱਲ ਚਲੇ ਗਏ।ਇੱਥੇ ਉਹਨਾਂ ਗੁਲਾਬੇ ਮੁਸੰਦ ਦੇ ਖੂਹ ਕੋਲ ਟਿੰਡ ਦਾ ਸਿਰਹਾਣਾ ਲਾਕੇ ਕੁਝ ਪਲ ਆਰਾਮ ਕੀਤਾ ਅਤੇ ਸ਼ਬਦ ਉਚਾਰਨ ਕੀਤਾ:-

"ਤੁਧੁ ਬਿਨੁ ਰੋਗੁ ਰਜਾਇਯਾਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ,
ਸੂਲ ਸੁਰਾਹੀ ਖੰਜਰ ਪਿਯਾਲਾ ਬਿੰਗੁ ਕਸਾਈਆਂ ਦਾ ਸਹਿਣਾ
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ,
ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ"
ਫਿਰ ਵੀ "ਏਤੀ ਮਾਰ ਪਈ ਕੁਰਲਾਣੈ,
ਤੈਂ ਕੀ ਦਰਦ ਨ ਆਇਆ॥"

ਉਸ ਅਕਾਲ ਪੁਰਖ ਦਾ ਭਾਣਾ" ਤੇਰਾ ਭਾਣਾ ਮੀਠਾ ਲਾਗੇ " ਸੱਚ ਨੂੰ ਕਬੂਲ ਕਰ ਲਿਆ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ।ਇੱਥੇ ਉਹਨਾਂ ਨੂੰ ਭਾਈ ਮਾਨ ਸਿੰਘ ਜੀ , ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਮਿਲੇ।ਇੱਥੋਂ ਗੁਰੂ ਜੀ ਅਨਿਨ ਸੇਵਕ ਗਨੀ ਖਾਂ ਅਤੇ ਨਬੀ ਖਾਂ ਗੁਰੂ ਜੀ ਨੂੰ ਉੱਚ ਦਾ ਪੀਰ ਬਣਾ ਕੇ ਉਹਨਾਂ ਦੇ ਹੁਕਮ ਅਨੁਸਾਰ ਕਟਾਣੀ ,ਸਾਹਨੇਵਾਲ ਤੋਂ ਹੁੰਦੇ ਹੋਏ ਆਲਮ-ਗੀਰ ਰਸਤੇ ਸਵੇਰ ਵੇਲੇ ਰਾਏ ਨਗਰ (ਰਾਏਕੋਟ) ਪਹੁੰਚੇ ਸਨ।

ਇੱਥੇ ਗੁਰੂ ਜੀ ਨੇ ਜਨਵਰੀ 19 ਪੋਹ 1761 ਬਿਕਰਮੀ ਜਨਵਰੀ 1705 ਨੂੰ ਜੰਗਲ ਵਿਚ ਇੱਕ ਟਾਹਲੀ ਦੇ ਦਰੱਖਤ ਹੇਠ ਆਪਣਾ ਉਤਾਰਾ ਕੀਤਾ।ਜਦੋਂ ਦਿਨ ਚੜ੍ਹੇ ਕੱਲ੍ਹਾ ਰਾਏ ਦਾ ਨੌਕਰ ਨੂਰਾ ਮਾਹੀ ਮੱਝਾਂ ਚਰਾਉਣ ਇੱਧਰ ਆਇਆ ਤਾਂ ਗੁਰੂ ਜੀ ਨੇ ਉਸਨੂੰ ਸਮੁੰਦਰ (ਦੁੱਧ) ਛਕਾਉਣ ਦਾ ਹੁਕਮ ਕਰ ਦਿੱਤਾ।ਨੂਰੇ ਮਾਹੀ ਨੇ ਬੇਨਤੀ ਕੀਤੀ ਕਿ ਮਹਾਰਾਜ! ਮੱਝਾਂ ਤਾਂ ਮੈਂ ਦੁੱਧ ਤੋਂ ਬਾਅਦ ਹੀ ਇੱਥੇ ਲਿਆਇਆ ਹਾਂਜੇ ਤੁਸੀਂ ਹੁਕਮ ਕਰੋ ਤਾਂ ਮੈਂ ਘਰ ਤੋਂ ਤੁਹਾਡੇ ਪੀਣ ਲਈ ਦੁੱਧ ਲੈ ਆਉਂਦਾ ਹਾਂ।ਤਦ ਗੁਰੂ ਜੀ ਨੇ ਇੱਕ ਔਸਰ ਝੋਟੀ ਵੱਲ ਇਸ਼ਾਰਾ ਕੀਤਾ ਅਤੇ ਕਿਹਾ ਕਿ ਉਸ ਝੋਟੀ ਦਾ ਦੁੱਧ ਚੋਅ ਲਵੋ।ਨੂਰੇ ਮਾਹੀ ਨੇ ਬੇਨਤੀ ਕੀਤੀ ਕਿ ਮਹਾਰਾਜ ਇਹ ਔਸਰ ਝੋਟੀ ਹੈ, ਕਦੇ ਵੀ ਦੁੱਧ ਨਹੀਂ ਦੇ ਸਕਦੀ।ਜੋਜੀ ਪ੍ਰੀਤਮ ਜੀ ਨੇ ਸਹਿਜਤਾ ਨਾਲ ਫੁਰਮਾਇਆ ਕਿ ਵਾਹਿਗੁਰੂ ਜੀ ਦਾ ਨਾਮ ਲੈਕੇ ਥਾਪੜਾ ਮਾਰ ਕੇ ਚੋ ਲਵੋ।ਗੁਰੂ ਜੀ ਦਾ ਹੁਕਮ ਮੰਨ ਕੇ ਨੂਰਾ ਮਾਹੀ ਔਸਰ ਝੋਟੀ ਨੂੰ ਥਾਪੜਾ ਦੇਕੇ ਚੋਣ ਬੈਠ ਗਿਆ। ਉਸਦੀ ਹੈਰਾਨੀ ਦੀ ਉਦੋਂ ਕੋਈ ਹੱਦ ਨਾ ਰਹੀ, ਜਦੋਂ ਔਸਰ ਝੋਟੀ ਦੇ ਥਣਾਂ ਵਿੱਚ ਦੁੱਧ ਉਤਰ ਆਇਆ।

ਨੂਰੇ ਮਾਹੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਉਸ ਕੋਲ ਮੱਝ ਦਾ ਦੁੱਧ ਚੋਣ ਲਈ ਕੋਈ ਭਾਂਡਾ ਬਗੈਰਾ ਨਹੀਂ ਹੈ।ਇਸ ਲਈ ਦੁੱਧ ਚੋ ਸਕਣਾ ਨਾਮੁਮਕਿਨ ਹੈ। ਸੋ ਗੁਰੂ ਜੀ ਨੇ ਉਸਨੂੰ ਆਪਣੇ ਕੋਲ ਵਾਲਾ ਬਰਤਨ (ਗੰਗਾ ਸਾਗਰ) ਦੇ ਦਿੱਤਾ, ਜਿਸ ਵਿਚ288 ਛੇਕ ਸਨ। ਨੂਰਾ ਮਾਹੀ ਦੀ ਉਸ ਸਮੇਂ ਹੈਰਾਨਗੀ ਕੋਈ ਹੱਦ ਨਾ ਰਹੀ, ਜਦੋਂ ਗੰਗਾ ਸਾਗਰ ਚੋਂ ਦੁੱਧ ਦੀ ਇੱਕ ਵੀ ਬੂੰਦ ਛੇਕਾਂ ਰਾਹੀਂ ਬਾਹਰ ਨਹੀਂ ਡੁੱਲ੍ਹੀ।

ਗੁਰੂ ਜੀ ਸੰਬੰਧੀ ਆਪਣੇ ਮਾਲਕ ਕੱਲ੍ਹਾ ਰਾਏ ਨੂੰ ਨੂਰੇ ਮਾਹੀ ਨੇ ਘਰ ਜਾਕੇ ਹੈਰਾਨੀਜਨਕ ਘਟਨਾ ਬਾਬਤ ਸਾਰੀ ਜਾਣਕਾਰੀ ਦੇ ਦਿੱਤੀ।ਗੁਰੂ ਜੀ ਦਾ ਅਨਿਨ ਸ਼ਰਧਾਲੂ ਰਾਏ ਕੱਲ੍ਹਾ ਨੇ ਉਸੇ ਵਕਤ ਗਲ ਵਿੱਚ ਪੱਲੂ ਪਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਤੇ ਆ ਨਮਸਕਾਰ ਕੀਤੀ ਅਤੇ ਹੱਥ ਜੋੜ ਕੇ ਗੁਰੂ ਜੀ ਨੂੰ ਕੋਈ ਸੇਵਾ ਬਾਬਤ ਬੇਨਤੀ ਕੀਤੀ।ਸਭ ਕੁਝ ਜਾਣੀ ਜਾਣ ਸਤਿਗੁਰੂ ਜੀ ਨੇ ਸਰਹਿੰਦ ਤੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਬਾਰੇ ਸਾਰੀ ਜਾਣਕਾਰੀ ਜਲਦੀ ਤੋਂ ਜਲਦੀ ਲਿਆਉਣ ਲਈ ਕਿਹਾ। ਇਸ ਮਹਾਨ ਕਾਰਜ ਲਈ ਰਾਏ ਕੱਲ੍ਹਾ ਨੇ ਆਪਣੇ ਨੌਕਰ ਨੂਰੇ ਮਾਹੀ ਨੂੰ ਭੇਜਿਆ, ਕਿਉਂਕਿ ਨੂਰੇ ਮਾਹੀ ਦੀ ਭੈਣ ਨੂਰਾਂ ਸਰਹਿੰਦ ਵਿਆਹੀ ਹੋਈ ਸੀ। ਹੁਕਮ ਪਾਕੇ ਨੂਰਾ ਆਪਣੀ ਭੈਣ ਕੋਲ ਸਰਹਿੰਦ ਪਹੁੰਚ ਗਿਆ।ਆਪਣੀ ਭੈਣ ਤੋਂ ਮੁਗਲ ਹਕੂਮਤ ਅਤੇ ਸੂਬਾ ਸਰਹਿੰਦ ਵੱਲੋਂ ਬੇਕਸੂਰ ਛੋਟੇ ਸਾਹਿਬਜ਼ਾਦਿਆਂ ਉਪਰ ਕੀਤੇ ਅਸਹਿ, ਬੇਕਿਰਕ ਜ਼ੁਲਮਾਂ ਨਾਲ ਹੋਈ ਅਤੇ ਮਾਤਾ ਗੁਜਰੀ ਜੀ ਦੀ ਦਰਦਨਾਕ ਸ਼ਹਾਦਤ ਬਾਬਤ ਜਾਣ ਕੇ ਆਪਣੇ ਅੱਥਰੂ ਨਾਂ ਰੋਕ ਸਕਿਆ। ਵਾਪਿਸ ਆਕੇ ਗੁਰੂ ਸਾਹਿਬ ਦੇ ਤੇਜਸਵੀ ਨੂਰ ਦਾ ਸਾਹਮਣਾ ਨਾ ਕਰ ਸਕਿਆ ਅਤੇ ਦੋਵੇਂ ਹੱਥਾਂ ਨਾਲ ਆਪਣੀਆਂ ਅੱਖਾਂ ਢਕ ਲਈਆਂ ਅਤੇ ਜ਼ਾਰੋਜ਼ਾਰ ਰੋਣ ਲੱਗ ਪਿਆ। ਗੁਰੂ ਜੀ ਕਿਹਾ, "ਨੂਰੇ ,ਦੋ ਸ਼ਾਮਾਂ ਤਾਂ ਮੈਂ ਦੇਖ ਚੁੱਕਾ ਹਾਂ। ਜਦੋਂ ਮੇਰੇ ਪਿਤਾ ਜੀ ਦੀ ਸ਼ਹਾਦਤ ਹੋਈ ਸੀ ਤਾਂ ਭਾਈ ਜੈਤਾ ਜੀ ਸ਼ੀਸ਼ ਲੈ ਕੇ ਆਏ ਸਨ। ਉਹ ਪਹਿਲੀ ਸ਼ਾਮ ਸੀ, ਜਿਸ ਦਿਨ ਪਿਤਾ ਜੀ ਦੇ ਸੀਸ ਦੇ ਦਰਸ਼ਨ ਕੀਤੇ ਸਨ। ਉਹ ਦੂਸਰੀ ਸ਼ਾਮ ਸੀ ਜਦੋਂ ਮੈਂ ਆਪਣੇ ਵੱਡੇ ਸਾਹਿਬਜ਼ਾਦਿਆਂ ਨੂੰ ਚਮਕੌਰ ਦੀ ਜੰਗ ਵਿੱਚ ਸਿੱਖ ਪੰਥ ਦੀ ਰਖਵਾਲੀ ਲਈ ਟੁਕੜੇ ਟੁਕੜੇ ਹੁੰਦੇ ਤੱਕਿਆ ਸੀ। ਅੱਜ ਵੀ ਸ਼ਾਮ ਹੈ। ਅੱਜ ਤੀਜੀ ਸ਼ਾਮ ਮੈਨੂੰ ਦੱਸਦੇ ਮੇਰੇ ਪੁੱਤਰਾਂ ਨਾਲ ਕੀ ਵਾਪਰਿਆ ਹੈ।ਇਹ ਸੁਨੇਹਾ ਵੀ ਇੱਕ ਅਦਭੁੱਤ ਸੁਨੇਹਾ ਹੋਵੇਗਾ।"

ਨੂਰੇ ਨੇ ਭਰੇ ਮਨ ਨਾਲ ਇਹੋ ਸ਼ਬਦ ਕਹੇ ਸਨ, "ਗੁਰੂ ਜੀ ਬੱਚਿਆਂ ਅਤੇ ਮਾਤਾ ਜੀ ਨੂੰ ਜ਼ਾਲਮਾਂ ਨੇ ਤਸੀਹੇ ਦੇਕੇ ਕੋਹ ਕੋਹ ਸ਼ਹੀਦ ਕੀਤਾ ਹੈ।" ਉਸਨੇ ਗੁਰੂ ਜੀ ਨੂੰ ਸਾਰੀ ਸਥਿਤੀ ਸੰਬੰਧੀ ਜਾਣਕਾਰੀ ਦਿੱਤੀ। ਇਹ ਦਰਦਨਾਕ ਸ਼ਹਾਦਤ ਬਾਬਤ ਜਾਣ ਕੇ ਭਾਈ ਮਾਨ ਸਿੰਘ ਜੀ ਦੇ ਨੈਣਾਂ ਚ ਅੱਥਰੂ ਆ ਗਏ ਅਤੇ ਭਾਈ ਦਿਆ ਸਿੰਘ ਜੀ ਨੇ ਕੱਪੜੇ ਨਾਲ ਆਪਣਾ ਮੂੰਖ ਢੱਕ ਲਿਆ ਸੀ।ਅਤੇ ਕਿਹਾ ਸੀ , "ਕਲਗੀਆਂ ਵਾਲੇ ਸ਼ਹਿਨਸ਼ਾਹ ਅਸੀਂ ਤੇਰਾ ਕਰਜ ਕਿਵੇਂ ਚੁਕਾਵਾਂਗੇ?"

ਗੁਰ ਜੀ ਨੇ ਚਿਹਰੇ ਤੇ ਉਦਾਸੀ ਦੇ ਬੱਦਲ ਨਹੀਂ ਛਾਏ,ਬਲਕਿ ਮੁਸਕਰਾ ਪਏ।

ਉਸ ਸਮੇਂ ਦੇ ਮਾਹੌਲ ਨੂੰ ਸ਼ਾਇਰ ਨੇ ਬਾਕਮਾਲ ਪੇਸ਼ ਕੀਤਾ ਹੈ:-

"ਸਰਹੰਦ ਚੋਂ ਸੁਨੇਹਾ ਮਿਲਿਆ ਕਿ ਲਾਲ ਤੁਰ ਗਏ,
ਦੋਵੇਂ ਸ਼ਹੀਦ ਹੋ ਗਏ ਕਿ ਨੌ ਨਿਹਾਲ ਤੁਰ ਗਏ,
ਸੂਬੇ ਨੇ ਦੋਵਾਂ ਨੂੰ ਨੀਹਾਂ ਵਿੱਚ ਨਪੀੜ ਦਿੱਤਾ ਹੈ,
ਕੋਮਲ ਸਰੀਰ ਇੱਟਾਂ ਦੇ ਵਿੱਚ ਪੀੜ ਦਿੱਤਾ ਹੈ,
ਸੁਣ ਕੇ ਇਹ ਗੱਲ ਸਾਰੀ ਉਹ ਮਸਕਰਾ ਕੇ ਉੱਠਿਆ,
ਉਸ ਪਾਤਸ਼ਾਹ ਨੇ ਨੂਰੇ ਕੋਲ ਆ ਕੇ ਪੁੱਛਿਆ
ਨੂਰੇ ਤੂੰ ਰੂਬਰੂ ਸੈਂ ਕੋਈ ਗੱਲ ਨਾ ਲੁਕਾਈ,
ਤੂੰ ਸਾਫ ਸਾਫ ਦੱਸੀਂ ਕੋਈ ਕਹਿਰ ਨਾ ਕਮਾਈ,
ਕੋਈ ਹਿੱਕ ਤੇ ਨਾ ਕਰੀ ਕੋਈ ਹਾਅ ਤੇ ਨਾ ਕੱਢੀ,
ਮੇਰੇ ਲਾਲਾਂ ਨੇ ਕੋਈ ਉੱਚੀ ਸਾਹ ਤੇ ਨਾ ਕੱਢੀ,
ਤੇਸੀ ਦੇ ਨਾਲ ਜਦੋਂ ਸੱਟ ਲੱਗੀ ਸੀ ਕਰਾਰੀ,
ਮੇਰੇ ਫਤਹਿ ਉਸ ਵੇਲੇ ਚੀਕ ਤੇ ਨਾ ਮਾਰੀ"

ਉਸ ਸਮੇਂ ਗੁਰੂ ਜੀ ਨੇ ਕਾਹੀ (ਦੱਭ) ਦਾ ਬੂਟਾ ਪੁੱਟ ਕੇ ਸੁੱਟਦਿਆਂ ਕਿਹਾ ਕਿ ਅੱਜ ਮੁਗਲ ਹਕੂਮਤ ਦੀਆਂ ਜੜ੍ਹਾਂ ਪੁੱਟੀਆਂ ਗਈਆਂ ਹਨ। ਸਾਰੀ ਸੰਗਤ ਸ਼ਾਂਤਮਈ ਅੱਖਾਂ ਵਿੱਚ ਹੰਝੂਆਂ ਦੀਆਂ ਨਦੀਆਂ ਵਹਾਉਂਦੇ ਹੋਏ ਇਸ ਦਰਦਨਾਕ ਘਟਨਾਕ੍ਰਮ ਪ੍ਰਤੀ ਸੁਣਦੀ ਰਹੀ, ਮਾਹੌਲ ਵੈਰਾਗਮਈ ਹੋ ਗਿਆ ਸੀ। ਗੁਰੂ ਜੀ ਔਖੀ ਤੋਂ ਔਖੀ ਘੜੀ ਵਿੱਚ ਵੀ ਕਦੇ ਡੋਲੇ ਨਹੀਂ ਸਨ, ਉਹਨਾਂ ਦਾ ਸਿਦਕ ਕਾਇਮ ਅਤੇ ਇਰਾਦਾ ਹਮੇਸ਼ ਦ੍ਰਿੜ ਰਿਹਾ ਹੈ, ਉਹਨਾਂ ਦੇ ਚਿਹਰੇ ਦਾ ਨੂਰ ਕਦੇ ਮੱਠਾ ਨਹੀਂ ਪਿਆ ਸੀ, ਹਮੇਸ਼ਾਂ ਉਸ ਵਾਹਿਗੁਰੂ ਦਾ ਭਾਣਾ ਮੰਨ ਕੇ ਚੜ੍ਹਦੀ ਕਲਾ ਵਿੱਚ ਰਹੇ ਅਤੇ ਮਾਤਾ, ਪਿਤਾ, ਚਾਰ ਪੁੱਤਰ ਸਭ ਕੁਝ ਸਿੱਖ ਪੰਥ ਅਤੇ ਤੋਂ ਵਾਰ ਕੇ "ਭਾਣਾ ਮੀਠਾ ਲਾਗੇ ਤੇਰਾ"ਕਹਿ ਕੇ ਉਸਦਾ ਸ਼ੁਕਰਾਨਾ ਕੀਤਾ। ਪਰ ਰਾਏ ਕੱਲ੍ਹਾ ਨੇ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕਰਦਿਆਂ ਕਿਹਾ ਕਿ ਗੁਰੂ ਜੀ ਅਸੀਂ ਵੀ ਤੁਰਕ (ਮੁਗਲ) ਹਾਂ, ਪਰ ਤੁਹਾਡੇ ਸੱਚੇ ਸੁੱਚੇ ਸੇਵਾਦਾਰ ਹਾਂ, ਸਾਡੇ ਤੇ ਰਹਿਮ ਕਰੋ ਤਾਂ ਗੁਰੂ ਜੀ ਨੇ ਉਸਨੂੰ ਇੱਕ ਤਲਵਾਰ, ਗੰਗਾ ਸਾਗਰ ਅਤੇ ਇੱਕ ਰੇਹਲ ਦੀ ਬਖਸ਼ਿਸ਼ ਕਰਦਿਆਂ ਫੁਰਮਾਇਆ" ਚੰਗਾ ਬਈ, ਤੁਸੀਂ ਸਾਡੀ ਸੇਵਾ ਕੀਤੀ ਹੈ, ਜਦੋਂ ਤਕ ਤੁਸੀਂ ਇਹਨਾਂ ਸ਼ਾਸਤਰਾਂ ਦੀ ਸੇਵਾ ਕਰਦੇ ਰਹੋਗੇ ਤੁਹਾਡਾ ਰਾਜਭਾਗ ਕਾਇਮ ਰਹੇਗਾ।"

ਗੁਰੂ ਜੀ ਇਸ ਸਥਾਨ ਤੇ ਤਿੰਨ ਦਿਨ 19,20 ਅਤੇ 21 ਪੋਹ ਤਕ ਰਹੇ ਅਤੇ ਇਸ ਤੋਂ ਅਗਲੇ ਪੜਾਅ ਲਈ ਚਾਲੇ ਪਾ ਪਏ। ਇਸ ਤਰ੍ਹਾਂ ਹੀ ਹੋਇਆ ਸੀ, ਜਦੋਂ ਤਕ ਉਹਨਾਂ ਸੇਵਾ ਕੀਤੀ ਉਹਨਾਂ ਦਾ ਰਾਜ ਬਰਕਰਾਰ ਰਿਹਾ। ਬਾਅਦ ਵਿੱਚ ਅਨਾਇਤ ਖਾਂ ਗੁਰੂ ਜੀ ਦੀਆਂ ਬਖਸ਼ਿਸ਼ਾ ਨੂੰ ਪਾਕਿਸਤਾਨ ਲੈ ਗਏ ਸਨ, ਜੋ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਅੱਜ ਵੀ ਸ਼ਰਧਾ ਨਾਲ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਸ ਸਥਾਨ ਤੇ ਰਮਣੀਕ ਅਤੇ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ, ਜਿੱਥੇ ਗੁਰਬਾਣੀ ਦਾ ਪ੍ਰਵਾਹ ਹਰ ਸਮੇਂ ਚਲਦਾ ਰਹਿੰਦਾ ਹੈ।ਹਰ ਸਾਲ ਇਸ ਸਥਾਨ ਤੇ ਗੁਰੂ ਜੀ ਯਾਦ ਨੂੰ ਸਮਰਪਿਤ ਦਿਨ 19,20 ਅਤੇ 21 ਪੋਹ ਨੂੰ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ।ਗੁਰੂ ਸਾਹਿਬ ਜੀ ਦੀ ਉਸਤਤਿ ਵਿੱਚ ਇੱਕ ਸ਼ਾਇਰ ਦੇ ਮਨ ਦੀ ਉਡਾਰੀ:-

ਲਾੜੀ ਮੌਤ ਨੇ ਨਾ ਫਰਕ ਆਉਣ ਦਿੱਤਾ
"ਚੌਹਾਂ ਵੀਰਾਂ ਦੇ ਗੂੜੇ ਪਿਆਰ ਅੰਦਰ ।
ਤਕਦਾ ਰਿਹਾ ਬਾਪੂ ਕੱਚੇ ਕਿਲੇ ਅੰਦਰੋਂ
ਕਿੰਨਾ ਬਲ ਹੈ ਨਿੱਕੀ ਤਲਵਾਰ।
ਅੰਦਰ
ਕਿੰਨੀਆਂ ਖਾਧੀਆਂ ਸੱਟਾਂ ਅਜੀਤ ਸਿੰਘ ਨੇ
ਕਿੰਨੇ ਖੁਭੇ ਨੇ ਤੀਰ ਜੁਝਾਰ ਅੰਦਰ।
ਦਾਦੀ ਤੱਕਿਆ ਬੁਰਜ ਦੀ ਸ਼ੀਤ ਵਿਚੋਂ
ਫੁੱਲ ਲੁਕ ਗਏ ਨੇ ਇੱਟਾਂ ਦੇ ਭਾਰ ਅੰਦਰ।
ਅਰਸ਼ੋਂ ਦਾਦੇ ਸ਼ਹੀਦ ਨੇ ਝਾਤ ਪਾਈ
ਕਿੰਨਾ ਸਿਦਕ ਹੈ ਮੇਰੇ ਇਸ ਪਰਿਵਾਰ ਅੰਦਰ।
ਜੂਝੇ ਕਿਸ ਤਰਾਂ ਧਰਮ ਤੋਂ ਸਾਹਿਬਜ਼ਾਦੇ
ਦੇ ਮੈਦਾਨ ਅੰਦਰ ਦੋ ਦੀਵਾਰ ਅੰਦਰ।"

ਗੁਰੂ ਜੀ ਦੀ ਸਿੱਖ ਕੌਮ ਲਈ ਕੁਰਬਾਨੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਾ ਹਮੇਸ਼ਾ ਮਾਰਗ ਦਰਸ਼ਨ ਕਰਦੀ ਰਹੇਗੀ।



## ਕਾਵਿ-ਵਿਅੰਗ

## 2019 ਮੁਬਾਰਕ

ਵੀਹ ਸੌ ਅਠਾਰਾਂ ਛੱਡ ਗਿਆ ਆਪਣੀਆਂ ਪੈੜਾਂ ਦੇ ਨਿਸ਼ਾਨ
ਮਹੱਤਵਪੂਰਨ ਕੁਝ ਘਟਨਾਵਾਂ ਲੱਗਾ ਕਰਨ ਬਿਆਨ।
ਦੋ ਮੁਲਕਾਂ ਦੀ ਖਲਕਤ ਦਾ ਉਹਨਾਂ ਖਿੱਚਿਆ ਬਹੁਤ ਧਿਆਨ
ਕੋਰੀ-ਡੋਰ ਦੇ ਹੀਰੋ ਬਣ ਗਏ ਸਿੱਧੂ ਤੇ ਇਮਰਾਨ।
ਕਰਤਾਰਪੁਰ ਸਾਹਿਬ ਦਾ ਲਾਂਘਾ ਜੇਕਰ ਦੇ ਰਿਹਾ ਪਾਕਿਸਤਾਨ
ਕੀ ਇਸ ਗੱਲ 'ਤੇ ਸ਼ੁਕਰਗੁਜ਼ਾਰ ਤੇ ਖੁਸ਼ ਹੈ ਹਿੰਦੁਸਤਾਨ।
ਲੋਕ ਜੇ ਦੇਖਣਾ ਚਾਹੁੰਦੇ ਬਾਬੇ ਨਾਨਕ ਦਾ ਅਸਥਾਨ
ਇਸ ਗੱਲ ਤੇ ਵੀ ਕਿਉਂ ਸਿਆਸਤ ਕਰ ਰਹੇ ਸਿਆਸਤਦਾਨ।
ਅਟਲ ਬਿਹਾਰੀ ਵਾਜਪਾਈ ਜੀ ਲੀਡਰ ਸਨ ਮਹਾਨ
ਸੰਗਠਿਤ ਕਰਕੇ ਬੀ. ਜੇ. ਪੀ. ਨੂੰ ਛੱਡ ਗਏ ਉਹ ਜਹਾਨ।
ਹਵਾ ਦੇ ਵਿਚ ਹੀ ਕਰ ਦਿੱਤੇ ਉਨ੍ਹਾਂ ਵੱਡੇ-ਵੱਡੇ ਐਲਾਨ
ਮੋਦੀ ਹੋਰਾਂ ਨੇ ਕੀਤਾ ਇਸ ਦੇਸ਼ ਦਾ ਬਹੁਤ ਨੁਕਸਾਨ।
ਭਾਜਪਾ ਵਾਲਿਓ ਤੁਹਾਡੇ ਲਈ ਕੀ ਇਹੋ ਕੰਮ ਮਹਾਨ
ਸਰਦਾਰ ਪਟੇਲ ਦਾ ਬੁੱਤ ਲਗਾ ਲਿਆ ਕਿੰਨੀ ਕੁ ਵੱਧ ਗਈ ਸ਼ਾਨ।
ਤਿੰਨ ਸੂਬਿਆਂ ਦੀਆਂ ਚੋਣਾਂ ਤੋਂ ਲੱਗ ਰਿਹਾ ਇਹ ਅਨੁਮਾਨ
ਬੀ. ਜੇ. ਪੀ. ਲਈ ਲੋਕ ਸਭਾ ਦੀ ਚੋਣ ਨਹੀਂ ਰਹੂ ਆਸਾਨ।
ਰਾਹੁਲ ਗਾਂਧੀ ਨੂੰ ਜਦ ਲੋਕਾਂ ਨੇ ਕਰ ਲਿਆ ਪ੍ਰਵਾਨ
ਮੋਦੀ ਅਤੇ ਅੰਮਿਤ ਸ਼ਾਹ ਦਾ ਟੁੱਟ ਗਿਆ ਅਭਿਮਾਨ।
ਬਣਨ ਨਹੀਂ ਦਿੱਤਾ ਪੀ. ਐਮ. ਉਸਨੂੰ ਨਾ ਬਣਾਇਆ ਪ੍ਰਧਾਨ
ਮੋਦੀ ਧੜੇ ਨੇ ਤੋੜ ਸੁੱਟੇ ਅਡਵਾਨੀ ਦੇ ਅਰਮਾਨ।
ਜੋੜੇ ਝਾੜ ਕੇ ਭੁੱਲ ਬਖਸ਼ਾਉਂਦੇ ਕਿੱਡੇ ਨੇ ਸ਼ੈਤਾਨ
ਬਾਦਲਾਂ ਦਾ ਇਹ ਦੇਖ ਡਰਾਮਾ ਲੋਕ ਹੋਏ ਹੈਰਾਨ।
ਅੰਦਰ-ਖਾਤੇ ਬਾਦਲਾਂ ਉਤੇ ਕਰ ਗਿਆ ਉਹ ਅਹਿਸਾਨ
ਕੈਪਟਨ ਦੱਸੇ ਉਸਨੇ ਕੀਤਾ ਕਿਹੜਾ ਕੰਮ ਮਹਾਨ।
ਵਿਧਾਇਕਾਂ ਦੀ ਤਨਖਾਹ ਵਧਣ ਦੇ ਹੋ ਗਏ ਹਨ ਐਲਾਨ
ਪਬਲਿਕ ਨੂੰ ਕੀ ਰਾਹਤ ਦਿੱਤੀ ਦੱਸੋ ਤਾਂ ਸ਼੍ਰੀਮਾਨ।
ਖੁਦਕੁਸ਼ੀਆਂ ਦੇ ਰਾਹ ਪੈ ਕੇ ਗੁਆ ਰਹੇ ਆਪਣੀ ਜਾਨ
ਮੁਲਕ ਦੇ ਰਹਿਬਰੋ ਦੱਸੋ ਕੀ ਇੰਝ ਹੀ ਮਰਨ ਕਿਸਾਨ।
ਬਹੁਤੇ ਸਿਆਸਤਦਾਨਾਂ ਦਾ ਨਹੀਂ ਹੁੰਦਾ ਦੀਨ ਈਮਾਨ
ਉਨ੍ਹਾਂ ਲਈ ਕੀ ਮਾਅਨੇ ਰੱਖਦਾ ਭਾਰਤ ਦਾ ਸੰਵਿਧਾਨ।
ਆਮ ਆਦਮੀ ਪਾਰਟੀ ਦੇ ਵਿਚ ਉਠਿਆ ਉਦੋਂ ਤੂਫਾਨ
ਸੁੱਖਪਾਲ ਖਹਿਰੇ ਦਾ ਕੇਜਰੀਵਾਲ ਨੇ ਕੀਤਾ ਜਦੋਂ ਅਪਮਾਨ।
ਪੰਚਾਇਤੀ ਚੋਣਾਂ 'ਚ ਫਾਇਦਾ ਘੱਟ ਜ਼ਿਆਦਾ ਹੈ ਨੁਕਸਾਨ
ਧੜੇਬੰਦੀ ਦੇ ਕਾਰਨ ਲੋਕ ਹੁੰਦੇ ਲਹੂ-ਲੁਹਾਨ।
ਅਦਿੱਤਿਆ ਨਾਥ ਯੋਗੀ ਕਹਿੰਦਾ ਦਲਿਤ ਸੀ ਹਨੂੰਮਾਨ
ਕੀ ਲੋੜ ਸੀ ਉਸ ਨੂੰ ਦੇਣ ਦੀ ਬੇਤੁਕਾ ਬਿਆਨ।
ਧਰਮਾਂ ਜਾਤਾਂ-ਪਾਤਾਂ ਦੇ ਵਿਚ ਅੱਜ ਵੀ ਲੋਕ ਗਲਤਾਨ
ਅਯੁੱਧਿਆ ਵਾਲਾ ਮਸਲਾ ਅਜੇ ਹੋਰ ਕਰੂ ਨੁਕਸਾਨ।
ਜੁਡੀਸ਼ਰੀ ਨੇ ਕਰ ਦਿੱਤਾ ਦੰਗਾ ਪੀੜਤਾਂ ਉਤੇ ਅਹਿਸਾਨ
ਸੱਜਣ ਕੁਮਾਰ ਦੀ ਹੁਣ ਲੱਗਦਾ ਜੇਲ੍ਹ 'ਚ ਨਿਕਲੂ ਜਾਨ।
ਚਸ਼ਮਦੀਦ ਗਵਾਹਾਂ ਦਾ ਰਿਹਾ ਹੌਸਲਾ ਵਾਂਗ ਚਟਾਨ
ਵਕੀਲ ਐਚ. ਐਸ. ਫੂਲਕਾ ਵੀ ਰਿਹਾ ਡਟਿਆ ਵਿਚ ਮੈਦਾਨ।
ਉਨ੍ਹਾਂ ਲਈ ਵੀ ਜਾਰੀ ਹੋਣੇ ਚਾਹੀਦੇ ਸਖਤ ਫੁਰਮਾਨ
ਚੌਰਾਸੀ ਦੇ ਵਿਚ ਜਿਹੜਾ ਜਿਹੜਾ ਬਣ ਗਿਆ ਸੀ ਹੈਵਾਨ।
ਇਸ ਹਕੀਕਤ ਨੂੰ ਵੀ ਕਿਉਂ ਸਮਝਦਾ ਨਹੀਂ ਇਨਸਾਨ
ਬੰਦਾ ਹੁੰਦਾ ਧਰਤੀ ਉਤੇ ਕੁਝ ਦਿਨ ਦਾ ਮਹਿਮਾਨ।
ਇੰਡੋਨੇਸ਼ੀਆ ਦੇ ਵਿਚ ਆਇਆ ਖਤਰਨਾਕ ਤੂਫਾਨ
ਦਸੰਬਰ ਜਾਂਦਾ ਜਾਂਦਾ ਲੈ ਗਿਆ ਕਈ ਲੋਕਾਂ ਦੀ ਜਾਨ।
ਵਜ਼ੀਰੇ-ਆਜ਼ਮ ਬਣ ਕੇ ਉਸ ਦਾ ਡੋਲ ਗਿਆ ਇਮਾਨ
ਨਵਾਜ਼ ਸ਼ਰੀਫ ਨੂੰ ਸਜ਼ਾ ਹੋ ਗਈ ਇਸੇ ਸਾਲ ਦੌਰਾਨ।
ਜਿਹੜੀ ਪਾਰਟੀ ਆਉਂਦੀ ਕਰਦੀ ਹੱਦੋਂ ਵੱਧ ਨੁਕਸਾਨ
ਉਲਝਣ ਵਿਚ ਹੈ ਵੋਟਰ ਦੱਬੇ ਕਿਸ ਦਾ ਚੋਣ ਨਿਸ਼ਾਨ।
ਕਿੱਥੋਂ ਲੱਭ ਕੇ ਲਿਆਈਏ ਐਸਾ ਰਹਿਬਰ ਜਾਂ ਵਿਦਵਾਨ
ਏਸ ਮੁਲਕ ਦੇ ਲੋਕਾਂ ਨੂੰ ਜੋ ਦਿਸ਼ਾ ਕਰ ਪ੍ਰਦਾਨ।
ਤੁਹਾਡੇ ਲਈ ਇਹ ਧਰਤੀ ਸਾਰੀ ਤੁਹਾਡੇ ਲਈ ਅਸਮਾਨ
ਸੋੜੀਆਂ ਸੋਚਾਂ ਛੱਡ ਕੇ ਭਰੋ ਉਚੀ ਤੁਸੀਂ ਉਡਾਨ।
ਵੀਹ ਸੌ ਉਨੀ ਦੇ ਵਿਚ ਹੋਵੇ ਹਰ ਥਾਂ ਅਮਨ-ਅਮਾਨ
'ਟੇਰਕਿਆਨਾ' ਹਰ ਚਿਹਰੇ 'ਤੇ ਨਜ਼ਰ ਆਵੇ ਮੁਸਕਾਨ।



-ਰਘਵੀਰ ਸਿੰਘ
ਟੇਰਕਿਆਣਾ,
ਐਡਵੋਕੇਟ
91-98141-73402

## ਉਨੀ ਲਈ ਦੁਆਵਾਂ?

ਸੁਬ੍ਹਾ ਚੜ੍ਹੇ ਤੇ ਸ਼ਾਮ ਨੂੰ ਅਸਤ ਹੋਵੇ
ਆਦਿ ਕਾਲ ਤੋਂ ਇੰਝ ਹੀ ਹੋਈ ਜਾਂਦਾ।

ਐਤਵਾਰ ਤੋਂ ਸ਼ੁਰੂ ਹੋ ਸ਼ਨੀ ਤੀਕਰ
ਚੰਗੇ ਮਾੜੇ ਨੂੰ ਕਾਲ ਇਉਂ ਢੋਈ ਜਾਂਦਾ।

ਗਰਮੀ ਠੰਢ ਬਸੰਤ ਬਰਸਾਤ ਰੁੱਤਾਂ
ਨਵਾਂ ਆਉਂਦਾ ਤੇ ਪਿਛਲਾ ਸਭ ਮੋਈ ਜਾਂਦਾ।

ਬੰਦਾ ਬਚਪਨ ਜਵਾਨੀ ਵਿਚ ਐਸ਼ ਕਰਕੇ
ਬੁੱਢੇ ਵਾਰੇ ਵਿਚ ਸਾਰਾ ਕੁਝ ਖੋਈ ਜਾਂਦਾ।

ਜਿਵੇਂ 'ਠਾਰਾਂ ਨੂੰ 'ਹੈਪੀ' ਵੀ ਕਿਹਾ ਈ ਸੀ
ਉਨੀ ਲਈ ਦੁਆਵਾਂ ਵੀ ਕਰੀ ਚੱਲੋ।

ਲਿਖਕੇ ਰੰਗ-ਬਰੰਗਿਆਂ ਅੱਖਰਾਂ ਵਿਚ
'ਫੇਸ ਬੁੱਕ' ਵਧਾਈਆਂ ਦੇ ਭਰੀ ਚੱਲੋ!



ਤਰਲੋਚਨ ਸਿੰਘ ਦੁਪਾਲਪੁਰ
001-408-915-1268

## ਸਤਿ ਸ਼੍ਰੀ ਅਕਾਲ

ਜਬਰ ਜ਼ੁਲਮ ਨਾਲ ਲੜਨਾ,
ਮੂਹਰੇ ਜਾ ਤੁਫ਼ਾਨ ਦੇ ਖੜਨਾ,
ਮੰਨ ਦੇ ਨਾ ਹਾਰਾਂ ਨੂੰ,
ਕੋਈ ਝੁਕਾ ਨੀ ਸਕਦਾ,
ਲੋਕੋ ਸਿੰਘ ਸਰਦਾਰਾ ਨੂੰ,

ਰੱਖ ਸੀਸ ਤਲੀ ਤੇ ਲੜਿਆ,
ਖੰਡਾ ਜਾ ਵੈਰੀ ਦੇ ਜੱੜਿਆ,
ਵੈਰੀ ਝੱਲ ਨਾ ਸਕਿਆ ਮਾਰਾਂ ਨੂੰ,
ਕੋਈ ਝੁਕਾ ਨੀ ਸਕਦਾ,
ਲੋਕੋ ਸਿੰਘ ਸਰਦਾਰਾ ਨੂੰ,

ਰੱਸਾ ਚੁੰਮ ਗਲੇ ਵਿਚ ਪਾਇਆ,
ਲਾੜੀ ਮੌਤ ਨੂੰ ਉਹਨੇ ਵਿਆਹਿਆ,
ਲੋਕੀ ਰੋਂਦੇ ਨਾਰਾ ਨੂੰ,
ਕੋਈ ਝੁਕਾ ਨੀ ਸਕਦਾ,
ਲੋਕੋ ਸਿੰਘ ਸਰਦਾਰਾ ਨੂੰ,

ਦਿਲਬਾਗ ਵਿਚ ਨੀਹਾਂ ਦੇ ਖੜਗੇ,
ਨਾ ਉੱਚਾ ਕੌਮ ਦਾ ਕਰਗੇ,
ਮੋਰਿੰਡੇ ਵਾਲਿਆ
ਲੋਕੀ ਗਾਉਦੇ ਬਾਰਾਂ ਨੂੰ,
ਕੋਈ ਝੁਕਾ ਨੀ ਸਕਦਾ,
ਲੋਕੋ ਸਿੰਘ ਸਰਦਾਰਾ ਨੂੰ !!

– ਦਿਲਬਾਗ ਸਿੰਘ, ਮੋਰਿੰਡਾ
91-88729-82832

## ਨਵਾ ਸਾਲ - ਕੁਝ ਸਵਾਲ?

ਨਵੇਂ ਸਾਲ ਜਦੋਂ ਤੂੰ ਆਏਂਗਾ,
ਦੱਸ ਖੁਸ਼ੀਆ ਖੇੜੇ ਲਿਆਂਏਗਾ ?
ਘਰ ਪਰਿਵਾਰ ਮੇਰੇ ਦੇ ਅੰਦਰ
ਕੀ ਹੋਰ ਵੀ ਪਿਆਰ ਵਧਾਏਂਗਾ?
ਨਵੇਂ ਸਾਲ ਜਦੋਂ ਤੂੰ ਆਏਂਗਾ.. .. !
ਤਰੱਕੀ, ਪੈਸਾ ਤੇ ਸ਼ੋਹਰਤ ਨੂੰ,
ਮੇਰੇ ਕਦਮਾਂ ਵਿਚ ਟਿਕਾਏਂਗਾ,
ਦੋਸਤਾਂ , ਰਿਸ਼ਤਿਆਂ ਤੇ ਦੁਨੀਆ ਵਿਚ
ਕੀ ਤੂੰ ਮੇਰੇ ਰੁਤਬੇ ਨੂੰ ਵਧਾਏਂਗਾ ?
ਨਵੇਂ ਸਾਲ ਜਦੋਂ ਤੂੰ ਆਏਂਗਾ.... !
ਜਵਾਬ
ਹਾਂ ! ਹਾਂ ! ਜਦੋ ਮੈ ਆਵਾਂਗਾ,
ਖੁਸ਼ੀਆਂ ਖੇੜੇ ਲਿਆਂਵਾਗਾ ।
ਚਾਰ ਚੁਫੇਰੇ ਰੋਸ਼ਨ ਕਰਦਾਂਗਾ,
ਤੈਨੂੰ ਖੁਸ਼ੀਆਂ ਨਾਲ ਭਰਦਾਗਾ।
ਪਰ ਤੂੰ ਕਦੇ ਵੀ ਸੁਸਤੀ ਪਾਈ ਨਾ,
ਕੰਮ ਕਰਨ ਲੱਗਾ ਘਬਰਾਈ ਨਾ।
ਜੀ ...ਜੀ... ਕਰ ਸਤਿਕਾਰ ਕਰੀ,
ਵੱਡੇ ਛੋਟਿਆਂ ਨਾਲ ਪਿਆਰ ਕਰੀ ।
ਕਦੇ ਕਿਸੇ ਦਾ ਬੁਰਾ ਤੱਕੀ ਨਾ,
ਬੇਇਮਾਨੀ ਦੀ ਨੀਤ ਰੱਖੀ ਨਾ ।
ਜ਼ਿੰਦਗੀ ਦਾ ਹਰ ਕੋਨਾ ਮਹਿਕਾਉਗਾ,
ਹਾਂ !ਹਾਂ ਜਦੋ ਮੈਂ ਆ _ਗਾ।

– ਕਿਰਨਪ੍ਰੀਤ ਕੌਰ
+436607370487

## "ਨਵਾਂ ਵਰ੍ਹਾ, ਨਵੀਆਂ ਉਮੀਦਾਂ"

ਨਵਾਂ ਵਰ੍ਹਾ,
ਨਵੀਆ ਉਮੀਦਾਂ,
ਤੇ ਕਈ ਨਵੇਂ ਚਾਅ ਹੋਣਗੇ।
ਕਈ ਪੁਰਾਣੇ ਨਿਭਣਗੇ,
ਕਈ ਨਵੇਂ ਜੁੜਨਗੇ,
ਤੇ ਕਈ ਤਿੜਕੇ ਹੋਣਗੇ।
ਕਈਆ ਦੀ ਲੋਹੜੀ,
ਕਈਆ ਦੀ ਮੰਗਣੀ,
ਤੇ ਕਈਆ ਦੇ ਵਿਆਹ ਹੋਣਗੇ।
ਕਈ ਕਰਨਗੇ ਡਿਗਰੀ,
ਕਈ ਪਾਉਣਗੇ ਨੌਕਰੀ,
ਤੇ ਕਈ ਬੇਰੋਜ਼ਗਾਰ ਹੋਣਗੇ।
ਕਈ ਉਤੋਂ-ਉਤੋਂ,
ਕਈ ਸੱਚੇ ਦਿਲੋਂ,
ਕਈ ਜਾਨ ਵਾਰਨ ਵਾਲੇ ਯਾਰ ਹੋਣਗੇ।
ਕਈ ਘਬਰਾ ਕੇ ਰਹਿਣਗੇ,
ਕਈ ਪੱਕੇ ਖੜੇ ਰਹਿਣਗੇ,
ਤੇ ਕਈ ਨਵਾਂ ਇਤਿਹਾਸ ਬਨਾਉਣਗੇ।
ਕਈ ਮੰਜਿਲਾਂ ਨੂੰ ਪਾਉਣਗੇ,
ਕਈ ਚਮ ਦੀਆ ਚਲਾਉਣਗੇ,
ਤੇ ਕਈ ਹਾਕਮ ਕਹਾਉਣਗੇ।
ਨਵਾਂ ਵਰ੍ਹਾ,
ਨਵੀਆ ਉਮੀਦਾਂ,
ਤੇ ਕਈ ਨਵੇ ਚਾਅ ਹੋਣਗੇ।



– ਇੰਦਰਜੀਤ ਸਿੰਘ ਕਠਾਰ
91-97793-24972

## ਨਦੀ

(ਸਮਾਂ ਤੇ ਨਦੀ ਹਮੇਸ਼ਾ ਅਗਾਂਹ ਵੱਲ ਨੂੰ ਹੀ ਵਗਦੇ ਨੇ; ਏਸ ਵਹਾਅ ਨੂੰ ਨਵਾਂ ਵਰ੍ਹਾ ਮੁਬਾਰਕ)

ਕੋਈ ਚੜ੍ਹਦੀ ਰਹੀ, ਕੋਈ ਲਹਿੰਦੀ ਰਹੀ,
ਕੋਈ ਸੰਗ ਚਟਾਨਾਂ ਦੇ ਖਹਿੰਦੀ ਰਹੀ।
ਪਹਾੜਾਂ ਮੈਦਾਨਾਂ ਨੂੰ ਗਾਹੁੰਦੀ ਰਹੀ
ਨਦੀ ਵਗਦੀ ਰਹੀ, ਨਦੀ ਗਾਉਂਦੀ ਰਹੀ।
ਉਹ ਲੰਘ ਗਈ ਪੁਲਾਂ ਦੇ ਥੱਲੇ ਥੱਲੇ,
ਉਹਦੀ ਡੈਮਾਂ 'ਤੇ ਹੋ ਗਈ ਬੱਲੇ ਬੱਲੇ।
ਕਦੀ ਭਬਕਦੀ ਕਦੀ ਮੁਸਕਾਉਂਦੀ ਰਹੀ
ਨਦੀ ਵਗਦੀ ਰਹੀ ਨਦੀ ਗਾਉਂਦੀ ਰਹੀ।
ਕਦੀ ਬੱਦਲ ਬਣ ਬਣ ਵਰ੍ਹਦੀ ਰਹੀ,
ਕਦੀ ਸੁੱਕੀਆਂ ਨਹਿਰਾਂ ਨੂੰ ਭਰਦੀ ਰਹੀ।
ਭਰ ਭਰ ਕੇ ਆਪਾ ਵਰਤਾਉਂਦੀ ਰਹੀ
ਨਦੀ ਵਗਦੀ ਰਹੀ, ਨਦੀ ਗਾਉਂਦੀ ਰਹੀ।
ਉਹਦੀ ਰੂਹ ਵਿਚ ਅੰਬਰ ਵਿਛਦੇ ਰਹੇ,
ਉਹਤੋਂ ਪੰਛੀ ਗਾਉਣਾ ਸਿੱਖਦੇ ਰਹੇ।
ਸੀਨੇ ਠੰਢ ਹਵਾਵਾਂ ਦੇ ਪਾਉਂਦੀ ਰਹੀ
ਨਦੀ ਵਗਦੀ ਰਹੀ, ਨਦੀ ਗਾਉਂਦੀ ਰਹੀ।
ਕਦੀ ਨੀਵੀਂ ਹੋ ਹੋ ਖੜ੍ਹ ਖੜ੍ਹ ਗਈ,
ਕਦੀ ਕੰਢਿਆਂ ਉੱਤੋਂ ਦੀ ਹੜ੍ਹ ਹੜ੍ਹ ਗਈ।
ਇੰਝ ਸਾਗਰ ਦੀ ਤਾਂਘ ਸਤਾਉਂਦੀ ਰਹੀ
ਨਦੀ ਵਗਦੀ ਰਹੀ, ਨਦੀ ਗਾਉਂਦੀ ਰਹੀ
ਜ਼ਿੰਦਗੀ ਵਿਚ ਉਹਦੀ ਲਹਿਰ ਵਸੇ,
ਉਹਦੇ ਕੰਢਿਆਂ ਤੇ ਪਿੰਡ ਤੇ ਸ਼ਹਿਰ ਵਸੇ।
ਉਹ ਸੱਭਿਆਤਾਵਾਂ ਨੂੰ ਨਹਿਲਾਉਂਦੀ ਰਹੀ
ਨਦੀ ਵਗਦੀ ਰਹੀ, ਨਦੀ ਗਾਉਂਦੀ ਰਹੀ।
ਪਾਣੀ ਵਗਦੇ ਰਹਿਣ ਤਾਂ ਚੰਗੇ ਨੇ,
ਪਾਣੀ ਖੜ੍ਹ ਜਾਵਣ ਤਾਂ ਗੰਦੇ ਨੇ।
ਜ਼ਿੰਦਗੀ ਦਾ ਸਬਕ ਪੜ੍ਹਾਉਂਦੀ ਰਹੀ
ਨਦੀ ਵਗਦੀ ਰਹੀ, ਨਦੀ ਗਾਉਂਦੀ ਰਹੀ।
ਲੱਗੇ ਸਦੀਆਂ ਤੋਂ ਇੱਕੋ ਥਾਂ ਖੜ੍ਹੀ ਖੜ੍ਹੀ,
ਰਹਿੰਦੀ ਹਰ ਪਲ ਫਿਰ ਵੀ ਚਲੋ ਚਲੀ।
ਅਮਰਤਾ ਦਾ ਭੇਦ ਸੁਲਝਾਉਂਦੀ ਰਹੀ
ਨਦੀ ਵਗਦੀ ਰਹੀ, ਨਦੀ ਗਾਉਂਦੀ ਰਹੀ।



ਡਾ. ਸੁਖਪਾਲ ਸੰਘੇੜਾ
E-mail: dr.sukhpal.sanghera@gmail.com

## ਨਵਾਂ ਸਾਲ

ਬੱਚਿਓ, ਆਇਆ ਨਵਾਂ ਸਾਲ,
ਕਰੀਏ ਸੁਆਗਤ ਖੁਸ਼ੀ ਨਾਲ।
ਕਿਸੇ ਦਾ ਦਿਲ ਨਾ ਦੁਖਾਈਏ,
ਆਓ ਰਲ ਅੱਜ ਸਹੁੰ ਖਾਈਏ।
ਰੁੱਸੇ ਮਨਾ ਲਓ ਮੁਹੱਬਤਾਂ ਨਾਲ,
ਬੱਚਿਓ, ਆਇਆ
ਜਾਤ ਪਾਤ ਦੀਆਂ ਗੱਲਾਂ ਛੱਡੋ,
ਬੁਰੇ ਖਿਆਲਾਂ ਨੂੰ ਦਿਲੋਂ ਕੱਢੋ।
ਸਮਾਪਤ ਕਰ ਦਿਓ ਹੰਕਾਰ,
ਬੱਚਿਓ, ਆਇਆ
ਸੱਚ ਦੀ ਕਰਨਾ ਪਹਿਰੇਦਾਰੀ,
ਚਿੰਤਾ ਮੁੱਕ ਜੂ ਤੁਹਾਡੀ ਸਾਰੀ।
ਸਮਾਜ 'ਚ ਮਿਲੂੰਗਾ ਸਤਿਕਾਰ,
ਬੱਚਿਓ, ਆਇਆ
ਈਸਟ ਏਕਵੀਰਾ ਦੀ ਸਲਾਹ,
ਗਲਤ ਕੰਮਾਂ ਦਾ ਛੱਡੋ ਰਾਹ।
ਪੜ੍ਹਾਈ ਕਰਿਓ ਲਗਨ ਨਾਲ,
ਬੱਚਿਓ, ਆਇਆ ਨਵਾਂ ਸਾਲ,
ਕਰੀਏ ਸੁਆਗਤ ਖੁਸ਼ੀ ਨਾਲ।

ਰਜਨੀਸ਼ ਸਰਮਾ 91-95010-33005



## ਤੁਹਾਡਾ ਵੋਟ ਹੀ ਤੁਹਾਡਾ ਭਵਿੱਖ ਹੈ



ਭਾਰਤ ਵਰਗੇ ਲੋਕਤਾਂਤਰਿਕ ਦੇਸ਼ ਵਿੱਚ ਜਿਥੇ ਹਰ ਨਾਗਰਿਕ ਨੂੰ ਆਪਣੇ ਵਿਚਾਰ ਨੂੰ ਪ੍ਰਕਟ ਕਰਨ ਤੇ ਹਰ ਤਰਾਂ ਦੇ ਜਾਣਕਾਰੀ ਲੈਣ ਦੀ ਪੂਰੀ ਆਜ਼ਾਦੀ ਹੈ। ਉਸੇ ਤਰਾਂ ਸਾਰੀਆਂ ਨੂੰ ਆਪਣੀ ਪਸੰਦ ਦੇ ਕਿਸੇ ਵੀ ਉਮੀਦਵਾਰ ਨੂੰ ਚੁਣ ਕੇ ਉਸਨੂੰ ਵੋਟ ਦੇਣ ਦੀ ਪੂਰੀ ਆਜ਼ਾਦੀ ਹੈ। ਇਸ ਤਰਾਂ 2019 ਦਾ ਲੋਕਸਭਾ ਦਾ ਚੁਣਾਵ ਸਿਰਫ ਆਮ ਚੁਣਾਵ ਨਹੀਂ ਹੈ । ਸਗੋਂ ਉਹ ਚੁਣਾਵ ਜੋ ਦੇਸ਼ ਦਾ ਭਵਿੱਖ ਤੈਅ ਕਰੇਗਾ। ਇਸ ਲਈ ਉਸ ਉਮੀਦਵਾਰ ਨੂੰ ਵੋਟ ਦੋ ਜੋ ਦੇਸ਼ ਵਿਚੋਂ ਗ਼ਰੀਬੀ, ਬੇਰੋਜ਼ਗਾਰੀ ਨੂੰ ਖ਼ਤਮ ਕਰਨ ਲਈ, ਨੌਜਵਾਨ ਨੂੰ ਰੋਜ਼ਗਾਰ ਦੇਣ ਲਈ, ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਲਈ ਤੇ ਕੁੜੀਆਂ ,ਔਰਤਾਂ ਤੇ ਬੱਚਿਆਂ ਦੀ ਸੁਰੱਖਿਆ ਤੇ ਉਹਨਾਂ ਦੇ ਵਿਕਾਸ ਦੇ ਲਈ ਹਰ ਕਦਮ ਚੁੱਕਣ ਲਈ ਤਿਆਰ ਹੋਵੇ। ਕਿਉਂਕਿ ਤੋਹਾਡੇ ਇੱਕ ਕੀਮਤੀ ਵੋਟ ਨਾਲ ਹੀ ਦੇਸ਼ ਦਾ ਭਵਿੱਖ ਚੰਗਾ ਬਣ ਸਕਦਾ ਹੈ।

– ਭਾਵਨਾ (ਕੇਐਮਵੀ ਕਾਲੇਜ, ਜਲੰਧਰ)

## "ਦਸਤਾਰ-ਬੁੱਤ"

ਖਬਰ ਜਦੋਂ ਫਿਰ ਆਈ ਸਾਰੇ ਮੱਚ ਗਈ ਹਾਲ ਦੁਹਾਈ
ਗੜਵੀ ਦੁੱਧ ਦੀ ਹੱਥ 'ਚ ਫੜਕੇ ਕੀਤੀ ਕਿਵੇਂ ਸਫਾਈ
ਅੱਲਾ ਜ਼ਖਮ 84 ਦੇ ਤੂੰ ਹੋਰ ਨਵਾਂ ਚੰਦ ਚਾੜ੍ਹ ਦਿੱਤਾ
ਰੋਲ ਦਿੱਤੀ ਦਸਤਾਰ ਵੈਰੀਆਂ ਸੀਨਾ ਸਭ ਦਾ ਸਾੜ ਦਿੱਤਾ।

ਇੰਦਰਾ ਕੀਤੇ ਕੰਮ ਨਾ ਚੰਗੇ ਖੂਨ ਨਾਲ ਹੱਥ ਉਹਨੇ ਰੰਗੇ
ਪੁੱਤ ਨੇ ਕਿਹੜਾ ਘੱਟ ਕੀਤੀ ਫਿਰ ਦਿੱਲੀ ਵਿਚ ਕਰਾਏ ਦੰਗੇ
ਦਰੱਖਤ ਡਿੱਗੇ ਤੋਂ ਧਰਤੀ ਹਿੱਲਦੀ ਕਹਿ ਕੇ ਸਭ ਉਜਾੜ ਦਿੱਤਾ
ਡੋਲ ਦਿੱਤੀ ਦਸਤਾਰ ਵੈਰੀਆਂ ਸੀਨਾ ....

ਕੰਬ ਗਈ ਸੀ ਦਿੱਲੀ ਸਾਰੀ ਰਾਸ਼ਟਰਪਤੀ ਨੇ ਕਰੀ ਗਦਾਰੀ
ਤਿੰਨ ਸੈਨਾ ਦਾ ਮੁਖੀ ਹੋ ਕੇ ਵੀ ਉਹਨੇ ਨਾ ਕੋਈ ਗੱਲ ਵਿਚਾਰੀ
ਚੰਦਰੇ ਉਸ ਗਿਆਨੀ ਜ਼ੈਲ ਸਿੰਘ ਸਾਨੂੰ ਜੜ੍ਹੋਂ ਉਖਾੜ ਦਿੱਤਾ
ਡੋਲ ਦਿੱਤੀ ਦਸਤਾਰ ਵੈਰੀਆਂ ਸੀਨਾ ....

ਦਿਲ ਤੇ ਵੱਜੀ ਸੱਟ ਨਾ ਸਹਿੰਦਾ ਮੂੰਹ ਤਾਂ ਕਾਲਾ ਕਰਨਾ ਪੈਂਦਾ
ਮਾਫ ਕਿਸੇ ਨੇ ਕੀ ਕਰਨਾ ਤੇ ਅਣਖ ਵਾਲਾ ਨਾ ਟਿਕ ਕੇ ਬਹਿੰਦਾ
ਇਨਸਾਫ ਦੀ ਖਾਤਰ ਲੜਦੇ ਹਾਂ ਪਰ ਤੂੰ ਤਾਂ ਵਰਕਾ ਪਾੜ ਦਿੱਤਾ
ਡੋਲ ਦਿੱਤੀ ਦਸਤਾਰ ਵੈਰੀਆਂ ਸੀਨਾ ....

ਸਿੱਖ ਕੌਮ ਅੱਗ ਲਾ ਕੇ ਤੁਰ ਗਿਆ ਮਰਿਆ ਸੱਪ ਗਲ ਪਾ ਕੇ
ਦੁੱਧ ਦੇ ਨਾਲ ਸਫਾਈ ਕਰਕੇ ਦਸਤਾਰ ਸਿਰੋਂ ਤੂੰ ਲਾਹ ਕੇ
ਦੱਸੇ 'ਦੇਵ ਘੋਲੀਏ' ਵਾਲਾ ਸਾਨੂੰ ਜਿਉਂਦਿਆਂ ਨੂੰ ਤਾਂ ਮਾਰ ਦਿੱਤਾ
ਰੋਲ ਦਿੱਤੀ ਦਸਤਾਰ ਵੈਰੀਆਂ ਸੀਨਾ ਸਭ ਦਾ ਸਾੜ ਦਿੱਤਾ।

– ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764




## ਸਵ : ਉਸਤਾਦ- ਗੀਤਕਾਰ, ਗਾਇਕ ਅਤੇ ਅਦਾਕਾਰ ਰਾਜ ਬਰਾੜ ਦੀਆਂ ਯਾਦਾਂ ਦੀ ਕਿਤਾਬ 'ਸੰਦਲੀ ਪੈੜਾਂ' ਲੋਕ ਅਰਪਣ



ਐਸ. ਏ. ਐਸ. ਨਗਰ (ਮੁਹਾਲੀ) (ਪ੍ਰੀਤਮ ਲੁਧਿਆਣਵੀ) : ਸਥਾਨਕ ਪ੍ਰੈੱਸ ਕਲੱਬ ਵਿਖੇ ਸਵ: ਉਸਤਾਦ -ਗੀਤਕਾਰ, ਗਾਇਕ ਅਤੇ ਅਦਾਕਾਰ ਰਾਜ ਬਰਾੜ ਦੀਆਂ ਯਾਦਾਂ ਦੀ ਕਿਤਾਬ 'ਸੰਦਲੀ ਪੈੜਾਂ ' ਲੋਕ-ਅਰਪਣ ਕੀਤੀ ਗਈ। ਪੁਸਤਕ ਲੋਕ-ਅਰਪਣ ਦੀ ਰਸਮ ਸਵ: ਰਾਜ ਬਰਾੜ ਦੀ ਧਰਮ ਪਤਨੀ ਬਲਵਿੰਦਰ ਕੌਰ (ਬਿੰਦੂ ਬਰਾੜ) ਅਤੇ ਸਵੀਤਾਜ ਬਰਾੜ (ਰਾਜ ਬਰਾੜ ਦੀ ਬੇਟੀ) ਵਲੋਂ ਸਾਂਝੇ ਤੌਰ ਤੇ ਨਿਭਾਈ ਗਈ। ਇਸ ਅਵਸਰ ਤੇ ਹੋਰਨਾਂ ਸਖਸ਼ੀਅਤਾਂ ਤੋਂ ਇਲਾਵਾ ਸੇਖੋਂ ਜੰਡ ਵਾਲਾ, ਡਾ ਜਲੌਰ ਸਿੰਘ ਖੀਵਾ, ਸਤਪਾਲ ਸੇਖਾ, ਕੁਲਦੀਪ ਮੱਲਕੇ, ਗੁਰਮੀਤ ਕੁਲਾਰ, ਅਮਰਜੀਤ ਬੈਨੀਪਾਲ, ਅੰਗਰੇਜ ਸਿੰਘ ਅਤੇ ਧਨਵੰਤ ਸੇਖੋਂ ਆਦਿ ਵੀ ਉਚੇਚੇ ਤੌਰ ਤੇ ਹਾਜ਼ਰ ਸਨ।

## ਗਗਨ ਕਾਈਨੌਰ ਦਾ ਧਾਰਮਿਕ ਗੀਤ "ਕੁਰਬਾਨੀ" ਰਿਲੀਜ਼

ਸੰਤ ਬਾਬਾ ਸਰੂਪ ਸਿੰਘ ਜੀ ਦੇ ਆਸ਼ੀਰਵਾਦ ਨਾਲ ਗੀਤਕਾਰ ਗਗਨ ਕਾਈਨੌਰ ਦਾ ਗੀਤ "ਕੁਰਬਾਨੀ" ਨੂੰ ਰਿਲੀਜ਼ ਕੀਤਾ ਗਿਆ।ਸਰਬੰਸਦਾਨੀ ਦਸ਼ਮੇਸ਼ ਪਿਤਾ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸਰਹਿੰਦ ਚ ਅਦੁੱਤੀ ਕੁਰਬਾਨੀ ਦੀ ਸਾਹਦੀ ਭਰਦੇ ਇਸ ਗੀਤ ਕੁਰਬਾਨੀ ਨੂੰ ਭਾਈ ਗੁਰਦੇਵ ਸਿੰਘ ਸੰਤਸਰ ਨੇ ਆਪਣੀ ਸੋਹਜਮਈ ਆਵਾਜ਼ ਗਾਇਆ ਹੈ ਅਤੇ ਇਸ ਗੀਤ ਦਾ ਗੀਤਕਾਰ ਗਗਨ ਕਾਈਨੌਰ ਹੈ।ਇਸ ਗੀਤ ਨੂੰ ਸੰਗੀਤ ਦੀਆਂ ਸੁਰਾਂ ਚ ਵਿਨੇ ਕਮਲ ਨੇ ਪ੍ਰੋਇਆ ਹੈ।ਇਸ ਗੀਤ ਦੀ ਵੀਡੀਓ ਰਮਨ ਪੰਨੂ ਨੇ ਬਹੁਤ ਸ਼ਾਨਦਾਰ ਬਣਾਈ ਹੈ।ਗੀਤ ਨੂੰ ਸੈਵਨ ਟੋਨ ਰਿਕਾਰਡ ਨੇ ਰਿਲੀਜ਼ ਕੀਤਾ ਹੈ।ਇਸ ਗੀਤ ਦੇ ਰਿਲੀਜ਼ ਕਰਨ ਦੀ ਖੁਸ਼ੀ ਸਾਂਝੀ ਕਰਦਿਆਂ ਗਗਨ ਕਾਈਨੌਰ ਨੇ ਦੱਸਿਆ ਕਿ ਪੰਜਾਬੀ ਮਾਂ ਬੋਲੀ ਦੀ ਆਣ, ਬਾਣ ਤੇ ਸ਼ਾਨ ਦੀ ਰਾਖੀਲਈ ਸੰਘਰਸ਼ ਅਤੇ ਜਾਗਰੂਕ ਕਰਨ ਵਾਲੇ ਪੰਜਾਬੀ ਭਾਸ਼ਾ ਪ੍ਰੇਮੀ ਪ੍ਰੋ.ਪੰਡਿਤ ਰਾਓ ਧਰਨੇਸਵਰ ਨੇ ਇਸ ਗੀਤ ਦੀ ਸਲਾਘਾ ਕੀਤੀ ਹੈ।ਸਰਹਿੰਦ ਸਾਕੇ ਨੂੰ ਸਰਧਾਂਜਲੀ ਇਸ ਗੀਤ ਨੂੰ ਰਿਲੀਜ਼ ਕਰਨ ਸਮੇਂ ਜ਼ੈਲਦਾਰ ਸਤਵਿੰਦਰ ਸਿੰਘ ਚੈੜੀਆਂ ਭਾਈ ਕੁਲਵਿੰਦਰ ਸਿੰਘ ਰਸੂਲਪੁਰ, ਪ੍ਰੋਫੈਸਰ ਪੰਡਿਤ ਰਾਓ ਧਰਨੇਸਵਰ, ਡਾ. ਗੁਰਸੇਵਕ ਸਿੰਘ ਮੋਰਿੰਡਾ ਰਵਿੰਦਰ ਸਿੰਘ ਰੱਬੀ, ਰਾਣਾ ਆਜਾਦ ਆਦਿ ਸਖਸ਼ੀਅਤਾਂ ਹਾਜਰ ਸਨ। ਇਸ ਧਾਰਮਿਕ ਗੀਤ ਨੂੰ ਯੂ ਟਿਊਬ ਤੇ ਅਤੇ ਵੱਖ-ਵੱਖ ਚੈਨਲਾਂ ਤੇ ਬਹੁਤ ਹੁੰਗਾਰਾ ਮਿਲ ਰਿਹਾ ਹੈ। ਗੀਤਕਾਰ ਗਗਨ ਕਾਈਨੌਰ ਨੇ ਦੱਸਿਆ ਕਿ ਬਹੁਤ ਜਲਦੀ ਹੀ ਹੋਰ ਨਵੇਂ ਗੀਤਾਂ ਅਤੇ ਇੱਕ ਪੰਜਾਬੀ ਫਿਲਮ ਨਾਲ ਸਰੋਤਿਆਂ ਦੀ ਕਚਹਿਰੀ ਵਿੱਚ ਜਲਦੀ ਹਾਜ਼ਰ ਹੋਵੇਗਾ।




– ਸਤਨਾਮ ਸਿੰਘ ਮੱਟੂ (9779708257)

## ਹੁਸਨ, ਅਦਾਕਾਰੀ ਤੇ ਗਾਇਕੀ ਦਾ ਸੁਮੇਲ ਪੂਨਮ ਸੂਦ

ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਫ਼ਿਲਮਾਂ ਅਤੇ ਗੀਤਾ ਵਿੱਚ ਅਦਾਕਾਰੀ ਵਜੋਂ ਜਾਣੀ ਜਾਂਦੀ ਪੂਨਮ ਸੂਦ ਹੁਣ ਗਾਇਕੀ ਦੇ ਖੇਤਰ ਵੱਲ ਵੀ ਸਰਗਰਮ ਹੋਈ ਹੈ। ਪੂਨਮ ਦੀ ਆਵਾਜ਼ ਵਿੱਚ ਆਏ ਦੋ ਗੀਤ 'ਬਲੈਕ ਸੈਡੋ' ਅਤੇ 'ਗੱਭਰੂ' ਬੀਤੇ ਦਿਨੀਂ ਦਰਸ਼ਕਾਂ ਵਲੋਂ ਬੇਹੱਦ ਪਸੰਦ ਕੀਤੇ ਗਏ ਹਨ।

ਅੰਮ੍ਰਿਤਸਰ ਦੀ ਜੰਮਪਲ ਪੂਨਮ ਸੂਦ ਨੇ ਮਿਸ ਪੂਜਾ ਦੇ ਗੀਤਾ ਨਾਲ ਅਦਾਕਾਰੀ ਕਰਦਿਆਂ ਆਪਣੀ ਕਲਾ ਦੀ ਸ਼ੁਰੂਆਤ ਕੀਤੀ ਸੀ ਜੋ ਉਸਨੂੰ ਫ਼ਿਲਮੀ ਪਰਦੇ ਤੱਕ ਲੈ ਗਈ। ਸੈਂਕੜੇ ਗੀਤਾਂ ਵਿੱਚ ਅਦ-'ਕਾਰੀ ਦੇ ਜਲਵੇ ਵਿਖਾਉਣ ਵਾਲੀ ਪੂਨਮ ਨੇ ਬਾਲੀਵੁੱਡ ਅਤੇ ਪਾਲੀਵੁੱਡ ਦੀਆਂ ਕਈ ਫ਼ਿਲਮਾਂ ਵਿੱਚ ਵੀ ਕੰਮ ਕੀਤਾ। ਕੁਝ ਸਾਲ ਪਹਿਲਾਂ ਨਿਰਦੇਸ਼ਕ ਹਰਜੀਤ ਰਿੱਕੀ ਵਲੋਂ ਬਣਾਈ ਲਘੂ ਫ਼ਿਲਮ 'ਵੰਡ' ਵਿੱਚ ਪੂਨਮ ਵਲੋਂ



ਨਿਭਾਏ ਕਿਰਦਾਰ ਦੀ ਚਾਰੇ ਪਾਸੇ ਬਹੁਤ ਚਰਚਾ ਹੋਈ ਜਿਸ ਬਾਰੇ ਪੂਨਮ ਦਾ ਕਹਿਣਾ ਹੈ ਕਿ ਸਮਾਜ ਨੂੰ ਕੋਈ ਵੱਡਾ ਮੈਸੇਜ ਦੇਣ ਲਈ ਅਜਿਹੀਆਂ ਫ਼ਿਲਮਾਂ ਕਰਨਾ ਜਰੂਰੀ ਹੈ। ਕਹਾਣੀ ਮੁਤਾਬਕ ਉਸ ਵਿੱਚ ਕੁਝ ਵੀ ਗਲਤ ਨਹੀਂ, ਬੱਸ ਆਪਣੀ ਆਪਣੀ ਸੋਚ ਹੁੰਦੀ ਹੈ। ਕਲਾਕਾਰ ਦਾ ਕੰਮ ਸਿਰਫ ਐਕਟ ਕਰਨਾ ਹੁੰਦਾ ਹੈ। ਆਉਣ ਵਾਲੇ ਦਿਨਾਂ ਵਿੱਚ ਪੂਨਮ ਰੌਸ਼ਨ ਪ੍ਰਿੰਸ ਦੀ ਫ਼ਿਲਮ 'ਮੁੰਡਾ ਫ਼ਰੀਦਕੋਟੀਆ' ਵਿੱਚ ਵੀ ਨਜ਼ਰ ਆਵੇਗੀ।

ਪੰਜਾਬੀ ਗਾਇਕੀ ਵੱਲ ਆਉਣ ਦਾ ਪੂਨਮ ਦਾ ਸ਼ੌਕ ਵੀ ਹੈ ਤੇ ਰੁਜ਼ਗਾਰ ਵੀ। ਉਹ ਇੱਕ ਸਮਾਜ ਸੇਵੀ ਸੰਸਥਾ ਦੀ ਸਰਗਰਮ ਕਾਰਕੁੰਨ ਹੈ ਜੋ ਸਮਾਜ ਵਿੱਚ ਕਿਸੇ ਨਾਲ ਕਿਸੇ ਬਿਮਾਰੀ ਤੋਂ ਪੀੜਤ ਲੋਕਾਂ ਦੀ ਮਦਦ ਕਰਦੀ ਹੈ। ਪੂਨਮ ਦਾ ਕਹਿਣਾ ਹੈ ਕਿ ਗਾਇਕੀ ਤੋਂ ਹੋਣ ਵਾਲੀ ਕਮਾਈ ਦਾ ਅੱਧਾ ਮੁਨਾਫ਼ਾ ਉਹ ਅਜਿਹੇ ਲੋਕ ਭਲਾਈ ਦੇ ਕੰਮਾਂ ਵਿੱਚ ਹੀ ਲਾਵੇਗੀ।

– ਹਰਜਿੰਦਰ ਸਿੰਘ 9779591482

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ





ਨਵਾਂ ਸਾਲ 2019 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ

## ਬਲਵੀਰ ਸਿੰਘ ਸੋਹਲ

ਪ੍ਰਧਾਨ
ਸਿੱਖ ਟੈਂਪਲ ਟਾਇਰਾ ਬਿਊਨਾ



ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ







ਨਵਾਂ ਸਾਲ 2019 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ



## ਗੁਰਮੇਜ ਸਿੰਘ ਗਿੱਲ

ਯੂਬਾ ਸਿਟੀ

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ





ਜਸਵੀਰ ਸਿੰਘ ਤੱਖਰ
510-755-2132



ਸੁਦੇਸ ਸਿੰਘ ਅਵਟਾਲ

ਨਵਾਂ ਸਾਲ 2019 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ

AAA
AUTO AND BODY WORKS


Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


Kash FABRICS

## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।




Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

**ਦਸਮ ਪਾਤਸ਼ਾਹ ਸਾਹਿਬ**
**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼**
**ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ**




**Chicago's pizza with a Twist**
**Call: 1-209-398-2221**









**Parvinder Dhesi** **Kulwant Sandhu**






**Chicago's pizza with a Twist**
**1471 B St., Unit B, Livingston, CA 95334**

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ





ਮੱਖਣ ਸਿੰਘ ਬੈਂਸ


ਗਿਆਨੀ ਰਵਿੰਦਰ ਸਿੰਘ

## ਨਵਾਂ ਸਾਲ 2019 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਰਾਅ-ਮਲਾਰ ਲੈ ਕੇ ਆਵੇ


# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

**Fresh Sweets, Snacks & Food**

Catering for All occasions up to 10000 guests

Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

# ਪਿੰਡ, ਕਿਸਾਨ ਅਤੇ ਬੇਰੁਜ਼ਗਾਰੀ

**ਇੱਕ ਦੂਜੀ ਮਹੱਤਵਪੂਰਨ ਗੱਲ 2018 ਵਿੱਚ ਇਹ ਰਹੀ ਕਿ ਰਾਜਨੀਤਕ ਭਾਸ਼ਾ ਦੀਆਂ ਹੱਦਾਂ ਉਤੇ ਹੁਣ ਕਿਸੇ ਦਾ ਧਿਆਨ ਨਹੀਂ ਰਿਹਾ। ਜਿਥੇ ਇੱਕ ਪਾਸੇ ਯੋਗੀ ਆਦਿਤਿਆਨਾਥ ਨੇ ਹੈਦਰਾਵਾਦ ਵਿੱਚ ਪਾਕਿਸਤਾਨ ਭੇਜਣ ਦੀ ਗੱਲ ਕੀਤੀ, ਉਥੇ ਐਮ ਆਈ ਐਮ ਦੇ ਔਬੈਸੀ ਭਰਾਵਾਂ ਨੇ ਵੀ ਉਸੇ ਕਿਸਮ ਦੀਆਂ ਹੋਛੀਆਂ ਗੱਲਾਂ ਕੀਤੀਆਂ। ਕਾਂਗਰਸ ਨੇ ਵੀ ਅਲਪ ਸੰਖਿਆਵਾਦ ਦੀ ਆਲੋਚਨਾ ਤੋਂ ਖੁਦ ਨੂੰ ਬਚਾਉਣ ਲਈ ਜਨੇਊ ਅਤੇ ਮੰਦਿਰ ਦਾ ਸਹਾਰਾ ਲੈ ਲਿਆ। ਕਰਨਾਟਕ ਚੋਣਾਂ ਵਿੱਚ ਵੀ ਰਾਹੁਲ ਪ੍ਰਚਾਰ ਕਰਦੇ ਹੋਏ ਮੰਦਿਰਾਂ ਵਿੱਚ ਭਾਸ਼ਣ ਕਰਦੇ ਵੇਖੇ ਗਏ ਅਤੇ ਉਹ ਗੱਲਾਂ ਖੂਬ ਪ੍ਰਚਾਰਿਤ ਕੀਤੀਆਂ ਗਈਆਂ। ਧਰਮ ਉਹਨਾਂ ਦਾ ਨਿੱਜੀ ਮਾਮਲਾ ਹੈ, ਪਰ ਬਰੀਕੀ ਨਾਲ ਰਾਜਨੀਤੀ ਵਿੱਚ ਧਾਰਮਿਕ ਪ੍ਰਤੀਕਾਂ ਨੂੰ ਉਭਾਰਿਆ ਗਿਆ। ਕਿਧਰੇ ਜਨੇਊ ਧਾਰ, ਕਿਧਰੇ ਸ਼ਿਵਭਗਤ ਤੇ ਕਿਧਰੇ ਉਹਨਾ ਦੇ ਗੋਤਰ ਆਦਿ ਦੀ ਚਰਚਾ ਕਰਨਾਟਕ ਤੋਂ ਲੈ ਕੇ ਮੱਧ ਪ੍ਰਦੇਸ਼ ਅਤੇ ਰਾਜਸਥਾਨ ਸਾਰੀਆਂ ਚੋਣਾਂ ਵਿੱਚ ਸੁਰਖੀਆਂ 'ਚ ਰਹੀ।**



ਗੁਰਮੀਤ ਸਿੰਘ ਪਲਾਹੀ
91-98158-02070

**ਲੇਖਕ:- ਮਨੀਸ਼ਾ ਪ੍ਰਿਯਮ**
**ਅਨੁਵਾਦ:- ਗੁਰਮੀਤ ਪਲਾਹੀ**

ਇਸ ਬੀਤੇ ਵਰ੍ਹੇ 2018 ਨੂੰ ਰਾਸ਼ਟਰੀ ਜੀਵਨ ਦਾ ਇੱਕ ਮਹੱਤਵਪੂਰਨ ਸਮਾਂ ਮੰਨਣਾ ਚਾਹੀਦਾ ਹੈ। ਰਾਜਨੀਤੀ, ਸਮਾਜਿਕ ਚੇਤਨਾ ਅਤੇ ਉੱਥਲ-ਪੁੱਥਲ ਦੇ ਵਿੱਚ ਸਾਲ ਦੀ ਸ਼ੁਰੂਆਤ ਵਿੱਚ ਭੀਮਾ ਕੋਰੇਗਾਵ ਦੀ ਘਟਨਾ ਵਾਪਰੀ, ਜਿਥੇ ਇਤਹਾਸ ਦੇ ਸਥਾਨਕ ਪੰਨਿਆਂ ਅਤੇ ਸਥਾਨਕ ਲੜਾਈਆਂ ਨੂੰ ਰਾਸ਼ਟਰੀ ਤੌਰ ਤੇ ਅਚਾਨਕ ਹੀ ਮੜ੍ਹ ਦਿੱਤਾ ਗਿਆ। ਇਹ ਸਾਰਾ ਕੁਝ ਜੇਕਰ ਘੱਟ ਸੀ ਤਾਂ ਇਸ ਉੱਥਲ-ਪੁੱਥਲ ਦੇ ਵਿੱਚ ਗੌਰੀ ਲੰਕੇਸ਼, ਦਾਭੋਲਕਰ ਅਤੇ ਗੋਬਿੰਦ ਪਨਸਾਰੇ ਦੀ ਹੱਤਿਆ ਦੀ ਚਰਚਾ ਵੀ ਬਰਕਰਾਰ ਰਹੀ, ਕਿਉਂਕਿ ਇਸ ਵਰ੍ਹੇ ਵੀ ਪੂਰਨ ਤੌਰ ਤੇ ਇਹ ਪਤਾ ਨਹੀਂ ਲੱਗ ਸਕਿਆ ਕਿ ਕਿਸਨੇ ਇਹਨਾ ਚਿੰਤਕਾਂ, ਲੇਖਕਾਂ ਨੂੰ ਮਾਰਿਆ ਅਤੇ ਕਿ ਇਸ ਘਟਨਾਕਰਮ ਦੇ ਛੜਜੰਤਰੀ ਕੌਣ ਸਨ। ਇਸ ਵਰ੍ਹੇ ਕਈ ਹੋਰ ਮੁੱਦੇ ਵੀ ਸਾਹਮਣੇ ਆਏ ਅਤੇ ਮਹੱਤਵਪੂਰਨ ਸੂਬਿਆਂ ਦੀਆਂ ਚੋਣਾਂ ਵੀ ਹੋਈਆਂ, ਜਿਹਨਾ ਵਿੱਚ ਪ੍ਰਮੁੱਖ ਤੌਰ ਤੇ ਕਰਨਾਟਕ, ਛੱਤੀਸਗੜ੍ਹ, ਮੱਧਪ੍ਰਦੇਸ਼ ਅਤੇ ਰਾਜਸਥਾਨ ਸਨ।

ਜੇਕਰ ਅਸੀਂ 2018 ਦੇ ਪ੍ਰਤੀਨਿੱਧ ਮੁੱਦਿਆਂ ਦੀ ਚਰਚਾ ਕਰੀਏ ਤਾਂ ਇਹ ਸਮਝ ਵਿੱਚ ਆਉਂਦਾ ਹੈ ਕਿ ਇਹ ਵਰ੍ਹਾ ਕਿੰਨਾ ਮਹੱਤਵਪੂਰਨ ਰਿਹਾ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਰਹੀ ਕਿ ਵਿਕਾਸਵਾਦ ਦੇ ਜਿਹਨਾ ਮੁੱਦਿਆਂ ਮਾਮਲਿਆਂ ਦੀ ਚਰਚਾ ਕਰਦੇ ਹੋਏ ਕਈ ਰਾਜਾਂ ਵਿੱਚ ਕੱਦਵਾਰ ਮੁੱਖਮੰਤਰੀ ਲੰਮੇ ਸਮੇਂ ਤੋਂ ਗੱਦੀ ਸਾਂਭੀ ਬੈਠੇ ਰਹੇ, ਉਥੇ ਕਈ ਮੁੱਦਿਆਂ ਦੇ ਉਭਰਨ ਨਾਲ ਮੰਡਲ-ਕਮੰਡਲ ਦਾ ਸਮੀਕਰਣ ਵੀ ਫੇਲ੍ਹ ਸਾਬਤ ਹੋਇਆ। ਕਰਨਾਟਕ ਵਿੱਚ ਸਿਧਾਰਮੱਈਆ ਨੇ ਕਈ ਕਲਿਆਣਕਾਰੀ ਯੋਜਨਾਵਾਂ ਦੇ ਰਾਹੀਂ ਇਹ ਆਸ ਜਗਾਈ ਸੀ ਕਿ ਉਹ ਫਿਰ ਚੁਣੇ ਜਾਣਗੇ।

ਕਈ ਲੋਕਾਂ ਨੇ ਤਾਂ ਉਹਨਾ ਦੀ ਤੁਲਨਾ ਦੇਵ ਰਾਜ ਉਰਸ ਨਾਲ ਵੀ ਕਰ ਦਿੱਤੀ ਜਿਹਨਾ ਨੇ ਗਰੀਬੀ ਹਟਾਉਣ ਦਾ ਨਾਹਰਾ ਦਿੱਤਾ ਸੀ ਅਤੇ ਕਾਂਗਰਸ ਦੀ ਨੀਂਹ ਕਰਨਾਟਕ ਵਿੱਚ ਪੁਖਤਾ ਕਰ ਦਿੱਤੀ ਸੀ। ਇਹ ਨਹੀਂ, ਇਹ ਵੀ ਮੰਨਿਆ ਗਿਆ ਕਿ ਅਹਿੰਦਾ ਕਾਰਡ ਰਾਹੀਂ ਘੱਟ ਗਿਣਤੀ ਭਾਈਚਾਰੇ ਅਤੇ ਦਲਿਤਾਂ ਦੀ ਏਕਤਾ ਦੀ ਇੱਕ ਨਵੀਂ ਧਰੋਹਰ ਉਹ ਫਿਰ ਕਾਂਗਰਸ ਨਾਲ ਜੋੜ ਦੇਣਗੇ। ਲੇਕਿਨ ਚੋਣਾਂ ਨੇੜੇ ਆਉਂਦਿਆਂ ਆਉਂਦਿਆਂ ਇਹ ਸਪਸ਼ਟ ਹੋ ਗਿਆ ਕਿ ਕਰਨਾਟਕ ਵਿੱਚ ਫਿਰ ਤੋਂ ਜਾਤਾਂ ਦਰਮਿਆਨ ਵੰਡ ਦੀ ਸਿਆਸਤ ਹੀ ਸਭ ਤੋਂ ਮਹੱਤਵਪੂਰਨ ਹੈ। ਕਰਨਾਟਕ ਦੇ ਬਹੁ ਸੰਖਿਅਕ ਵੋਕਾਲਿਗਾ ਅਤੇ ਲੰਗਾਇਤ ਜਾਤੀਆਂ ਹੀ ਚੋਣ ਨਤੀਜਿਆਂ ਉਤੇ ਭਾਰੂ ਪਈਆਂ। ਲੰਗਾਇਤਾਂ ਨੂੰ ਸਰਕਾਰ ਵਲੋਂ ਘੱਟ ਗਿਣਤੀਆਂ ਦਾ ਦਰਜਾ ਦਿੱਤੇ ਜਾਣ ਦੇ ਬਾਵਜੂਦ ਵੀ ਉਹ ਭਾਜਪਾ ਵੱਲ ਝੁਕੇ ਰਹੇ ਅਤੇ ਵੋਕਾਲਿਗਾ ਨੂੰ ਦਰਕਿਨਾਰਾ ਕਰਨ ਦੇ ਰੋਸ ਦੇ ਸਿੱਟੇ ਵਜੋਂ ਦੇਵਗੌੜਾ ਦੀ ਪਾਰਟੀ ਜੇ ਡੀ ਐਸ ਕੁਰਸੀ ਦੀ ਬਾਜੀ ਮਾਰ ਗਈ।

ਇਸੇ ਤਰ੍ਹਾਂ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੀਆਂ ਚੋਣਾਂ ਵਿੱਚ ਵੀ ਜਿਥੇ ਮਾਮਾ ਕਹੇ ਜਾਣ ਵਾਲੇ ਸ਼ਿਵਰਾਜ ਸਿੰਘ ਚੌਹਾਨ ਦਾ ਕਿਲਾ ਹਿੱਲ ਗਿਆ, ਉਥੇ ਛੱਤੀਤਗੜ੍ਹ ਵਿੱਚ ਚਾਵਲ ਬਾਬਾ ਦੇ ਨਾਮ ਨਾਲ ਪ੍ਰਸਿੱਧ ਰਮਨ ਸਿੰਘ ਦੀ ਕੁਰਸੀ ਵੀ ਜਾਂਦੀ ਰਹੀ। ਦੋਵੇਂ ਮੁੱਖਮੰਤਰੀਆਂ ਦਾ ਕਾਰਜਕਾਲ ਬਹੁਤ ਲੰਮਾ ਰਿਹਾ ਅਤੇ ਦੋਵੇਂ ਹੀ ਆਪੋ-ਆਪਣੀਆਂ ਕਲਿਆਣਕਾਰੀ ਨੀਤੀਆਂ ਚਲਾਉਣ ਲਈ ਜਾਣੇ ਜਾਂਦੇ ਰਹੇ।

ਮੱਧ ਪ੍ਰਦੇਸ਼ ਦੀ ਲਾਡਲੀ ਲੱਛਮੀ ਯੋਜਨਾ ਅਤੇ ਰਮਨ ਸਿੰਘ ਦੀ ਅੰਨ ਪੂਰਤੀ ਦੀ ਯੋਜਨਾ ਵੀ ਕੰਮ ਨਹੀਂ ਕਰ ਸਕੀ ਕਿਉਂਕਿ ਕਿਸਾਨਾਂ ਦੇ ਉਭਰਦੇ ਰੋਹ, ਬੇਰੁਜ਼ਗਾਰੀ ਮਾਮਲੇ ਤੇ ਕੁਝ ਨਾ ਕੀਤੇ ਜਾਣ ਕਾਰਨ ਨੌਜਵਾਨਾਂ ਦੀ ਨਰਾਜ਼ਗੀ ਅਤੇ ਸ਼ਹਿਰੀ ਵਪਾਰੀਆਂ ਵਿੱਚ ਜੀ ਐਸ ਟੀ ਨੂੰ ਲੈ ਕੇ ਹੋਈਆਂ ਮੁਸ਼ਕਿਲਾਂ ਜਿਹੀਆਂ ਚਣੌਤੀਆਂ ਦਾ ਸਾਹਮਣਾ ਇਹ ਪ੍ਰਭਾਵਸ਼ਾਲੀ ਮੁੱਖਮੰਤਰੀ ਵੀ ਕੁਝ ਨਾ ਕਰ ਸਕੇ। ਜਾਹਿਰ ਹੈ, ਹੁਣ ਗੁੱਡ ਗਵਰਨੈਂਸ ਅਤੇ ਵਿਕਾਸਵਾਦ ਵੀ ਕੁਰਸੀ ਉਤੇ ਕਬਜ਼ਾ ਰੱਖਣ ਦੀ ਕੋਈ ਗਰੰਟੀ ਨਹੀਂ।

ਜਿਥੇ 2013 ਤੱਕ ਭਾਜਪਾ ਹਮਲਾਵਰ ਰੂਪ 'ਚ ਵਿਕਾਸਵਾਦ ਦਾ ਕਾਰਡ ਲੈਕੇ ਅੱਗੇ ਵੱਧ ਰਹੀ ਸੀ, ਉਥੇ 2018 ਵਿੱਚ ਪੂਰੀ ਚਰਚਾ ਮੰਦਿਰ ਦੇ ਇਰਦ ਗਿਰਦ ਘਿਰ ਗਈ। ਜਿਥੇ ਉਤਰਪ੍ਰਦੇਸ਼ ਦੀਆਂ ਚੋਣਾਂ ਵਿੱਚ ਮੁੱਖ ਮੁੱਦਾ ਇਹ ਸੀ ਕਿ ਅਖਿਲੇਸ਼ ਯਾਦਵ ਦੀ ਸਰਕਾਰ ਨੇ ਵਿਕਾਸਵਾਦ ਦੀ ਥਾਂ ਪਰਿਵਾਰਵਾਦ ਵਿੱਚ ਅਤੇ ਜਾਤੀਵਾਦ ਵਿੱਚ ਸਮਾਂ ਗੁਆਇਆ, ਉਥੇ ਇਸ ਵਰ੍ਹੇ ਯੋਗੀ ਦੀ ਸਰਕਾਰ ਮੁੱਖ ਤੌਰ ਤੇ ਆਯੋਧਿਆ, ਰਾਮ ਮੰਦਿਰ ਅਤੇ ਕੁੰਭ ਮੇਲੇ ਦੇ ਆਯੋਜਿਨ ਵਿੱਚ ਜੁਟੀ ਦਿੱਖੀ। ਯੋਗੀ ਦੇ ਬਾਰੇ ਵਿੱਚ ਇਹ ਕਿਹਾ ਜਾਂਦਾ ਸੀ ਕਿ ਘੱਟੋ-ਘੱਟ ਉਹ ਗੋਰਖਪੁਰ ਦੇ ਇਲਾਕੇ ਵਿੱਚ ਕੰਮ ਕਰਨ ਵਾਲੇ ਰਹੇ ਹਨ, ਲੇਕਿਨ ਉਹਨਾ ਦੇ ਭੜਕਾਊ ਭਾਸ਼ਨ ਹੀ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦੇ ਰਹੇ।

ਇੱਕ ਦੂਜੀ ਮਹੱਤਵਪੂਰਨ ਗੱਲ 2018 ਵਿੱਚ ਇਹ ਰਹੀ ਕਿ ਰਾਜਨੀਤਕ ਭਾਸ਼ਾ ਦੀਆਂ ਹੱਦਾਂ ਉਤੇ ਹੁਣ ਕਿਸੇ ਦਾ ਧਿਆਨ ਨਹੀਂ ਰਿਹਾ। ਜਿਥੇ ਇੱਕ ਪਾਸੇ ਯੋਗੀ ਆਦਿਤਿਆਨਾਥ ਨੇ ਹੈਦਰਾਵਾਦ ਵਿੱਚ ਪਾਕਿਸਤਾਨ ਭੇਜਣ ਦੀ ਗੱਲ ਕੀਤੀ, ਉਥੇ ਐਮ ਆਈ ਐਮ ਦੇ ਔਬੈਸੀ ਭਰਾਵਾਂ ਨੇ ਵੀ ਉਸੇ ਕਿਸਮ ਦੀਆਂ ਹੋਛੀਆਂ ਗੱਲਾਂ ਕੀਤੀਆਂ। ਕਾਂਗਰਸ ਨੇ ਵੀ ਅਲਪ ਸੰਖਿਆਵਾਦ ਦੀ ਆਲੋਚਨਾ ਤੋਂ ਖੁਦ ਨੂੰ ਬਚਾਉਣ ਲਈ ਜਨੇਊ ਅਤੇ ਮੰਦਿਰ ਦਾ ਸਹਾਰਾ ਲੈ ਲਿਆ। ਕਰਨਾਟਕ ਚੋਣਾਂ ਵਿੱਚ ਵੀ ਰਾਹੁਲ ਪ੍ਰਚਾਰ ਕਰਦੇ ਹੋਏ ਮੰਦਿਰਾਂ ਵਿੱਚ ਭਾਸ਼ਣ ਕਰਦੇ ਵੇਖੇ ਗਏ ਅਤੇ ਉਹ ਗੱਲਾਂ ਖੂਬ ਪ੍ਰਚਾਰਿਤ ਕੀਤੀਆਂ ਗਈਆਂ। ਧਰਮ ਉਹਨਾਂ ਦਾ ਨਿੱਜੀ ਮਾਮਲਾ ਹੈ, ਪਰ ਬਰੀਕੀ ਨਾਲ ਰਾਜਨੀਤੀ ਵਿੱਚ ਧਾਰਮਿਕ ਪ੍ਰਤੀਕਾਂ ਨੂੰ ਉਭਾਰਿਆ ਗਿਆ। ਕਿਧਰੇ ਜਨੇਊ ਧਾਰ, ਕਿਧਰੇ ਸ਼ਿਵਭਗਤ ਤੇ ਕਿਧਰੇ ਉਹਨਾ ਦੇ ਗੋਤਰ ਆਦਿ ਦੀ ਚਰਚਾ ਕਰਨਾਟਕ ਤੋਂ ਲੈ ਕੇ ਮੱਧ ਪ੍ਰਦੇਸ਼ ਅਤੇ ਰਾਜਸਥਾਨ ਸਾਰੀਆਂ ਚੋਣਾਂ ਵਿੱਚ ਸੁਰਖੀਆਂ 'ਚ ਰਹੀ।

ਉਥੇ ਭਾਜਪਾ ਨੇ ਵੀ ਛੇਤੀ ਤੋਂ ਛੇਤੀ ਮੰਦਿਰ ਬਨਾਉਣ ਦੀ ਮੰਗ ਸਾਹਮਣੇ ਰੱਖ ਦਿੱਤੀ। ਲੇਕਿਨ ਜਿਹਨਾ ਮੁੱਦਿਆਂ ਉਤੇ ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ ਤਿੰਨਾਂ ਵਿੱਚ ਰਾਜਨੀਤਕ ਉੱਥਲ-ਪੁੱਥਲ ਮਚੀ ਅਤੇ ਭਾਜਪਾ ਨੂੰ ਸੱਤਾ ਤੋਂ ਹੱਥ ਧੋਣੇ ਪਏ, ਉਹ ਸੀ ਕਿਸਾਨੀ ਦਾ ਮੁੱਦਾ। ਖੇਤੀ ਦਾ ਉਤਪਾਦ ਵੱਧਣ ਦੇ ਬਾਵਜੂਦ ਵੀ ਕਿਸਾਨਾਂ ਨੂੰ ਉਹਨਾ ਦੀ ਫਸਲ ਦਾ ਉਚਿਤ ਮੁੱਲ ਨਹੀਂ ਮਿਲ ਸਕਿਆ। ਮੰਡੀਆਂ 'ਚ ਹਫੜਾ ਦਫੜੀ ਫੈਲੀ, ਉਪਜ ਦਾ ਘੱਟੋ-ਘੱਟ ਸਮਰਥਨ ਮੁੱਲ ਨਾ ਮਿਲਣ ਦੇ ਚੱਲਦਿਆਂ ਕਿਸਾਨਾਂ ਨੇ ਆਪਣਾ ਰੋਸ ਪ੍ਰਗਟ ਕੀਤਾ। ਸ਼ਿਵ ਰਾਜ ਚੌਹਾਨ ਨੇ ਤਾਂ ਸੂਬੇ ਵਿੱਚ ਭਾਵਾਂਤਰ ਭੁਗਤਣ ਯੋਜਨਾ ਦਾ ਵੀ ਐਲਾਨ ਕਰ ਦਿੱਤਾ, ਲੇਕਿਨ ਦਲਾਲ ਅਤੇ ਕਮਜ਼ੋਰ ਨੌਕਰਸ਼ਾਹੀ ਦੇ ਚਲਦਿਆਂ ਸਰਕਾਰ ਅਤੇ ਕਿਸਾਨ ਦਾ ਸਹੀ ਸੰਵਾਦ ਸਹੀ ਰੂਪ 'ਚ ਨਾ ਹੋ ਸਕਿਆ।

ਕਿਉਂਕਿ 2018 ਵਰ੍ਹਾਂ ਖਤਮ ਹੋ ਚੁੱਕਾ ਹੈ, ਵੈਸੇ ਵੀ ਇਹ ਸਪਸ਼ਟ ਹੈ ਕਿ ਨਵੇਂ ਸਾਲ ਵਿੱਚ ਪੇਂਡੂ ਖੇਤਰ, ਕਿਸਾਨੀ ਅਤੇ ਬੇਰੁਜ਼ਗਾਰੀ ਜਿਹੇ ਮੁੱਦਿਆਂ ਉਤੇ ਚਰਚਾ ਹੀ ਗਰਮ ਹੀ ਸੀ।

ਸਰਕਾਰੀ ਚਾਹ ਦੇ ਕੱਪ 'ਚ ਤਿੰਨ ਤਲਾਕ, ਜਨਧਨ, ਉਜਵਲ ਅਤੇ ਸਵੱਛਤਾ ਦੀਆਂ ਗਲਾਂ ਕੀਤੀਆਂ ਜਾਣਗੀਆਂ, ਪ੍ਰੰਤੂ ਭਾਰਤ ਦੇ ਲੋਕ ਗਰੀਬ ਵਿਵੇਕਸ਼ੀਲ ਹਨ, ਜਿਹੜੇ ਔਖਾ ਜੀਵਨ ਜੀਊਣ ਦੇ ਬਾਅਦ ਵੀ ਰਾਜਨੀਤੀ ਅਤੇ ਸਮਾਂ ਦੋਨਾਂ ਨੂੰ ਆਪਣੇ ਨਜ਼ਰੀਏ ਨਾਲ ਪਰਖਦੇ ਹਨ।

ਨਰੇਂਦਰ ਮੋਦੀ ਦੀ ਇੱਕ ਪ੍ਰਾਪਤੀ ਵਿਦੇਸ਼ੀ ਮਾਮਲਿਆਂ ਵਿੱਚ ਮੰਨੀ ਜਾਂਦੀ ਹੈ, ਅਤੇ ਇਸ ਵਰ੍ਹੇ ਅਪ੍ਰੈਲ ਵਿੱਚ ਉਹ ਚੀਨ ਦੇ ਰਾਸ਼ਟਰਪਤੀ ਜਿਨਪਿੰਗ ਨੂੰ ਚੀਨੀ ਸ਼ਹਿਰ ਬੁਹਾਨ ਵਿੱਚ ਮਿਲੇ।

ਅਤੇ ਉਸਦੇ ਤੁਰੰਤ ਪਿੱਛੋਂ ਜੀ-20 ਦੇ ਸਿਖ਼ਰ ਸੰਮੇਲਨ ਅਰਜਨਟੀਨਾ ਦੇ ਬਿਊਨਸ ਆਇਰਸ ਵਿੱਚ ਵੀ। ਚੀਨ ਅਤੇ ਅਮਰੀਕਾ ਦੇ ਸਬੰਧਾਂ 'ਚ ਖਿੱਚੋਤਾਣ ਦੇ ਚਲਦਿਆਂ ਇਹ ਸਮਝਿਆ ਗਿਆ ਕਿ ਮੋਦੀ ਨੇ ਆਪਣੀ ਪੈਂਠ ਚੀਨ ਵਿੱਚ ਵਧਾਈ ਹੈ, ਉਥੇ ਚੀਨ ਆਪਣਾ ਦਾਅ ਪਾਕਿਸਤਾਨ ਨਾਲ ਆਪਣੇ ਸਬੰਧਾਂ ਅਤੇ ਵਨ-ਵੈਲਟ ਵਨ ਰੋਡ ਦੀ ਸ਼ੁਰੂਆਤ ਵਿੱਚ ਲਗਾਉਂਦਾ ਦਿਸਿਆ। ਜਾਨੀ ਹੁਣ ਤੱਕ ਵੀ ਇਹ ਸਪੱਸ਼ਟ ਨਹੀਂ ਹੈ ਕਿ ਭਾਰਤ-ਚੀਨ ਸਬੰਧਾਂ ਵਿੱਚ ਕੋਈ ਰਾਹਤ ਮਿਲੇਗੀ ਜਾਂ ਦੋਕਲਾਮ ਜਿਹੀ ਗਰਮਾ-ਗਰਮ ਬਹਿਸ ਫਿਰ ਤੋਂ ਉਭਰ ਆਏਗੀ। ਇਸ ਉੱਥਲ-ਪੁੱਥਲ ਦੇ ਵਿੱਚ ਅਸੀਂ 2019 ਵਿੱਚ ਆਪਣੇ ਕਦਮ ਰੱਖਾਂਗੇ।

# ਜੰਗਲ ਵਿੱਚ ਸੱਥਰ



ਅਮਰ ਗਰਗ ਕਲਮਦਾਨ
91-98143-41746

ਜੰਗਲ ਵਿੱਚ ਬਹਾਰ ਨੇ ਦਸਤਕ ਦੇ ਦਿੱਤੀ,ਪਰ ਜੰਗਲ ਦੇ ਬਹੁਤ ਸਾਰੇ ਪੰਛੀ ਧੁੱਪ ਸੇਕਣ ਲਈ ਪਿੱਪਲ ਤੇ ਉਦਾਸ ਬੈਠੇ ਸਨ ਕਿਉਂਕਿ ਉਨ੍ਹਾਂ ਦੇ ਬਹੁਤ ਸਾਰੇ ਮਿੱਤਰ ਵਿਛੜ ਚੁੱਕੇ ਸਨ। ਪੰਛੀਆਂ ਜਿਨ੍ਹਾਂ ’ਚ ਬਾਜ਼, ਤੋਤੇ, ਚਿੜੀਆਂ, ਕੋਇਲਾਂ, ਬੁਲਬੁਲਾਂ, ਘੁੱਗੀਆਂ, ਕਾਂ, ਤਿੱਤਰ, ਹੰਸ, ਬਈਐ, ਬਗਲੇ, ਕਬੂੱਤਰ, ਗਿਟਾਰਾਂ, ਉੱਲੂ, ਇੱਲਾਂ, ਚੱਕੀ ਰੋਹਣੇ, ਗਰੁੜ, ਪਹਾੜੀ ਕਾਂ ਅਤੇ ਮੋਰ-ਮੋਰਨੀ ਸਨ। ਕਾਂ, ਕਬੂਤਰ ਤੋਂ ਪੁੱਛਣ ਲੱਗਿਆ,’ਇੰਝ ਦੱਸ, ਜਦ ਤੂੰ ਸ਼ਹਿਰ ਵੱਲ ਜਾਂਦਾ ਹੈਂ, ਤੇਰੇ ਕੰਨ੍ਹਾਂ ਵਿੱਚ ਸੂੰ-ਸੂੰ ਹੁੰਦੀ ਹੈ? ਸੂੰ-ਸੂੰ ਦੀ ਗੱਲ ਸੁਣਕੇ ਸਾਰੇ ਪੰਛੀ ਕਾਂ ਵੱਲ ਦੇਖਣ ਲੱਗੇ। ਕਬੂੱਤਰ ਨੇ ਕਿਹਾ,’ਤੂੰ ਤਾਂ ਮੇਰੇ ਦਿਲ ਦੀ ਮਰਜ਼ ਬੁੱਝ ਲਈ, ਇਸ ਸੂੰ-ਸੂੰ ਕਰਕੇ ਮੈਂ ਤਾਂ ਇੱਕ ਦਿਨ ਮਰਦਾ-ਮਰਦਾ ਹੀ ਬਚਿਆ, ਦਿਮਾਗ ਵਿੱਚ ਬੇਚੈਨੀ ਐਨੀ ਵੱਧ ਗਈ ਕਿ ਮੁੱਧੇ ਮੂੰਹ ਥੱਲੇ ਡਿੱਗ ਪਿਆ, ਕਿਸੇ ਭਲੇ ਪੁਰਸ਼ ਨੇ ਚੁੱਕ ਕੇ ਪਾਣੀ ਪਿਲਾਇਆ, ਫੇਰ ਸੁਰਤ ਆਈ ਅਤੇ ਲੜ ਖੜਾਂਦਾ ਜੰਗਲ ਵਿੱਚ ਪਹੁੰਚਿਆ।’ ਦੂਜੇ ਪੰਛੀ ਇੱਕੋ ਦਮ ਬੋਲੇ,’ ਜਦੋਂ ਅਸੀਂ ਸ਼ਹਿਰ ਵੱਲ ਜਾਂਦੇ ਹਾਂ, ਸਾਡੇ ਕੰਨਾਂ ’ਚ ਵੀ ਸੂੰ-ਸੂੰ ਹੁੰਦੀ ਹੈ।’ ਸਭ ਦੀਆਂ ਗੱਲਾਂ ਸੁਣਕੇ ਬੁੱਢਾ ਬਾਜ ਕਹਿਣ ਲੱਗਾ,’ਜਦੋਂ ਮੈਂ ਨੌਜਵਾਨ ਸੀ, ਇਹ ਪਿੱਪਲ ਪੰਛੀਆਂ ਨਾ਼ਲ ਭਰਿਆ ਹੁੰਦਾ ਸੀ, ਅੱਜ ਤਾਂ ਅੱਧਾ ਵੀ ਨਹੀਂ ਹੈ, ਆਹ ਦੇਖ ਲੋ ਆਪਣੇ ਕੋਲ ਮੋਰ-ਮੋਰਨੀ ਦਾ ਇੱਕ ਜੌੜਾ ਹੀ ਬਚਿਆ ਹੈ, ਇਹ ਸੂੰ-ਸੂੰ ਸਾਨੂੰ ਖ਼ਤਮ ਦਰ ਦੇਵੇਗੀ।’ ਸਾਰੇ ਪੰਛੀ ਚਿੰਤਾ ਵਿੱਚ ਪੈ ਗਏ।

ਕਾਂ, ਬੁੱਢੇ ਬਾਜ਼ ਨੂੰ ਪੁੱਛਣ ਲੱਗਾ,’ਇਸਦਾ ਕੀ ਕਾਰਨ ਹੈ ਕਿ ਧਰਤੀ ਉਪੱਰ ਆਪਾਂ ਮਨੁੱਖ ਤੋਂ ਪਹਿਲਾਂ ਆਏ ਸੀ, ਪੁਰਾਣੇ ਜਮਾਨੇ ਵਿੱਚ ਸਾਡੀ ਗਿਣਤੀ ਵੀ ਮਨੁੱਖ ਤੋਂ ਕਈ ਗੁਣਾਂ ਜਿਆਦਾ ਸੀ, ਪਰ ਹੁਣ ਸਾਡੀ ਗਿਣਤੀ ਮਨੁੱਖ ਤੋਂ ਕਿਤੇ ਘੱਟ ਗਈ ਹੈ, ਜਦੋਂ ਕਿ ਮਨੁੱਖ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ, ਸਾਡੀਆਂ ਕਈ ਜਾਤੀਆਂ ਤਾਂ ਖ਼ਤਮ ਹੋ ਚੁੱਕੀਆਂ ਹਨ।’ ਬੁੱਢਾ ਬਾਜ਼ ਕਹਿਣ ਲੱਗਾ,’ਮਨੁੱਖ ਕੋਲ ਰੱਬ ਹੈ, ਉਹ ਰੱਬ ਦੀ ਪੂਜਾ ਕਰਦਾ ਹੈ, ਇਸ ਲਈ ਉਸਦੀ ਗਿਣਤੀ ਵੱਧ ਰਹੀ ਹੈ, ਆਪਾਂ ਨੂੰ ਰੱਬ ਬਾਰੇ ਕੋਈ ਗਿਆਨ ਨਹੀਂ ਹੈ, ਇਸ ਲਈ ਲਗਾਤਾਰ ਘੱਟ ਰਹੇ ਹਾਂ।’ ਕਾਂ ਪੁੱਛਣ ਲੱਗਾ,’ਰੱਬ ਕਿੱਥੇ ਰਹਿੰਦਾ ਹੈ, ਆਪਾਂ ਨੂੰ ਇਸਦਾ ਪਤਾ ਕਰਨਾ ਚਾਹੀਦਾ ਹੈ, ਫੇਰ ਰੱਬ ਤੋਂ ਹੀ ਪੁੱਛ ਲਵਾਂਗੇ ਤੁਹਾਡੀ ਪੂਜਾ ਕਿਵੇਂ ਕਰਨੀ ਹੈ?’ ਬੁੱਢੇ ਬਾਜ਼ ਨੂੰ ਗੱਲ੍ਹ ਜਚ ਗਈ, ਆਦੇਸ਼ ਦੇ ਲਹਿਜ਼ੇ ਨਾ਼ਲ ਕਹਿਣ ਲੱਗਾ,’ਸਾਥੀਓ, ਜ਼ਿੰਦਗੀ ਤੋਂ ਵੱਡੀ ਕੋਈ ਚੀਜ਼ ਨਹੀਂ ਹੈ, ਬਚਨ ਲਈ ਆਪਾਂ ਨੂੰ ਰੱਬ ਨੂੰ ਲੱਭਣਾ ਹੀ ਪਵੇਗਾ, ਐਵੇਂ ਕਰੋ ਕੋਇਲਾਂ ਅਤੇ ਪਹਾੜੀ ਕਾਵਾਂ ਦੀ ਅਗਵਾਈ ਵਿੱਚ ਪੱਚੀ-ਪੱਚੀ ਪੰਛੀ ਚਾਰੇ ਦਿਸ਼ਾਵਾਂ ਵਿੱਚ ਚਲੇ ਜਾਓ, ਰੱਬ ਨੂੰ ਲੱਭਣ ਦਾ ਇੱਕੋ-ਇੱਕ ਉਦੇਸ਼ ਮਨ ਵਿੱਚ ਰੱਖਣਾ, ਆਪਣੇ ਕੋਲ ਸਾਉਣ ਤੱਕ ਦਾ ਸਮਾਂ ਹੈ, ਸਾਰਿਆਂ ਨੇ ਪੰਦਰਾਂ ਸਾਉਣ ਤੱਕ ਇਸੇ ਪਿੱਪਲ ਤੇ ਪਹੁੰਚ ਜਾਣਾ ਹੈ।’ ਆਦੇਸ਼ ਦੀ ਪਾਲਣਾ ਕਰਦੇ ਹੋਏ ਪੰਛੀ ਪੱਚੀ-ਪੱਚੀ ਦੀਆਂ ਟੋਲੀਆਂ ਵਿੱਚ ਵੰਡ ਕੇ ਚਾਰੇ ਦਿਸ਼ਾਵਾਂ ਵੱਲ ਉੱਡ ਪਏ।

ਸਾਉਣ ਦਾ ਮਹੀਨਾ ਚੜ੍ਹ ਚੁੱਕਾ ਸੀ, ਜੰਗਲ ਵਿੱਚ ਪੰਛੀਆਂ ਦੀਆਂ ਸੁਰੀਲੀਆਂ ਧੁਨਾਂ ਗੂੰਜਣ ਲੱਗ ਪਈਆਂ ਸਨ। ਕੋਇਲਾਂ ਅਤੇ ਬੁਲਬੁਲਾਂ ਦੇ ਮਿੱਠੇ ਗੀਤ, ਮੋਰਾਂ ਦੀਆਂ ਪੈਲਾਂ, ਜੰਗਲ ਵਿੱਚ ਸਵਰਗ ਦਾ ਅਹਿਸਾਸ ਕਰਵਾ ਰਹੀਆਂ ਸਨ। ਚੰਦਰਮਾ ਦੇ ਆਕਾਰ ਨੂੰ ਦੇਖਕੇ ਪੰਛੀ ਪੰਦਰਾਂ ਸਾਉਣ ਦੀ ਆਮਦ ਨੂੰ ਉਡੀਕ ਰਹੇ ਸਨ। ਪੰਦਰਾਂ ਸਾਉਣ ਤੋਂ ਪਹਿਲੀ ਰਾਤ ਨੂੰ ਹੀ ਕਾਂ ਨੇ ਉੱਚੀ-ਉੱਚੀ ਕਾਂ-ਕਾਂ ਕਰਕੇ ਅਗਲੇ ਦਿਨ ਦੇ ਇਕੱਠ ਦੀ ਸੂਚਨਾ ਦੇ ਦਿੱਤੀ ਸੀ।

ਅਗਲੇ ਦਿਨ ਪਿੱਪਲ ਦੇ ਦਰਖ਼ਤ ਉੱਪਰ ਸਵੇਰ ਤੋਂ ਹੀ ਪੰਛੀਆਂ ਦਾ ਮੇਲਾ ਲੱਗਣਾ ਸ਼ੁਰੂ ਹੋ ਗਿਆ। ਪੰਛੀਆਂ ਵਿੱਚ ਰੱਬ ਬਾਰੇ ਜਾਨਣ ਦੀ ਉਤਸੁਕਤਾ ਬਣੀ ਹੋਈ ਸੀ। ਜਿਉਂ ਹੀ ਬੁੱਢਾ ਬਾਜ਼ ਪਿੱਪਲ ਉੱਪਰ ਆਇਆ, ਪੰਛੀਆਂ ਨੇ ਸੰਗੀਤ ਮਈ ਧੁਨਾਂ ਕੱਢ ਕੇ ਸਵਾਗਤ ਕੀਤਾ। ਬੁੱਢੇ ਬਾਜ ਨੇ ਸਾਰੇ ਪੰਛੀਆਂ ਦਾ ਸਵਾਗਤ ਕਰਦੇ ਹੋਏ ਪਹਾੜਾਂ ਵੱਲ ਗਈ ਟੋਲੀ ਨੂੰ ਰੱਬ ਬਾਰੇ ਆਪਣੀ ਪੜਤਾਲ ਪੇਸ਼ ਕਰਨ ਲਈ ਕਿਹਾ।’ ਪਹਾੜੀ ਕਾਂ ਜੋ ਪਹਾੜ ਵਾਲੀ ਟੋਲੀ ਦੀ ਅਗਵਾਈ ਕਰ ਰਿਹਾ ਸੀ ਬੋਲਿਆ, ’ਮਹਾਰਾਜ ਅਸੀਂ ਤਾਂ ਸਾਰੇ ਪਹਾੜ, ਮੰਦਰ, ਮਸਜਿਦ, ਗਿਰਜੇ ਅਤੇ ਗੁਰਦੁਆਰੇ ਛਾਣ ਮਾਰੇ, ਸਾਨੂੰ ਕਿਤੇ ਰੱਬ ਨਹੀਂ ਮਿਲਿਆ, ਬਹੁਤ ਸਾਰੇ ਸਾਧਾਂ-ਸੰਤਾਂ ਨੂੰ ਮਿਲੇ ਪਰ ਉਹ ਵੀ ਰੱਬ ਨਾ਼ਲ ਨਹੀਂ ਮਿਲਾ ਸਕੇ।’ ਇਹੋ ਪੜਤਾਲ ਬਾਕੀ ਟੋਲੀਆਂ ਦੇ ਮੁਖੀਆਂ ਨੇ ਪੇਸ਼ ਕੀਤੀ। ਬੁੱਢਾ ਬਾਜ ਕਹਿਣ ਲੱਗਾ,’ਘਬਰਾਓ ਨਾ ਆਪਾਂ ਸ਼ਿਕਾਰੀ ਨਾ਼ਲ ਗੱਲ ਕਰਾਂਗੇ, ਉਸਦੇ ਹਿੱਤ ਵੀ ਸਾਡੇ ਨਾ਼ਲ ਸਾਂਝੇ ਹਨ, ਮੈਨੂੰ ਆਸ ਹੈ ਉਹ ਆਪਾਂ ਨੂੰ ਜਰੂਰ ਕੋਈ ਰਾਸਤਾ ਦਿਖਾਵੇਗਾ।’

ਅਗਲੇ ਦਿਨ ਸ਼ਿਕਾਰੀ ਆਇਆ, ਜਾਲ ਵਿਛਾਇਆ। ਬੁੱਢਾ ਬਾਜ ਅਤੇ ਚਾਰ ਹੋਰ ਸਿਆਣੇ ਪੰਛੀ ਸ਼ਿਕਾਰੀ ਨੂੰ ਮਿਲਕੇ ਬੇਨਤੀ ਕਰਨ ਲੱਗੇ,’ਸ਼ਿਕਾਰੀ ਭਰਾਵਾ, ਅੱਜ ਤੱਕ ਤੂੰ ਸਾਨੂੰ ਫੜਦਾ ਰਿਹਾ ਹੈ,ਪਰ ਤੇਰੇ ਫੜਿਆਂ ਸਾਡੀ ਗਿਣਤੀ ਵਿੱਚ ਕਮੀ ਨਹੀਂ ਸੀ ਆਈ, ਪਰ ਹੁਣ ਸਾਡੀ ਗਿਣਤੀ ਅੱਧ ਤੋਂ ਵੀ ਘੱਟ ਗਈ ਹੈ, ਇਸ ਤਰਾਂ ਤਾਂ ਅਸੀਂ ਪੂਰੇ ਦੇ ਪੂਰੇ ਖਤਮ ਹੋ ਜਾਵਾਂਗੇ। ਜਦੋਂ ਕਿ ਮਨੁੱਖਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ, ਕਿਉਂਕਿ ਉਨ੍ਹਾਂ ਕੋਲ ਰੱਬ ਹੈ ਅਤੇ ਉਹ ਉਸਦੀ ਪੂਜਾ ਵੀ ਕਰਦੇ ਹਨ, ਅਸੀਂ ਆਪ ਜੀ ਨੂੰ ਬੇਨਤੀ ਕਰਦੇ ਹਾਂ, ਸਾਨੂੰ ਵੀ ਰੱਬ ਨਾ਼ਲ ਮਿਲਾ ਦੇਵੋ ਤਾਂਕਿ ਅਸੀਂ ਬਚ ਸਕੀਏ।’

ਪੰਛੀਆਂ ਦੀਆਂ ਸੱਚੀਆਂ ਗੱਲਾਂ ਸੁਣਕੇ ਸ਼ਿਕਾਰੀ ਦੀ ਆਤਮਾ ਹਿੱਲ ਗਈ, ਕਿਹਣ ਲੱਗਾ,’ਪੰਛੀ ਭਰਾਵੋ ਮੈਂ ਤਾਂ ਇੱਕ ਸ਼ਿਕਾਰੀ ਹਾਂ, ਤੁਹਾਡੇ ਸਿਰ ਤੇ ਹੀ ਮੈਨੇ ਆਪਣੇ ਬੱਚਿਆਂ ਦਾ ਪੇਟ ਭਰਿਆ ਹੈ, ਰੱਬ ਤਾਂ ਅੱਜਤੱਕ ਮੈਂ ਵੀ ਨਹੀਂ ਦੇਖਿਆ, ਪਰ ਫੇਰ ਵੀ ਤੁਹਾਡੇ ਮਸਲੇ ਨੂੰ ਸਮਝਣ ਲਈ ਕਲ੍ਹ ਨੂੰ ਮੈਂ ਆਪਣੇ ਪੁੱਤਰ ਭਾਨੂੰ ਨੂੰ ਲੈ ਕੇ ਆਵਾਂਗਾ, ਛੋਟਾ ਹੁੰਦਾ ਉਹ ਤੁਹਾਡੇ ਵਿੱਚ ਹੀ ਰਿਹਾ ਹੈ, ਹੁਣ ਉਹ ਇੱਕ ਪੜ੍ਹਿਆ ਲਿਖਿਆ ਨੌਜਵਾਨ ਹੈ।’ ਜਾਂਦਾ ਹੋਇਆ ਸ਼ਿਕਾਰੀ ਆਪਣਾ ਜਾਲ ਸਮੇਟ ਕੇ ਉੱਥੇ ਹੀ ਛੱਡ ਗਿਆ। ਪੰਛੀ ਜਾਲ ਵੱਲ ਗੁਟਰ-ਗੁਟਰ ਦੇਖ ਰਹੇ ਸਨ।

ਅਗਲੇ ਦਿਨ ਸਵੇਰ ਵੇਲੇ ਪਿੱਪਲ ਉੱਪਰ ਪੰਛੀਆਂ ਦੀ ਸਭਾ ਫੇਰ ਜੁੜ ਗਈ। ਸ਼ਿਕਾਰੀ ਅਤੇ ਉਸਦਾ ਪੁੱਤਰ ਭਾਨੂੰ ਪਿੱਪਲ ਕੋਲ ਦੋ ਥੜਿਆਂ ਤੇ ਬੈਠ ਗਏ। ਬੁੱਢੇ ਬਾਜ ਦੀ ਅਗਵਾਈ ਵਿੱਚ ਸਾਰੇ ਪੰਛੀ ਸ਼ਿਕਾਰੀ ਦੇ ਸਾਹਮਣੇ ਫੇਰ ਹਾਜ਼ਰ ਹੋ ਗਏ। ਬੁੱਢੇ ਬਾਜ ਨੇ ਭਾਨੂੰ ਸਾਹਮਣੇ ਆਪਣਾ ਕਲ੍ਹ ਵਾਲਾ ਪ੍ਰਸ਼ਨ ਫੇਰ ਦੁਹਰਾ ਦਿੱਤਾ। ਭਾਨੂੰ ਸੋਗ ਮਈ ਮੁਦਰਾ ’ਚ ਸਮਝਾਉਣ ਲੱਗਾ, ’ਪੰਛੀ ਭਰਾਵੋ ਤੁਹਾਡੀ ਚਿੰਤਾ ਬਿਲਕੁਲ ਜਾਇਜ਼ ਹੈ, ਰੱਬ ਇੱਕ ਸੋਚ ਹੈ, ਇੱਕ ਬਾਦ ਹੈ, ਇਹ ਅਸਲ ਵਿੱਚ ਨਹੀਂ ਹੈ।

ਪ੍ਰਾਚੀਨ ਸੱਭਿਅਤਾ ਦੇ ਦੇਵਤਿਆਂ ਨੇ ਪੰਛੀਆਂ ਨੂੰ ਆਪਣੀ ਸਵਾਰੀ ਬਣਾਕੇ ਉਨ੍ਹਾਂ ਨੂੰ ਮਾਨ ਬਖਸ਼ਿਆ ਸੀ, ਉਸ ਵੇਲੇ ਲੋਕ ਕੁਦਰਤ, ਪੇੜ-ਪੌਦੇ ਅਤੇ ਪਸ਼ੂ-ਪੰਛੀਆਂ ਨਾ਼ਲ ਸਾਂਝ ਨਾ਼ਲ ਰਹਿੰਦੇ ਸਨ, ਪਰ ਜਦੋਂ ਤੋਂ ਮਨੁੱਖ ਨੇ ਰੱਬ ਦੀ ਖੋਜ ਕੀਤੀ ਹੈ, ਇਹ ਖੁਦਗਰਜ਼ ਬਣਿਆ ਹੈ ਅਤੇ ਕੁਦਰਤ ਤੋਂ ਦੂਰ ਹੋਇਆ ਹੈ, ਜਦੋਂ ਮਨੁੱਖ ਦੀ ਸੋਚ ਵਿੱਚ ਕੁਦਰਤ ਭਾਰੂ ਹੋਵੇਗੀ, ਜਿਹੜੀ ਸੋਚ ਖੁਦ ਮਨੁੱਖ ਦੀ ਹੋਂਦ ਲਈ ਵੀ ਜਰੂਰੀ ਹੈ, ਤਾਂ ਹੀ ਧਰਤੀ ਉੱਪਰ ਵਿਰਾਜਮਾਨ ਇਹ ਜੀਵ ਜਗਤ ਦੀ ਹੋਂਦ ਬਚ ਸਕੇਗੀ। ਹੇ ਪੰਛੀ ਭਰਾਵੋਂ ਤੁਹਾਡੀ ਕੁਦਰਤ ਨਾ਼ਲ ਇਕਸੁਰਤਾ ਹੀ ਐਨੀ ਬਲਵਾਨ ਅਤੇ ਪਵਿੱਤਰ ਹੈ, ਤੁਹਾਨੂੰ ਕਿਸੇ ਹੋਰ ਰੱਬ ਦੀ ਜਰੂਰਤ ਨਹੀਂ, ਬੱਸ ਇਸੇ ਗੱਲ ਵਿੱਚ ਸਬਰ ਰਖੋ, ਜੇ ਤੁਸੀਂ ਖ਼ਤਮ ਹੋਵੌਂਗੇ, ਤਾਂ ਤੁਹਾਨੂੰ ਖ਼ਤਮ ਕਰਨ ਵਾਲਾ ਮਨੁੱਖ ਵੀ ਨਹੀਂ ਬਚੇਗਾ, ਇੱਕ ਦਿਨ ਮਨੁੱਖ ਨੂੰ ਇਸ ਸੱਚਾਈ ਦਾ ਅਹਿਸਾਸ ਜਰੂਰ ਹੋਵੇਗਾ।’

# ਮਨ ਜੀਤੇ ਜਗ ਜੀਤ
# ਮਨ ਹੀ ਸੰਸਾਰ ਦਾ ਰਚਣਹਾਰ ਹੈ

ਪ੍ਰੋ. ਰਵਿੰਦਰ ਕੁਮਾਰ
ਪਟਿਆਲਾ

**ਮਨ ਦਾ ਸਵਰੂਪ–** ਯੋਗ ਵਸ਼ਿਸਟ ਵਿਚ 'ਮਨ' ਦਾ ਜਿੰਨਾ ਵਰਣਨ ਕੀਤਾ ਗਿਆ ਹੈ, ਉਨਾ ਵਰਣਨ ਕਿਸੇ ਹੋਰ ਵਸਤੂ ਦਾ ਨਹੀਂ ਹੈ। 'ਮਨ' ਤੋਂ ਵੱਧ ਸ਼ਕਤੀਸ਼ਾਲੀ ਪਦਾਰਥ ਦੁਨੀਆਂ ਵਿਚ ਕੋਈ ਨਹੀਂ ਹੈ। ਮਨ ਹੀ ਸੰਸਾਰ ਦੀ ਰਚਨਾ ਕਰਦਾ ਹੈ। ਸੰਸਾਰ ਦੇ ਸਾਰੇ ਦੁੱਖ-ਸੁੱਖ ਵੀ 'ਮਨ' ਦੇ ਨਾਲ ਹੀ ਹੁੰਦੇ ਹਨ। 'ਮਨ' ਦੇ ਹੱਥ ਵਿਚ ਦੁਨੀਆਂ ਦੀ ਸਭ ਤੋਂ ਵੱਡੀ ਸ਼ਕਤੀ ਹੈ, ਜਿਸ ਨੂੰ ਬੰਧਨ ਅਤੇ ਮੋਕਸ ਕਿਹਾ ਜਾਂਦਾ ਹੈ। ਭਗਵਾਨ ਵਾਲਮੀਕ ਜੀ ਦੁਆਰਾ ਫੈਲਾਇਆ ਗਿਆਨ 'ਮਨੋਵਿਗਿਆਨ' ਹੈ। ਜੋ ਵਿਅਕਤੀ ਇਸ ਗਿਆਨ ਨੂੰ ਸਮਝ ਗਿਆ ਉਹ ਭਵ-ਸਾਗਰ ਨੂੰ ਪਾਰ ਕਰ ਲੈਂਦਾ ਹੈ। ਨਹੀਂ ਤਾਂ ਉਹ ਫਿਰ ਜਨਮ-ਮਰਨ ਦੇ ਚੱਕਰ ਕੱਟਦਾ ਰਹਿੰਦਾ ਹੈ।

ਸੰਕਲਪ ਕਰਨੇ ਦਾ ਨਾਮ 'ਮਨ' ਹੈ। 'ਮਨ' ਸੰਕਲਪ ਤੋਂ ਅਲੱਗ ਵਸਤੂ ਨਹੀਂ ਹੈ। ਜਿਵੇਂ ਕਿ ਪਾਣੀ ਨੂੰ ਆਪਣੇ ਪਤਲੇਪਣ ਨਾਲ ਜਾਣਦੇ ਹਾਂ ਅਤੇ ਹਵਾ ਨੂੰ ਅਸੀਂ ਉਸ ਦੇ ਵਹਾਅ ਅਰਥਾਤ ਸੰਪਾਦਨ ਨਾਲ ਮਹਿਸੂਸ ਕਰਦੇ ਹਾਂ। ਇਹ ਦੋ ਅਲੱਗ-ਅਲੱਗ ਵਸਤੂਆਂ ਨਹੀਂ ਹਨ। ਇਹ ਇਕ ਹੀ ਹਨ। ਠੀਕ ਉਸੇ ਤਰ੍ਹਾਂ ਮਨ ਤੇ ਸੰਕਲਪ ਇਕ ਹੀ ਹਨ।

ਕਿਸੇ ਵਿਸ਼ੇ ਦਾ ਚਿੱਤ ਵਿਚ ਉਤਪੰਨ ਹੋਣਾ 'ਮਨ' ਹੈ। ਪਰਮ ਪੁਰਸ਼ ਦੇ ਸੰਕਲਪ ਹੋਣੇ ਦਾ ਨਾਮ ਹੀ ਚਿੱਤ ਹੈ। ਅਣਗਿਣਤ, ਸਰਵਸ਼ਕਤੀਮਾਨ, ਮਹਾਨ ਆਤਮਾ ਦੀ ਸੰਕਲਪ ਸ਼ਕਤੀ ਦੁਆਰਾ ਰਚਿਤ ਜੋ ਰੂਪ ਹੈ, ਉਸ ਦਾ ਨਾਮ 'ਮਨ' ਹੈ। ਅਨੰਤ, ਆਤਮਤਤਵ ਰੂਪ, ਸਰਵਸ਼ਕਤੀ ਦੁਆਰਾ ਰਚਿਤ ਆਤਮਾ ਦੀ ਸੰਕਲਪ ਨੂੰ ਮਨ ਕਿਹਾ ਜਾਂਦਾ ਹੈ।

'ਮਨ' ਭਾਵਨਾ ਦੀ ਤਰ੍ਹਾਂ ਹੈ, ਭਾਵਨਾ ਸੰਪਾਦਨ-ਧਰਮ ਵਾਲੀ ਹੁੰਦੀ ਹੈ ਅਤੇ ਕਿਰਿਆ ਦੀ ਕਲਪਨਾ ਕਰਦੀ ਰਹਿੰਦੀ ਹੈ ਅਤੇ ਉਹ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੁੰਦੀ ਹੈ, ਤੇ ਦੌੜਦੀ ਰਹਿੰਦੀ ਹੈ। ਅਰਥਾਤ ਕਿਸੇ ਨਾ ਕਿਸੇ ਪਦਾਰਥ ਦੀ ਰਚਨਾ ਕਰਦੀ ਰਹਿੰਦੀ ਹੈ।

ਜਿਸ ਤਰ੍ਹਾਂ ਇਕ ਨਟ (ਨਚਾਰ) ਆਪਣੀ ਕਿਰਿਆ ਸ਼ਕਤੀ ਨਾਲ ਅਲੱਗ-ਅਲੱਗ ਰੂਪ ਧਾਰਨ ਕਰਦਾ ਹੈ। ਠੀਕ ਉਸੇ ਤਰ੍ਹਾਂ ਮਨ ਵੀ ਅਲੱਗ-ਅਲੱਗ ਕੰਮ ਕਰਕੇ ਅਲੱਗ ਨਾਮ ਤੇ ਰੂਪ ਧਾਰਨ ਕਰ ਲੈਂਦਾ ਹੈ। ਜਿਵੇਂ ਮਨੁੱਖ ਦਾਨ, ਗ੍ਰਹਿਣ, ਸਨਾਨ, ਦਿਆਵਾਨ, ਅਨੇਕਾਂ ਕਿਰਿਆਵਾਂ ਨੂੰ ਕਰਦੇ ਸਮੇਂ ਵਿਭਿੰਨ ਨਾਮ ਜਿਵੇਂ ਉਹ ਜੀਵ ਕਹਿਲਾਉਂਦਾ ਹੈ, ਕਦੀ ਉਹ ਵਾਸਨਾ ਕਹਿਲਾਉਂਦਾ ਹੈ, ਕਦੀ ਉਹ ਕਰਮ, ਕਰਤਾ, ਗਿਆਤਾ, ਗਿਆਨਮ ਆਦਿ ਕਹਿਲਾਉਂਦਾ ਹੈ। ਇਸ ਤਰ੍ਹਾਂ 'ਮਨ' ਦੇ ਅਨੇਕ ਨਾਮ ਅਤੇ ਰੂਪ ਹਨ।

**ਮਨ ਦੇ ਅਨੇਕ ਨਾਮ–** ਮਨ, ਬੁੱਧੀ, ਅਹੰਕਾਰ, ਚਿੱਤ, ਕਰਮ, ਕਲਪਨਾ, ਸਮਰਿਤੀ, ਵਾਸਨਾ, ਅਵਿਧਾ, ਮਲ, ਮਾਇਆ, ਪ੍ਰਕਿਰਤੀ, ਬ੍ਰਹਮ, ਜੀਵ, ਅਤਿਵਾਹਿਕ ਦੇਹ, ਇੰਦਰੀਆਂ, ਪੁਰਯਸਟਕ, ਦੇਹ ਪਦਾਰਥ ਆਦਿ।

(1) **ਜਦੋਂ ਪਰਮ ਚਿੱਤ–** ਸ਼ੁੱਧ ਚੇਤਨ ਆਤਮਾ ਸੰਪਾਦਨ ਯੁਕਤ ਹੋ ਕੇ ਕਲਪਨਾ ਦਾ ਰੂਪ ਧਾਰਨ ਕਰਕੇ ਦ੍ਰਿਸ਼ (ਦਿਖਾਈ ਦੇਣ ਵਾਲਾ) ਵਿਸ਼ਾ ਬਣ ਜਾਂਦਾ ਹੈ ਤਾਂ ਉਹ ਮਨ ਹੁੰਦੀ ਹੈ।

(2) **ਬੁੱਧੀ–** ਇਹੀ ਸ਼ੁੱਧ ਚੇਤਨ ਆਤਮਾ ਇਕ ਪਰਿਸਿਤ ਰੂਪ ਧਾਰਨ ਕਰਕੇ ਵਿਸ਼ਿਆਂ ਦੀ ਭਾਵਨਾ ਕਰਕੇ ਇਕ ਅਮੁੱਕ ਵਿਸ਼ਾ ਧਾਰਨ ਕਰ ਲੈਂਦੀ ਹੈ। ਉਸ ਨੂੰ ਬੁੱਧੀ ਕਹਿੰਦੇ ਹਨ।

(3) **ਅਹੰਕਾਰ–** ਜਦੋਂ ਸ਼ੁੱਧ ਚੇਤਨ ਆਤਮਾ ਵਿਚ 'ਮੈਂ ਹੀ ਸਭ ਹਾਂ' ਮੈਂ ਹੀ ਦੀ ਭਾਵਨਾ ਹੋਣ ਤੇ ਅਹੰਕਾਰ ਕਹਿਲਾਉਂਦੀ ਹੈ। ਅਹੰਕਾਰ ਤਿੰਨ ਤਰ੍ਹਾਂ ਦਾ ਹੁੰਦਾ ਹੈ। ਇਹ ਆਤਮਾ ਮਿਥਿਆ ਅਭਿਮਾਨ ਦੇ ਕਾਰਨ ਆਪਣੇ ਆਪ ਹੀ ਆਪਣੀ ਸੁਤੰਤਰ ਸੱਤਾ ਬਣਾ ਕੇ ਸੰਸਾਰ ਦੇ ਬੰਧਨ ਵਿਚ ਪੈ ਜਾਂਦੀ ਹੈ। ਉਸ ਦਾ ਨਾਮ ਵੀ ਅਹੰਕਾਰ ਹੈ।

(4) **ਚਿੱਤ–** ਜਦੋਂ ਇਹ ਸ਼ੁੱਧ ਚੇਤਨ ਆਤਮਾ ਇਕ ਛੋਟੇ ਬਾਲਕ ਦੀ ਤਰ੍ਹਾਂ ਇਕ ਵਿਸ਼ਾ ਛੱਡ ਕੇ ਦੂਜੇ ਵਿਸ਼ੇ ਦਾ ਚਿੰਤਨ ਕਰਦੀ ਹੈ ਤਾਂ ਉਹ ਚਿੱਤ ਕਹਿਲਾਉਂਦੀ ਹੈ।

(5) **ਕਰਮ–** ਕਿਰਿਆ ਜਾਂ ਸੰਪਾਦਨ ਹੀ ਜਿਸ ਦਾ ਸੁਭਾਅ ਹੋਵੇ, ਅਜਿਹੀ ਕਲਪਨਾ ਆਪਣੇ ਅੰਦਰ ਉਤਪੰਨ ਵਿਸ਼ੇ ਨੂੰ ਪ੍ਰਾਪਤ ਕਰਨ ਲਈ ਕਿਰਿਆ ਕਰੇ ਜਾਂ ਦੌੜ ਲਗਾਏ, ਉਸ ਨੂੰ ਹੀ ਕਰਮ ਕਹਿੰਦੇ ਹਨ।

(6) **ਕਲਪਨਾ–** ਜਦੋਂ ਸ਼ੁੱਧ ਚੇਤਨ ਕਲਪਨਾ ਆਪਣੇ ਪ੍ਰਾਪਤ ਵਿਸ਼ੇ ਨੂੰ ਛੱਡ ਕੇ ਦੂਸਰੇ ਅਪ੍ਰਾਪਤ ਵਿਸ਼ੇ ਵੱਲ ਦੌੜੇ ਤਾਂ ਉਸ ਨੂੰ ਕਲਪਨਾ ਕਹਿੰਦੇ ਹਨ।

(7) **ਸਮਰਿਤੀ–** ਕਿਸੇ ਵਸਤੂ ਦਾ ਪਹਿਲਾ ਅਨੁਭਵ ਹੋਇਆ ਹੋਵੇ ਜਾਂ ਨਾ ਹੋਇਆ ਹੋਵੇ ਪ੍ਰੰਤੂ ਜਦੋਂ ਉਸ ਨੂੰ ਵਿਚਾਰਨ ਤੇ ਚਿੱਤ ਵਿਚ ਜੋ ਭਾਵਨਾ ਉਤਪੰਨ ਹੁੰਦੀ ਹੈ। ਉਸ ਨੂੰ ਸਮਰਿਤੀ ਕਿਹਾ ਜਾਂਦਾ ਹੈ। ਜਿਵੇਂ ਕਿਸੇ ਪ੍ਰਾਪਤ ਪੁਰਾਣੀ ਚੀਜ਼ ਨੂੰ ਯਾਦ ਕਰਨਾ ਆਦਿ।

(8) **ਵਾਸ਼ਨਾ–** ਜਦੋਂ ਕਿਸੇ ਅਜਿਹੇ ਪਦਾਰਥ ਦੀ ਇੱਛਾ, ਜਿਸ ਦਾ ਭੋਗ ਅਜੇ ਤੱਕ ਨਹੀਂ ਕੀਤਾ, ਕੇਵਲ ਮਨ ਵਿਚ ਹੀ ਪ੍ਰਾਪਤ ਕੀਤਾ ਹੈ। ਉਹ ਫਲ ਪ੍ਰਾਪਤੀ ਇੰਨੀ ਦ੍ਰਿੜ੍ਹ ਹੋ ਜਾਂਦੀ ਹੈ ਕਿ ਉਸ ਦੇ ਸਾਹਮਣੇ ਕਿਸੇ ਹੋਰ ਵਸਤੂ ਦੀ ਜ਼ਰੂਰਤ ਨਹੀਂ ਤਾਂ ਉਸ ਨੂੰ 'ਵਾਸ਼ਨਾ' ਕਿਹਾ ਜਾਂਦਾ ਹੈ।

(9) **ਅਵਿਧਾ–** ਸ਼ੁੱਧ ਚੇਤਨ ਤੱਤਵ ਇਕ ਹੀ ਪਦਾਰਥ ਹੈ। ਜਦੋਂ ਕਿਸੇ ਵਿਸ਼ੇ ਦਾ ਗਿਆਨ ਹੋ ਜਾਣ ਤੇ ਆਤਮਤਵ ਦਾ ਅਹਿਸਾਸ ਨਾ ਹੋਵੇ, ਨੂੰ ਹੀ ਅਵਿਧਾ ਕਿਹਾ ਜਾਂਦਾ ਹੈ। ਇਹ ਅਵਿਧਾ ਬਹੁਤ ਤਰ੍ਹਾਂ ਦੀ ਹੁੰਦੀ ਹੈ।

(10) **ਮਲ–** ਸ਼ੁੱਧ ਚੇਤਨ ਦੁਆਰਾ ਤਰ੍ਹਾਂ-ਤਰ੍ਹਾਂ ਦੀਆਂ ਕਲਪਨਾਵਾਂ ਦੁਆਰਾ ਪਰਮਪਦ ਨੂੰ ਭੁਲਾ ਕੇ ਆਤਮਾ ਦੀ ਹਾਨੀ ਕਰਾਉਣ ਵਾਲੇ 'ਮਨ' ਨੂੰ ਮਲ ਕਿਹਾ ਜਾਂਦਾ ਹੈ।

(11) **ਮਾਇਆ–** ਜੋ ਸੱਤਾ ਨੂੰ ਅਸੱਤਾ ਅਤੇ ਸਤ ਤੇ ਅਸਤ ਦੋਵੇਂ ਬਣਾਉਣ ਵਿਚ ਸਮਰੱਥ ਹੋਵੇ, ਉਸ ਨੂੰ ਮਾਇਆ ਕਿਹਾ ਜਾਂਦਾ ਹੈ। ਜਾਂ ਸਧਾਰਨ ਭਾਸ਼ਾ ਵਿਚ ਸਮਝਣ ਲਈ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾਉਣਾ ਆਦਿ ਸਮਝ ਸਕਦੇ ਹਾਂ।

(12) **ਪ੍ਰਕਿਰਤੀ–** ਪਰਮਾਤਮਾ ਦਾ ਗਿਆਨ ਨਾ ਹੋਵੇ ਤੇ ਉਸ ਸੰਸਾਰ ਦੇ ਸਾਰੇ 'ਭਾਵਾਂ ਦਾ ਕਾਰਨ' ਹੋਵੇ, ਨੂੰ ਪ੍ਰਕਿਰਤੀ ਕਹਿੰਦੇ ਹਨ।

(13) **ਬ੍ਰਹਮ–** ਸ੍ਰਿਸ਼ਟੀ ਦੀ ਰਚਨਾ ਵਿਚ ਲੱਗਿਆ ਮਨ, 'ਬ੍ਰਹਮ (ਕਹਿਲਾਉਂਦਾ ਹੈ। ਇਸ ਨੂੰ ਸਨਕ, ਸਨਾਤਨ, ਸਨਨੰਦਨ ਅਤੇ ਪ੍ਰਜਾਪਤੀ ਜਾਂ ਈਸ਼ਵਰ ਵੀ ਕਿਹਾ ਗਿਆ ਹੈ।

(14) **ਜੀਵ–** ਜੀਵਨ ਜਿਊਣ ਅਤੇ ਚੇਤਨ ਹੋਣ ਕਾਰਨ ਹੀ ਇਸ ਨੂੰ ਜੀਵ ਕਿਹਾ ਗਿਆ ਹੈ। ਸੰਸਾਰ ਦੇ ਚੇਤਨ ਪਦਾਰਥ ਦਾ ਨਾਮ ਜੀਵ ਅਤੇ ਪਸ਼ੂ ਹੈ। ਜਿਸ ਨੂੰ ਚਰ ਅਤੇ ਅਚਰ ਪ੍ਰਾਣੀ ਵੀ ਕਿਹਾ ਜਾਂਦਾ ਹੈ।

(15) **ਅਤਿਵਾਹਿਕ ਦੇਹ–** ਇਹ ਸ਼ੁੱਧ ਚੇਤਨ ਆਤਮਾ, ਸਧਾਰਨ ਅਤੇ ਸ਼ਾਂਤ, ਨਿਰਾਕਾਰ, ਅਨਾਮਿਆ ਕਲਨਾ ਆਦਿ ਨੂੰ ਅਤਿਵਾਹਿਕ ਦੇਹ ਕਿਹਾ ਜਾਂਦਾ ਹੈ।

(16) **ਇੰਦਰੀਆਂ–** ਇਹਨਾਂ ਨੂੰ ਇੰਦਰੀਆਂ ਇਸ ਲਈ ਕਿਹਾ ਜਾਂਦਾ ਹੈ ਕਿ ਇਹ ਸੁਣ ਕੇ, ਛੂਹ ਕੇ, ਦੇਖਕੇ, ਸੁੰਘ ਕੇ, ਭੋਗ ਕੇ, ਵਿਚਾਰ ਕਰਕੇ ਆਤਮਾ ਨੂੰ ਆਨੰਦ ਦਿੰਦੀਆਂ ਹਨ। ਇਸ ਲਈ ਇਸ ਨੂੰ ਇੰਦਰ ਵੀ ਕਿਹਾ ਜਾਂਦਾ ਹੈ, ਅਰਥਾਤ ਅਨੰਦ ਦੇਣਾ।

(17) **ਪੁਰਯਸਟਕ–** ਪੂਰੇ ਪੱਕੇ ਸੰਕਲਪਾਂ ਨਾਲ ਭਰਪੂਰ ਹੋਣ ਕਾਰਨ ਇਸ ਨੂੰ ਪੁਰਬਸਟਕ ਕਿਹਾ ਜਾਂਦਾ ਹੈ।

(18) **ਦੇਹ, ਪਦਾਰਥ, ਸਰੀਰ–** ਸਰੀਰ ਦੀ ਭਾਵਨਾ ਹੋਣ ਤੇ ਇਹ ਸਰੀਰ ਬਣ ਜਾਂਦਾ ਹੈ, ਪਰਬਤ ਦੀ ਭਾਵਨਾ ਹੋਣ ਤੇ ਪਰਬਤ ਬਣ ਜਾਂਦਾ ਹੈ।

*****

### 4 ਜਨਵਰੀ ਜਨਮ ਦਿਨ 'ਤੇ ਵਿਸ਼ੇਸ਼

# ਮਹਾਨ ਗਦਰੀ ਯੋਧਾ ਬਾਬਾ ਸੋਹਣ ਸਿੰਘ ਭਕਨਾ



ਬਾਬਾ ਸੋਹਨ ਸਿੰਘ ਭਕਨਾ ਦਾ ਜਨਮ 4 ਜਨਵਰੀ 1870 ਈ: ਨੂੰ ਆਪਣੇ ਨਾਨਕੇ ਪਿੰਡ ਖਤਰਾਏ ਖੁਰਦ, ਜਿਲਾ ਅੰਮ੍ਰਿਤਸਰ ਵਿੱਚ ਹੋਇਆ। ਜਨਮ ਸਮੇ ਕਿਸੇ ਨੂੰ ਪਤਾ ਨਹੀ ਸੀ ਕਿ ਪਿੰਡ ਭਕਨੇ ਦੇ ਨਿਵਾਸੀ ਸ. ਕਰਮ ਸਿੰਘ ਸੇਰਗਿੱਲ ਤੇ ਮਾਤਾ ਰਾਮ ਕੌਰ ਦੇ ਘਰ ਜਨਮਿਆ ਨਿੱਕਾ ਜਿਹਾ ਲਾਲ, ਵੱਡਾ ਹੋ ਕੇ ਦੇਸ ਦੀ ਆਰਥਿਕ ਅਤੇ ਰਾਜਨੀਤਕ ਅਜਾਦੀ ਲਈ ਸੰਘਰਸ ਕਰਨ ਵਾਲਾ ਮਹਾਨ ਯੋਧਾ ਬਣੇਗਾ। ਬਾਬਾ ਸੋਹਨ ਸਿੰਘ ਭਕਨਾ ਨੇ ਮੁੱਢਲੀ ਸਿੱਖਿਆ ਪਿੰਡ ਦੇ ਗੁਰਦੁਆਰਾ ਸਾਹਿਬ ਤੋ ਪ੍ਰਾਪਤ ਕੀਤੀ ਅਤੇ ਸਕੂਲ ਤੋ ਪੰਜਵੀ ਪਾਸ ਕੀਤੀ। ਪ੍ਰਸਿੱਧ ਸੁਤੰਤਰਤਾ ਸੰਗਰਾਮੀ ਬਾਬਾ ਸੋਹਨ ਸਿੰਘ ਨੂੰ 148 ਵੇ ਜਨਮ ਦਿਨ ਤੇ ਯਾਦ ਕਰਨਾ ਉਸ ਗੌਰਵਮਈ ਇਤਿਹਾਸ ਨੂੰ ਯਾਦ ਕਰਨਾ ਹੈ, ਜਿਸ ਵਿੱਚ ਪੰਜਾਬੀ ਸੂਰਬੀਰਾ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ। ਛੋਟੀ ਉਮਰ ਵਿੱਚ ਹੀ ਪਿਤਾ ਦਾ ਸਾਇਆ ਸਿਰ ਉਪਰੋ ਉੱਠ ਗਿਆ, ਪਰ ਫਿਰ ਵੀ ਤੰਗੀ ਤੁਰਸੀ ਤੇ ਕਠਿਨ ਹਲਾਤਾ ਵਿੱਚ ਨਿਮਰਤਾ, ਆਤਮ-ਵਿਸਵਾਸ ਤੇ ਸਮੇ ਦੀ ਚਾਲ ਨੂੰ ਆਪਣੇ ਅਨੁਕੂਲ ਕਰਨਾ ਇਹ ਬਾਬਾ ਸੋਹਨ ਸਿੰਘ ਭਕਨਾ ਦੇ ਅਹਿਮ ਗੁਣ ਸਨ। ਉਹਨਾਂ ਆਪਣੇ ਜੀਵਨ ਦੇ 26 ਵਰ੍ਹੇ ਦੇਸ਼ ਵਾਸੀਆ ਨੂੰ ਗੁਲਾਮੀ ਦੀਆਂ ਜਜ਼ੀਰਾ ਤੋ ਮੁਕਤ ਕਰਾਉਣ ਲਈ ਜੇਲ੍ਹਾਂ ਵਿੱਚ ਬਿਤਾਏ। 1906-07 ਈ: ਵਿੱਚ ਅੰਗਰੇਜ ਹਕੂਮਤ ਵਿਰੁੱਧ ਬਸਤੀਵਾਦੀ ਬਿੱਲ ਲਈ ਚੱਲ ਰਹੇ ਸੰਘਰਸ਼ ਵਿੱਚ ਹਿੱਸਾ ਲਿਆ ਇਸ ਤੋ ਦੋ ਸਾਲ ਬਾਅਦ ਤਿੰਨ ਜਨਵਰੀ 1909 ਵਿੱਚ ਅਮਰੀਕਾ ਪਹੁੰਚੇ ਜਿਥੇ ਲੱਕੜ ਮਿੱਲ ਵਿੱਚ ਕੰਮ ਕੀਤਾ, ਜਿੱਥੇ ਭਾਰਤੀਆ ਨਾਲ ਬਹੁਤ ਨਫਰਤ ਕੀਤੀ ਜਾਦੀ ਜਾਦੀ ਸੀ। ਉਹਨਾਂ ਨੂੰ ਗੁਲਾਮ ਕਹਿ ਕੇ ਪੁਕਾਰਿਆ ਜਾਦਾ ਸੀ। ਇਸ ਵਿਤਕਰੇ ਨੂੰ ਬਾਬਾ ਸੋਹਨ ਸਿੰਘ ਭਕਨਾ ਜਰ ਨਾ ਸਕੇ। ਉਹਨਾਂ ਭਾਰਤੀ ਮਜਦੂਰਾਂ ਨੂੰ ਜਥੇਬੰਦ ਕਰਨ ਲਈ, ਹਿੰਦੂਸਤਾਨ ਐਸੋਸੀਏਸ਼ਨ ਆਫ ਪੈਸੇਫਿਕ ਕੇਸਵ ਨਾਂਅ ਦੀ ਜਥੇਬੰਦੀ ਬਣਾਈ। ਨਵੰਬਰ 1913 ਵਿੱਚ ਇਸ ਸੰਸਥਾ ਵੱਲੋ ਗਦਰ ਨਾਂਅ ਦਾ ਇੱਕ ਅਖਬਾਰ ਕੱਢਣਾ ਸੁਰੂ ਕੀਤਾ, ਇਸ ਦਾ ਮੁੱਖ ਉਦੇਸ਼, ਹਿੰਦੂਸਤਾਨ ਵਿੱਚ ਹਥਿਆਰਬੰਦ ਸੰਘਰਸ਼ ਦੀ ਸੁਰੂਆਤ ਕਰਨੀ ਤੇ ਅੰਗਰੇਜਾਂ ਵਿਰੁੱਧ ਪ੍ਰਚਾਰ ਕਰਨਾ ਸੀ। ਇਸ ਦੇ ਮੋਢੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਨੂੰ ਤੇ ਜਰਨਲ ਸਕੱਤਰ ਲਾਲਾ ਹਰਦਿਆਲ ਨੂੰ ਬਣਇਆ ਗਿਆ।ਇਸ ਦੀਆਂ ਸੰਸਥਾਵਾਂ ਅਮਰੀਕਾ ਅਤੇ ਕੈਨੇਡਾ ਵਿੱਚ ਬਣਾਈਆ ਗਈਆਂ। ਜਦੋ ਕਾਮਾ ਗਾਟਾ ਮਾਰੂ ਜਹਾਜ ਵਾਪਸ ਪਰਤ ਰਿਹਾ ਸੀ,ਉਸ ਸਮੇ ਪਾਰਟੀ ਵੱਲੋ ਬਾਬਾ ਸੋਹਨ ਸਿੰਘ ਭਕਨਾ ਦੀ ਡਿਉਟੀ ਲਗਾਈ ਗਈ ਕਿ ਹਿੰਦੂਸਤਾਨ ਵਿੱਚ ਕ੍ਰਾਂਤੀ ਲਿਆਉਣ ਲਈ ਬਾਬਾ ਗੁਰਦਿੱਤ ਸਿੰਘ ਕੋਲ ਜਪਾਨ ਵਿੱਚ ਹਥਿਆਰ ਪਹੁੰਚਾਏ ਜਾਣ ਜਦੋ ਬਾਬਾ ਸੋਹਨ ਸਿੰਘ ਭਕਨਾ ਹਥਿਆਰ ਪਹੁੰਚਾ ਕੇ 13 ਅਕਤੂਬਰ 1914 ਨੂੰ ਕਲਕੱਤੇ ਪਹੁੰਚੇ ਤੇ ਪੰਜਾਬ ਦੀ ਮੁਫੀਆ ਪੁਲਿਸ ਨੇ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਨੂੰ ਮੁਢਲੀ ਪੁੱਛ-ਪੜਤਾਲ ਲਈ ਇੱਕ ਹਫਤਾ ਲੁਧਿਆਣੇ ਜੇਲ ਵਿੱਚ ਰੱਖਿਆ ਗਿਆ ਅਤੇ ਮਗਰੋ ਮੁਲਤਾਨ ਜੇਲ ਭੇਜ ਦਿੱਤਾ ਗਿਆ। 26 ਅਪ੍ਰੈਲ 1915 ਨੂੰ ਉਹਨਾਂ ਤੋ ਡੀਫੈਸ ਆਫ ਇੰਡੀਆ ਐਕਟ ਅਧੀਨ ਪਹਿਲਾ ਲਾਹੌਰ ਸਾਜਿਸ ਕੇਸ ਨਾ ਦਾ ਮੁਕੱਦਮਾ ਚਲਾਇਆ ਗਿਆ। ਇਸ ਕੇਸ ਵਿੱਚ ਬਾਬਾ ਸੋਹਨ ਸਿੰਘ ਨੂੰ ਮੌਤ ਦੀ ਸਜਾ ਦਿੱਤੀ ਗਈ ਤੇ ਬਾਅਦ ਵਿੱਚ ਵਾਇਸਰਾਏ ਦੇ ਹੁਕਮ ਤਹਿਤ ਜਿਨ੍ਹਾਂ 24 ਫਾਂਸੀ ਦੀ ਸਜਾ ਵਾਲੇ ਕੈਦੀਆਂ ਵਿੱਚੋ 17 ਨੂੰ ਫਾਂਸੀ ਤੋੜ ਉਮਰ ਕੈਦ ਦੀ ਸਜਾ ਦਿੱਤੀ ਗਈ, ਉਹਨਾਂ ਵਿੱਚ ਬਾਬਾ ਸੋਹਨ ਸਿੰਘ ਭਕਨਾ ਵੀ ਸੀ।10 ਦਸੰਬਰ 1915 ਈ. ਨੂੰ ਕਾਲੇ ਪਾਣੀ (ਅੰਡੇਮਾਨ) ਦੀ ਜੇਲ ਵਿੱਚ ਭੇਜ ਦਿੱਤਾ ਗਿਆ। ਕੈਦ ਦੌਰਾਨ ਜੇਲ ਵਿੱਚ ਦਿੱਤੇ ਜਾ ਰਹੇ ਤਸੀਹਿਆ ਤੋ ਕੈਦੀਆਂ ਨੂੰ ਬਚਾਉਣ ਲਈ ਕਈ ਵਾਰ ਮਰਨ ਵਰਤ ਰੱਖੇ 1927 ਵਿੱਚ ਉਹਨਾਂ ਨੂੰ ਇੱਕ ਮਹੀਨਾ ਭੁੱਖ ਹੜਤਾਲ ਕਰਨ ਉੱਤੇ ਸੈਂਟਰਲ ਜੇਲ੍ਹ ਲਾਹੌਰ ਭੇਜ ਦਿੱਤਾ ਗਿਆ, ਜਿੱਥੇ ਉਹਨਾਂ ਨੇ 1929 ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆ ਦੇ ਹੱਕ ਵਿੱਚ ਭੁੱਖ ਹੜਤਾਲ ਕੀਤੀ। ਉਹ ਕਾਂਗਰਸੀ ਲਹਿਰਾ ਨਾਲ ਵੀ ਜੁੜੇ ਰਹੇ। ਜੁਲਾਈ 1930 ਨੂੰ ਬਾਬਾ ਸੋਹਨ ਸਿੰਘ ਭਕਨਾ ਨੂੰ ਰਿਹਾਅ ਕਰ ਦਿੱਤਾ ਗਿਆ।ਸਿਕੰਦਰ ਹਿਆਤ ਖਾਂ ਦੀ ਰਿਆਸਤ ਸਮੇ 1938 ਵਿੱਚ ਦੇਸ ਦੀ ਅਜਾਦੀ ਅਤੇ ਕਿਸ਼ਾਨ ਸਮੱਸਿਆਵਾਂ ਲਈ ਅੰਦੋਲਣ ਕੀਤਾ। ਜਿਸ ਕਾਰਨ ਉਹਨਾਂ ਨੇ ਇੱਕ ਸਾਲ ਕੈਦ ਦੀ ਸਜਾ ਸਾਹਪੁਰ ਜੇਲ ਵਿੱਚ ਕੱਟੀ, 1939 ਦੇ ਲਾਹੌਰ ਕਿਸਾਨ ਮੋਰਚੇ ਵਿੱਚ ਉਹਨਾਂ 1 ਸਾਲ ਕੈਦ ਰਾਵਲ ਪਿੰਡੀ ਜੇਲ ਵਿੱਚ ਕੱਟੀ ਦੂਜੇ ਸੰਸਾਰ ਯੁੱਧ ਸਮੇ ਅੰਗਰੇਜ ਹਕੂਮਤ ਨੇ ਬਾਬਾ ਸੋਹਨ ਸਿੰਘ ਭਕਨਾ ਨੂੰ ਰਾਜਸਥਾਨ ਦੀ ਦਿਉਲੀ ਕੈਂਪ ਜੇਲ ਵਿੱਚ ਲਗਾਤਾਰ ਤਿੰਨ ਸਾਲ ਨਜਰਬੰਦ ਰੱਖਿਆ ਗਿਆ, 1947 ਈ: ਵਿੱਚ ਦੇਸ਼ ਦੀ ਅਜ਼ਾਦੀ ਪਿੱਛੋ ਬਾਬਾ ਸੋਹਨ ਸਿੰਘ ਭਕਨਾ ਕਮਿਊਨਿਸਟ ਲਹਿਰ ਨਾਲ ਜੁੜ ਗਏ। 1948 ਈ. ਵਿੱਚ ਜਦੋ ਲੋਕ ਹੱਕਾ ਲਈ ਸੰਘਰਸ ਕਰਦਿਆ ਗ੍ਰਿਫਤਾਰ ਕੀਤਾ ਗਿਆ ਤਾਂ ਛੇਤੀ ਹੀ ਉਸ ਸਮੇ ਦੇਸ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਦਖਲ ਨਾਲ ਇਸ ਸੰਘਰਸ ਸੀਲ ਤੇ ਜੁਝਾਰੂ ਆਗੂ ਨੂੰ ਜੇਲ ਵਿੱਚੋ ਰਿਹਾਅ ਕੀਤਾ ਗਿਆ। ਸਤੰਬਰ 1955 ਸੰਤ ਵਿਸਾਖਾ ਸਿੰਘ ਵਰਗੇ ਗਦਰੀਆਂ ਨਾਲ ਮਿਲ ਕੇ ਦੇਸ ਭਗਤ ਯਾਦਗਰ ਕਮੇਟੀ ਬਣਾਈ ਗਈ। ਬਾਬਾ ਸੋਹਨ ਸਿੰਘ ਨੂੰ ਇਸ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। 16 ਨਵੰਬਰ 1968 ਨੂੰ ਸਰਦੀ ਦੀ ਰੁੱਤ ਵਿੱਚ ਸਹੀਦ ਕਰਤਾਰ ਸਿੰਘ ਸਰਾਭਾ ਦੀ ਬਰਸੀ ਉਤੇ ਨਿਗੁਣੀ ਹਾਜਰੀ ਦੇ ਮਾਨਸਿਕ ਦੁਖ ਅਤੇ ਥੋੜੀ ਜਿਹੀ ਠੰਡ ਨਾਲ ਉਹਨਾਂ ਨੂੰ ਨਮੂਨੀਆ ਹੋ ਗਿਆ। ਜਿਸ ਕਾਰਨ 99 ਸਾਲ ਦੀ ਉਮਰ ਤੱਕ ਦੇਸ ਸੇਵਾ ਕਰਨ ਵਾਲੇ ਬਾਬਾ ਸੋਹਨ ਸਿੰਘ ਭਕਨਾ 20 ਨਵੰਬਰ 1968 ਨੂੰ ਹਮੇਸਾ ਲਈ ਸਾਡੇ ਤੋ ਵਿਛੜ ਗਏ।ਬਾਬਾ ਸੋਹਨ ਸਿੰਘ ਜੀ ਸਿਆਣੇ ਰਾਜਸੀ ਆਗੂ, ਸਫਲ ਵਕਤਾ ਤੇ ਲਿਖਾਰੀ ਵੀ ਸਨ। ਅਖਬਾਰਾਂ ਵਿੱਚ ਪ੍ਰਕਾਸਿਤ ਹੋਣ ਵਾਲੇ ਲੇਖਾ ਤੋ ਬਿਨਾਂ ਉਨਾਂ ਨੇ ਕਈ ਪ੍ਰੇਰਣਾ ਦਾਇਕ ਕਿਤਾਬਾਂ ਵੀ ਲਿਖੀਆ। ਉਹਨਾਂ ਵਿੱਚੋ ਜਿਵੇ ਜੀਵਨ ਸੰਘਰਸ਼, ਆਤਮ ਕਥਾਂ, ਇਨਕਲਾਬ ਲਹਿਰ, ਜੀਵਨ ਕਰਤੱਵ, ਦੁਖ, ਗਰੀਬੀ, ਭਾਰਤੀ ਇਸਤਰੀ ਜਾਤੀ ਆਦਿ ਕਿਤਾਬਾਂ ਵਰਣਨਯੋਗ ਹਨ। ਇਸ ਮਹਾਨ ਪੁਰਸ਼ ਨੇ ਜਿਉਦੇ ਜੀਅ ਹੀ ਆਪਣਾ ਘਰ ਅਤੇ ਜਮੀਨ ਪਿੰਡ ਦੀ ਪੰਚਾਇਤ ਅਤੇ ਸਕੂਲ ਨੂੰ ਦਾਨ ਕਰ ਦਿੱਤੀ ਸੀ । ਇਹਨਾਂ ਦਾ ਜਨਮ ਦਿਨ ਅਨੇਕਾਂ ਧਾਰਮਿਕ ਸਥਾਨਾ ਤੇ ਦੇਸ ਵਿਦੇਸ਼ ਵਿੱਚ ਬੈਠੇ ਭਾਰਤੀਆ ਵੱਲੋ ਬੜੀ ਸਰਧਾ ਤੇ ਧੂਮਧਾਮ ਨਾਲ ਮਨਾਇਆ ਜਾਦਾ ਹੈ।



ਨਵਜੋਤ ਬਜਾਜ (ਗੱਗੂ)
91-98721-02614

ਬਾਬਾ ਸੋਹਨ ਸਿੰਘ ਭਕਨਾ ਨੇ ਆਪਣਾ ਪੂਰਾ ਜੀਵਨ ਦੇਸ ਸੇਵਾ ਤੇ ਸਮੁੱਚੀ ਮਾਨਵਤਾ ਦੇ ਲਗਾ ਦਿੱਤਾ ਤੇ ਜਿਉਦੇ ਜੀਅ ਕੁਰਬਾਨੀਆ ਦੇਣ ਵਾਲੇ ਇਸ ਮਹਾਨ ਯੋਧੇ ਨੂੰ ਦੇਸ ਯੁਗਾ-ਯੁਗਾ ਤੱਕ ਯਾਦ ਰੱਖਾਗਾ।

# ਕਲਾਕਾਰ ਬਣਨ ਦੀ ਸੰਘਰਸ਼ ਭਰੀ ਗਾਥਾ ਨੂੰ ਕਾਮੇਡੀ ਅਤੇ ਭਾਵੁਕਤਾ ਨਾਲ ਪਰਦੇ 'ਤੇ ਪੇਸ਼ ਕਰੇਗੀ ਫ਼ਿਲਮ 'ਵੱਡਾ ਕਲਾਕਾਰ'

ਗਾਇਕ ਤੋਂ ਬਾਅਦ ਫ਼ਿਲਮੀ ਹੀਰੋ ਬਣਨ ਦਾ ਭੂਤ ਹਰ ਕਿਸੇ 'ਤੇ ਸਵਾਰ ਹੁੰਦਾ ਹੈ। ਆਈਲੈਟਸ ਦੀ ਤਿਆਰੀ ਵਾਂਗ ਥਾਂ-ਥਾਂ ਫ਼ਿਲਮੀ ਹੀਰੋ ਬਣਨ ਦੇ ਕੋਰਸ ਕਰਾਏ ਜਾਂਦੇ ਹਨ ਜਿੱਥੇ ਨਵੇਂ ਮੁੰਡੇ ਕੁੜੀਆਂ ਨੂੰ ਫ਼ਰਜ਼ੀ ਫ਼ਿਲਮੀ ਲੋਕ ਵੱਡੇ ਵੱਡੇ ਸਬਜ਼ਬਾਗ ਵਿਖਾ ਕੇ ਉਨ੍ਹਾਂ ਦੇ ਪੈਸੇ 'ਤੇ ਐਸਾ ਕਰਨ ਦੇ ਸੁਪਨੇ ਪੂਰਦੇ ਹਨ। ਅਜਿਹਾ ਹਰ ਤੀਜੇ ਕਲਾਕਾਰੀ ਦੇ ਭੂਤ ਸਵਾਰ ਨਾਲ ਹੁੰਦਾ ਹੈ ਜੋ ਧਰਮਿੰਦਰ, ਅਮਿਤਾਭ ਬਚਨ ਨੂੰ ਮਨ ਹੀ ਮਨ ਆਪਣਾ ਗੁਰੂ ਧਾਰ ਕੇ ਮੁੰਬਈ ਜਾਂਦਾ ਹੈ ਤੇ ਅੱਗੇ ਉਸ ਨਾਲ ਕੀ ਕੀ ਹੁੰਦਾ ਹੈ ਇਹ ਥਾਂ ਫ਼ਿਲਮ ਵੱਡਾ ਕਲਾਕਾਰ ਦੇ ਪਰਦੇ 'ਤੇ ਹੀ ਨਜ਼ਰ ਆਇਗਾ। ਰੈੱਡ ਕੈਸਲ ਮੋਸ਼ਨ ਪਿਕਚਰਜ਼ ਅਤੇ ਪਾਰੁਲ ਕਟਿਆਲ ਫਿਲਮਜ਼ ਦੀ ਪੇਸ਼ਕਸ਼, ਨਿਰਮਾਤਾ ਪ੍ਰਿੰਸ ਅਤੇ ਰਾਜਨ ਦੀ ਫ਼ਿਲਮ 'ਵੱਡਾ ਕਲਾਕਾਰ' ਉਨ੍ਹਾਂ ਹਜ਼ਾਰਾਂ ਨੌਜਵਾਨਾਂ ਦੀ ਕਹਾਣੀ ਹੈ ਜੋ ਕੁਝ ਬਣਨ ਨਹੀਂ ਮੁੰਬਈ ਦੀ ਮਾਇਆ ਨਗਰੀ ਦੇ ਚੱਕਰਾਂ ਵਿੱਚ ਪਿਆ। ਫ਼ਿਲਮ ਦੇ ਨਿਰਦੇਸ਼ਕ ਕੁਲਦੀਪ ਕੌਸ਼ਿਕ ਦਾ ਕਹਿਣਾ ਹੈ ਕਿ ਇਹ ਫ਼ਿਲਮ ਆਮ ਫ਼ਿਲਮਾਂ ਤੋ ਵੱਖਰੇ ਵਿਸ਼ੇ ਦੀ ਕਹਾਣੀ ਹੈ ਜੋ ਸੰਘਰਸ਼ ਭਰੀ ਗਾਥਾ ਨੂੰ ਕਾਮੇਡੀ ਅਤੇ ਭਾਵੁਕਤਾ ਨਾਲ ਪਰਦੇ 'ਤੇ ਪੇਸ਼ ਕਰਦੀ ਹੈ। ਦਰਸ਼ਕ ਇਸ ਫ਼ਿਲਮ ਵਿਚ ਨਵੇ ਰੰਗ ਦੀ ਕਾਮੇਡੀ ਦਾ ਆਨੰਦ ਮਾਨਣਗੇ। ਇਹ ਫ਼ਿਲਮ ਨੌਜਵਾਨਾਂ ਦੀ ਜ਼ਿੰਦਗੀ ਨੂੰ ਇੱਕ ਨਵੀਂ ਸੇਧ ਵੀ ਦਿੰਦੀ ਹੈ। ਪੰਜਾਬੀ ਗਾਇਕੀ ਵਿੱਚ ਚੰਗਾ ਨਾਮ ਖੱਟਣ ਵਾਲਾ ਅਲਫ਼ਾਜ ਇਸ ਫ਼ਿਲਮ ਦਾ ਹੀਰੋ ਬਣਿਆ ਹੈ ਤੇ ਗੁਰਨਾਮ ਭੁੱਲਰ ਦੇ ਡਾਇਮੰਡ ਗੀਤ ਵਾਲੀ ਖੂਬਸੂਰਤ ਅਦਾਕਾਰਾ ਰੂਪੀ ਗਿੱਲ ਉਸਦੀ ਹੀਰੋਇਨ ਬਣੀ ਨਜ਼ਰ ਆਵੇਗੀ। ਇਸ ਤੋਂ ਇਲਾਵਾ ਯੋਗਰਾਜ ਸਿੰਘ, ਨਿਰਮਲ ਰਿਸ਼ੀ, ਬੀ ਐਨ ਸ਼ਰਮਾ, ਜੱਸੀ ਕੌਰ, ਹਰਬੀ ਸੰਘਾ, ਮਲਕੀਤ ਰੌਣੀ, ਤੇਜ਼ੀ ਸੰਧੂ ਆਦਿ ਕਲਾਕਾਰਾਂ ਨੇ ਇਸ ਫ਼ਿਲਮ ਵਿੱਚ ਕੰਮ ਕੀਤਾ ਹੈ। ਫ਼ਿਲਮ ਦਾ ਸੰਗੀਤ ਗੁਰਮੀਤ ਸਿੰਘ, ਅਲਫ਼ਾਜ ਤੇ ਸ਼ਾਮ ਬਲਕਾਰ ਨੇ ਦਿੱਤਾ ਹੈ। ਇਸ ਫ਼ਿਲਮ ਦੀ ਕਹਾਣੀ, ਡਾਇਲਾਗ ਤੇ ਸਕਰੀਨ ਪਲੇਅ ਦੀਦਾਰ ਗਿੱਲ ਨੇ ਲਿਖਿਆ ਹੈ। ਫ਼ਿਲਮ ਦੇ ਗੀਤ ਅਲਫ਼ਾਜ, ਸਿਆਮ ਬਲਕਾਰ, ਬਿੰਦਰ ਨੱਥੂਮਾਜਰਾ ਨੇ ਲਿਖੇ ਹਨ ਜਿੰਨ੍ਹਾਂ ਨੂੰ ਗਾਇਆ ਹੈ ਅਲਫ਼ਾਜ, ਪ੍ਰਭ ਗਿੱਲ, ਰਣਜੀਤ ਬਾਵਾ, ਕਮਲ ਖਾਂ ਤੇ ਅਫ਼ਸਾਨਾ ਖਾਂ ਨੇ। ਇਸ ਫ਼ਿਲਮ ਨੂੰ ਸ੍ਰੀ ਮੁਨੀਸ਼ ਸਾਹਨੀ ਡਿਸਟੀਬਿਊਟਰ ਓਮ ਜੀ ਗਰੁੱਪ ਵਲੋਂ 28 ਦਸੰਬਰ 2018 ਨੂੰ ਦੁਨੀਆ ਭਰ 'ਚ ਰਿਲੀਜ਼ ਕੀਤਾ ਜਾਵੇਗਾ।



**– ਹਰਜਿੰਦਰ ਸਿੰਘ ਜਵੰਦਾ** (97795 91482)

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

## (ਬਾਨੀ ਆਦਿ-ਧਰਮ ਲਹਿਰ, ਸਾਬਕਾ ਐਮ.ਐਲ.ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)

**"ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜ਼ੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੱੜਕ, ਨਿਰਪੱਖ, ਬੇ-ਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ.ਐਲ. ਚੁੰਬਰ, ਐਡੀਟਰ-ਇੰਨ-ਚੀਫ ਕੌਮੀ ਉਡਾਰੀਆਂ ਜਲੰਧਰ,(ਪੰਜਾਬ) ਭਾਰਤ, ਸ਼੍ਰੀਮਾਨ ਸੀ. ਐਲ. ਚੁੰਬਰ , ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਜਿਸਨੂੰ ਆਦਿ ਧਰਮ ਮੰਡਲ ਦੇ ਸੁਨਹਿਰੀ ਇਤਿਹਾਸ ਦੇ 11-12 ਜੂਨ ਦੇ ਸ਼ੁਭ ਦਿਹਾੜੇ ਮੌਕੇ ਫਿਰ ਤੋਂ ਇਕ ਵਾਰ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਸਭ ਪਸੰਦ ਕਰੋਗੇ।**

**– ਤੇਜਪਾਲ ਗੰਗੜ**
**ਬਰਨਬੀ, ਬ੍ਰਿਟਿਸ ਕੁਲੰਬੀਆ, ਕੈਨੇਡਾ (ਫੋਨ: 778.319.5431)**

### ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ

1931 ਦੀ ਮਰਦਮ ਸ਼ੁਮਾਰੀ ਤੋ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀ ਐਮ ਐਸ ਆਈ, ਜੀ.ਜੀ.ਐਮ. ਜੀ., ਜੀ.ਐਮ.ਆਈ.ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜ਼ੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਹਜ਼ਾਰ ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰਿਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆ ਅਤੇ ਅੰਗਰੇਜਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਪੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ ਨੂੰ ਆਦਿ-ਧਰਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ,
2. ਐਮ ਐਲ. ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ,
3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਿਜੱਠਣ ਤੋਂ ਪਹਿਲਾਂ ਕੇਂਦਰ ਸਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ,
4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ,
5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ,
6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ,
7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।
8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।
9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਕਿ ਆਦਿ-ਧਰਮੀ ਗਰੀਬ ਹਨ।
10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਉਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ,
11. ਬੈਂਕਾ ਆਦਿ-ਧਰਮੀਆਂ ਨੂੰ ਕਰਜੇ ਨਹੀਂ ਦਿੰਦਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।
12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।
13. ਨੈਸ਼ਨਲ ਸਕਾਲਰ ਸ਼ਿੱਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀ ਹਨ, ਮਤੇ ਪਾਸ ਕੀਤੇ।
14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾ ਭੇਜਿਆ ਜਾਵੇ।
15. ਸਰਕਾਰ ਆਦਿ-ਧਰਮ ਮੰਡਲ ਰਾਂਹੀ ਚਮੜੇ ਦੀ ਵਸਤਾਂ ਫੋਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁੱਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆਂ ਜਿੱਥੋ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।

### ਪ੍ਰਧਾਨ ਫ੍ਰੈਚਾਈਜ਼ ਕਮੇਟੀ ਨੂੰ ਮਿਲਣ ਨੂੰ ਯਾਦ ਪੱਤਰ 1932 ਈ:

30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ ਜਾਣਗੇ ਜਿਨ੍ਹਾਂ ਦੇ ਨਾਂ ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, ਉਆਦਿ ਡੰਕਾ", ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜਿਲ੍ਹਾ ਲਾਇਲਪੁਰ,ਚਮਨ ਲਾਲ ਰਵੀਦਾਸੀਆ ਜਿਲ੍ਹਾ ਲੁਧਿਆਣਾ। ਖੜਕੂ ਮੱਲ ਜਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜਿਲਾ ਮਿਟਗੁੰਮਰੀ, ਹਰਦਿਆਲ ਡਲਹੌਜ਼ੀ।

ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ:

ਪਹਿਲਾ ਮਤਾ- ਆਦਿਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।

ਦੂਜਾ- ਮੰਡਲ ਵੱਖਰੇ ਚੋਣ ਕਰਤਾ ਪ੍ਰਣਾਲੀ ਦੇ ਪੱਖ ਵਿਚ ਹੈ। ਅਤੇ ਸੰਯੁਕਤ ਚੋਣ ਕਰਤਾ ਪ੍ਰਣਾਲੀ ਦੇ ਸਖਤ ਵਿਰੁਧ ਹੈ।

ਤੀਜਾ ਮਤਾ- ਰਾਜਾ ਮੁੰਜੇ ਪੈਕਟ ਦੀ ਸਖਤ ਵਿੌਰਧਤਾ ਕਰਦੇ ਹਾਂ।

ਚੌਥਾ ਮਤਾ: ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ।ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।

ਪੰਜਵਾਂ ਮਤਾ- ਹਿੰਦੂਵਾਦ, ਦਇਆਨੰਦ ਦਲਿਤ ਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ। ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ। ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੋਰ ਨੂੰ 31 ਮਾਰਚ, 1932 ਨੂੰ ਲਿਖਿਆ।

ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉਪਰ ਖੱਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ ਉਸੋਂਹੰ''' ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ:

1. ਆਦਿ ਧਰਮੀਆਂ ਦੇ ਖੁੱਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।
2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।
3 ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।
4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।
5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦਿ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੋ ਸਭ ਮੰਨ ਲਉ ਬੁੱਢੇ ਅਤੇ ਜੁਆਨ।

### ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੋਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਪੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜ਼ਾਤੀਆਂ ਵਲੋ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂ ਰਿਸ਼ਿ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ ਉਵੱਖਰੇ ਚੋਣ ਖੇਤਰ ਪ੍ਰਨਾਲੀ" ਸ਼ਏਪਓਰਓਟਏ ਓਲਏਚਟੋਰਓਟਏ ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡਿਪਰੈਸਡ ਕਲਾਸਿਜ਼ (Depressed Classes) ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋ ਆਦਿ-ਧਰਮ ਲਿਅਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾਂ ਬਾਰੇ ਲਿਖਿਆ ਹੈ ਕਿ ਇਹ ਜੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ ਇਹ ਤਰੱਕੀ ਸਿਰਫ 5 ਸਾਂਲਾ ਵਿੱਚ ਹੋਈ ਕਿਉਕਿ 1925 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜ਼ਾਇਦਾਦ ਆਦਿ ਨਹੀਂ ਸੀ । ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੋ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਗੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀ ਉਜਦੋ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ। ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੁੱਲ ਰੋਡ ਲਾਹੌਰ) ਤੋਂ ਇਸ ਪਿੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆ ਗਿਆ।

ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ , ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

### ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ. ਐਚ. ਡੀ. ਬਾਰ ਐਟ ਲਾਅ, ਐਮ. ਐਲ. ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ:- "ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪਣੇ ਵਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ। ਤੁਸੀਂ ਇਹ ਜਾਣਕੇ ਹੈਰਾਨ ਹੋਵੋਂਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ ਕਰਵਾ ਸਕਦਾ। ਧੋਬੀ ਸਾਡੇ ਕਪੜੇ ਨਹੀਂ ਧੋਂਦਾ। ਨਾਈ ਸਾਡੀ ਹਜ਼ਾਮਤ ਨਹੀਂ ਕਰ ਸਕਦਾ। ਝਿਉਰ ਸਾਡਾ ਪਾਣੀ ਨਹੀਂ ਭਰਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਝ ਨਹੀਂ ਹੈ। ਭੂਮੀ ਇੰਤਕਾਲ ਆਰਜੀ ਐਕਟ ਨੇ ਡ੍ਰਿਰੈਸਡ ਕਲਾਸਿਜ਼ ਦੀ ਹਾਲਤ ਨਾਜੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਸਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀ ਖੁਸ਼ੀ-ਖੁਸ਼ੀ ਜਕੀਨ ਕਰਦੇ ਹਾਂ ਕਿ ਆਪਦੇ ਹੱਥਾਂ ਵਿੱਚ ਸਾਡੇ ਹੱਕ ਸੁਰੱਖਿਆਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੈ ਧਿਆਨ ਨਾਲ ਗੌਰ ਕਰੋਗੇ ਕਿਉਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਪਿੰਅਨ ਵਜੋਂ ਸੁਨੈਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

### ਸੱਤਵੀ ਸਲਾਨਾ ਕਾਨਫਰੰਸ 1932 ਈ:

18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਾਹਾਤਮਾ ਰਾਮ ਅਜਾਦ ਮਿਸ਼ਨਰੀ ਜਿਲ੍ਹਾ ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵਲੋ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ ਉ ਧਾਰਮਿਕ ਗੀਤਾ ਅਤੇ ਭਾਸ਼ਨਾ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਂਮਾ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਨਾਲੀ ਦੇ ਵਿੱਚਕਾਰ ਪ੍ਰਗਟ ਕੀਤੀ।"

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜੋਰ ਦੇਣ ਵਾਲੇ ਭਾਸ਼ਨ

**(ਬਾਕੀ ਅਗਲੇ ਸਫੇ ਤੇ)**



# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁੱਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਬੀਬੀ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ , ਮਹਾਤਮਾ ਸੰਤ ਰਾਮ ਆਜ਼ਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ: ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋਲੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜਾਨਚੀ, ਸ਼੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜਿਲ੍ਹਾ ਹੁਸ਼ਿਆਰਪੁਰ, ਸ਼੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ। ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੌਦਾਂ ਮਤੇ ਪਾਸ ਕੀਤੇ-ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1 ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।

2 ਹਰ ਜਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।

3 ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।

4 ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।

5 ਵਿਧਾਨ ਪ੍ਰੀਸ਼ਦਾਂ, ਜਿਲ੍ਹਾ ਬੋਰਡਾਂ ਅਤੇ ਮਿਉਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿ-ਯੁਕਤੀਆਂ ਦੇਣ ,ਸਰਕਾਰ ਵਲੋਂ ਡਿਪ੍ਰੈਸਿਡ ਕਾਲਸਿਜ਼ ਦੀ ਫੌਜ਼ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਜੋਂ ਮਾਨਤਾ ਦੇਣਾ ਆਦਿ ਮਤੇ ਪਤਾ ਕੀਤੇ।

### ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ

27 ਅਤੇ 28 ਅਗੱਸਤ 1932 ਨੂੰ ਬਾਬੂ ਚੁੰਨੀ ਲਾਲ ਥਾਂਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅੱਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦ ਧਰਮ ਮੰਡਲ, ਪੰਜਾਬ ਵਲੋਂ ਡਿਸਪ੍ਰੈਸਡ ਕਲਾਸਿਜ਼ ਨੂੰ ਬਣਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ ਪੂਰਨ ਸਮੱਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀ ਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।

ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਜ਼ ਵਲੋ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇੰਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸਵਿਧਾਨ ਵਿੱਚ ਡ੍ਰਿਰੈਸਡ ਕਲਾਸਜ਼ਿ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਅ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੂਨੀ ਲਾਲ ਥਾਪਰ ਨੂੰ ਪੰਜਾਬ ਦੇ ਡ੍ਰਿਰੈਸਡ ਕਲਾਸਿਜ਼ ਵਲੋ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

### ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 'ਚ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ ।

1. ਪਹਿਲੀ ਮੰਗ- ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਿਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ , ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. ਦੂਜੀ ਮੰਗ- ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ 'ਵੱਖਰੇ ਚੋਣ ਖੇਤਰ ਪ੍ਰਬੰਧ' ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਅਛੂਤ ਨਹੀਂ ਹਨ''। ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸ਼ੁਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੁਸੂਚਿਤ ਜਾਤੀਆਂ ਦੀ ਲਿਸਟ ਤੋਂ ਸਤੁੰਸ਼ਟ ਹਾਂ।

3. ਤੀਜੀ ਮੰਗ – ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ।ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੂ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ਼ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ , ਉਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ''। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸ਼ੁੱਧੀਕਰਣ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. ਚੌਥੀ ਮੰਗ –ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ 'ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾ ਦੇ ਦਬਾਅ ਥੱਲੇ ਹਨ। ਇਸ ਤਰਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇਦਗੇ ਭੇਜਣ ਵਿੱਚ ਸਫਲ ਨਹੀ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਈਸਾਇਆਂ ਅਤੇ ਮੁਸਲਮਾਨਾ ਵਿੱਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕਤਿਾ ਜਾਵੇ।

5. ਪੰਜਵੀਂ ਮੰਗ:- ਸਾਡੇ ਲੋਕ ਗਰੀਬ ਹਨ ਇਸ ਲਈ ਪੜੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਖੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਜ ਦੀਆ ਵੋਟਾ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ , ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾ ਹਨ।

ਇਸ ਪੱਤਰ ਤੇ The Punjab Ad-Dharmi (Depressed Casses ) Federation Jalandhar City ਅੰਗਰੇਜੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜੀ ਵਿੱਚ ਛਪਿਆਂ ਹੈ (Principles)

1. To work in every way for the uplift for all Ad-Dharmi (Aborging depressed classes) of punjab generally calles Achhuts and Shudras especially.
2. To work without religious prejudge for the unity of all.
3. To obtain all political rights in cooperation with the government.
4. To keep government intouch with the true state of Ad-Dharmi's.
5. To organizes and execute by mean of publication of History Literature etc and to popularize arts and science by means of school , press and libraries .

### ਗਵਰਨਰ ਪੰਜਾਬ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ. ਆਈ., ਸੀ. ਆਈ. ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸੱਕਤਰ ਨੇ ਪੱਤਰ ਨੰ.33246 ਜਨਰਲ ਮਿਤੀ 18 ਦਿਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜਿਲਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜਿਲਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ।

ਬਾਬੂ ਨੇ ਅੱਗੇ ਲਿਖਿਆ ਕਿ ਮਿਉਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਤੇ ਮਨਮਰਜ਼ੀ ਦਾ ਟੈਕਸ ਲਾਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ , ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿਧਰਮੀਆਂ 'ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੋਂ ਆਦਿਧਰਮੀਆਂ 'ਤੇ ਕੀਤੇ ਜੁਲਮਾਂ ਲਈ ਇੰਨਕੁਆਰੀਆਂ ਕਰਵਾਉਣ ਤੇ ਵੀ ਜੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੌਕਰੀਆਂ ਵਿੱਚ ਰਿਜਰਵਰੇਸ਼ਨ ਤੇ ਜੋਰ ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂੰਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ। ਸਰਕਾਰ ਵਲੋਂ ਨਵੇ ਸਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜੀ ਵਿੱਚ ਪਾਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ /ਅੰਗਰੇਜੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿੱਚਕਾਰ ਸੋਹੰ ਲਿਖਿਆਂ ਹੋਇਆ ਹੈ।

### ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਪਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ।

ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ । ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ । ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ । ਉਸ ਸਮੇਂ ਪੇਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋਂ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ (Delimitation Committee) ਸਾਹਮਣੇ ਜੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਰਕਾਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

### ਮੁੱਖ ਮੰਤਰੀ ਨੂੰ ਰੋਸ ਪੱਤਰ

ਬਾਬੂ ਮੁਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ ਕਰਨ ਤੇ ਜਮੀਨਾਂ ਅਲਾਟ ਕੀਤੀਆ ਹਨ ਉਸੇ ਤਰਾਂ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜਿਲਾ ਹੁਸ਼ਿਆਰਪੁਰ, ਜਗਰਾਂਓ, ਪੀਰੋਂ ਦਾਖਾ, ਡੇਹਲੋਂ, ਜਿਲਾ ਲੁਧਿਆਣਾ, ਜਿਲਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ ,ਦਰੋਕਾ ਜਿਲਾ ਕਾਂਗੜਾਂ, ਮਿੰਟ-ਗੁੰਮਟੀ, ਮੁਲਤਾਨ, ਸਰਗੋਧਾ, ਸ਼ੈਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ ਉਆਦਿ ਡੰਕਾਂ ''ਬਾਬੂ ਸੰਤ ਰਾਮ ਅਜਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ ਖਜਾਨਚੀ , ਬਾਬੂ ਸੰਸਾਰ ਚੰਦ ਮਹਾਂ ਉੱਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾ ਦੇ ਨਾਮ ਤੇ ਲੀਕ ਵੱਜੀ ਹੈ) ਦੋ ਨਾਮ ਟਾਈਪ ਹਨ।

### ਗਵਰਨਰ ਪੰਜਾਬ ਨੂੰ ਯਾਦ ਪੱਤਰ

18-05-1934 ਨੂੰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾ ਦੇ ਨਾਂ ਪਤੇ ਦਿੱਤੇ ਹਨ ਜੋ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣੇ ਨਾਲ ਸਬੰਧਤ ਹਨ ।

ਇਸ ਲਈ ਸ਼ਾਰਧਾ ਐਕਟ ਨੂੰ ਜੁੰਮੇਵਾਰ ਦੱਸਿਆ। ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ , ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਦੇ। ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ। ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ । ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ।

ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਂਰਥੀਆਂ ਲਈ ਅੱਗੇ ਰੱਖੇ ਹਨ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ:
ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾਂ ਨੂੰ ਬੇਨਤੀ।

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ।

ਉਹਨਾਂ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ,
ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ''

**ਸੀ. ਐਲ ਚੁੰਬਰ**
**ਜਲੰਧਰ ਸ਼ਹਿਰ, ਪੰਜਾਬ (ਭਾਰਤ)**

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.org